# ਵਰਿਆਮ

ਤੇਈਵਾਂ ਸਾਲ

ਸਤੰਬਰ ੨੦੧੧



ਉਸਤਾਦ ਹਰਭਜਨ ਸਿੰਘ ਸੰਗੀਤ ਨਾਟਕ ਐਕਡਮੀ ਦਾ ਐਵਾਰਡ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਪਿਤ ਕਰਦੇ ਹੋਏ। ਨਾਲ ਖੜੇ ਹਨ ਪ੍ਰਸਿਧ ਰਾਗੀ ਮੋਹਨ ਸਿੰਘ, ਰਾਗੀ ਹਰਬੰਸ ਸਿੰਘ ਘੁੱਲਾ, ਗੁਰਮੁਖ ਸਿੰਘ ਲੁਹਾਰਾਂ ਅਤੇ ਹੋਰ। ਹਜ਼ੂਰੀ ਸਿੰਘ।




20/-

ਉਸਤਾਦ ਹਰਭਜਨ ਸਿੰਘ ਜੀ, ਭਾਰਤ ਦੇ ਉਪ ਰਾਸ਼ਟਰਪਤੀ ਡਾ. ਮੁਹੰਮਦ ਹਾਮਿਦ ਅਨਸਾਰੀ ਤੋਂ ਸੰਨ ੨੦੧੦ ਵਾਸਤੇ ਸੰਗੀਤ ਨਾਟਕ ਅਕੈਡਮੀ ਐਵਾਰਡ ਪ੍ਰਾਪਤ ਕਰਦੇ ਹੋਏ। ਨਾਲ ਦਿਸ ਰਹੇ ਹਨ ਭਾਰਤ ਦੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਕੁਮਾਰੀ ਸ਼ੈਲਜਾ, ਸ੍ਰੀਮਤੀ ਲੀਲਾ ਸੈਮਸਨ ਅਤੇ ਸ਼ਾਂਤਾ ਸਰਬਜੀਤ ਸਿੰਘ ਕਰਮਵਾਰ ਚੇਅਰਪਰਸਨ ਅਤੇ ਵਾਈਸ ਚੇਅਰਪਰਸਨ ਸੰਗੀਤ ਨਾਟਕ ਅਕੈਡਮੀ।

Namdhari Elibrary NamdhariElibrary@gmail.com

## ਔਰੰਗਾਬਾਦ ਮਹਾਂਰਾਸ਼ਟਰ ਵਿਚ ਸ੍ਰੀ ਰਾਮਹਰੀ ਸੱਚ ਖੰਡ ਮੰਦਿਰ ਨਾਮਧਾਰੀ ਫਾਰਮਜ਼ ਝਾਲਟਾ ਵਿਚ ਅਖੰਡ ਸ੍ਰੀ ਹਰਿਨਾਮ ਜੱਪ ਏਵਮ ਕੀਰਤਨ ਸਮਾਰੋਹ ਦੀਆਂ ਤਸਵੀਰਾਂ



ਦੀਵਾਨ ਕੀਰਤਨ ਸਮੇਂ ਸ. ਹਰਭਜਨ ਸਿੰਘ ਔਰੰਗਾਬਾਦ, ਜਥੇਦਾਰ ਗੁਰਦੀਪ ਸਿੰਘ, ਕਵੀਸ਼ਰ ਗੁਰਸੇਵਕ ਸਿੰਘ ਅਤੇ ਜੱਥਾ।



ਪ੍ਰਸਿਧ ਸ਼ਾਸਤਰੀ ਸੰਗੀਤਕਾਰ ਸ੍ਰੀ ਨਾਥ ਨੇਰਲਕਰ ਦੁਆਰਾ ਗਾਇਣ

# ਵਰਿਆਮ


ਸਤੰਬਰ-੨੦੧੧

ਜਿਲਦ-੩੬

ਅੰਕ- ੧੧



**ਸੰਪਾਦਕ**

**ਜਗਦੀਸ਼ ਸਿੰਘ 'ਵਰਿਆਮ'**

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |



**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।


**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸਮਕਾਲੀ ਮਸਲੇ ........ ੨

ਜਪੁਜੀ (ਮੂਲ ਪਾਠ ) ........ ੩

ਉਸਤਾਦ ਹਰਭਜਨ ਸਿੰਘ ਜੀ ਨੂੰ ਸੰਗੀਤ ਨਾਟਕ ਅਕੈਡਮੀ ਅਵਾਰਡ *—ਜਸਵੰਤ ਸਿੰਘ* ........ ੪

ਇਤਿਹਾਸ-ਪੁਰਖ ਬਾਬਾ ਲਹਿਣਾ ਸਿੰਘ 'ਘਰ ਜਾਖ' *—ਸੁਵਰਨ ਸਿੰਘ ਵਿਰਕ* ........ ੬

ਧੂੜ ਵਿਚਲੇ ਕਣ (੨) *—ਵਰਿਆਮ ਸਿੰਘ ਸੰਧੂ* ... ੧੪

ਇਹ ਸਰਹੱਦਾਂ ਕਿਨ੍ਹਾਂ ਲਈ ਹਨ? *—ਡਾ: ਹਰਸ਼ਿੰਦਰ ਕੌਰ, ਐਮ ਡੀ,* ........ ੧੭

ਸਿਰਜਣਾ ਅਤੇ ਸਿਰਜਣਾ-ਪ੍ਰਕ੍ਰਿਆ *—ਡਾ. ਨਰੇਸ਼* ........ ੨੧

ਮਰੇ ਨੂੰ ਜਿਊਂਦਾ ਰੱਖਣਾ ਮੁਸ਼ਕਲ ਏ ਸ. ਸੋਭਾ ਸਿੰਘ ਆਰਟਿਸਟ ਦੀ ਗੱਲ ਕੀਤੀ ਏ *—ਹਰਭਜਨ ਸਿੰਘ ਬਾਜਵਾ* ........ ੨੩

ਗ਼ਜ਼ਲ *—ਤ੍ਰੈਲੋਚਨ ਲੋਚੀ* ........ ੨੫

ਅਨਪੜ੍ਹ ਦਾਦੀ *—ਤ੍ਰੈਲੋਚਨ ਲੋਚੀ* ........ ੨੫

ਹਰਬੰਸ ਸਿੰਘ ਬਾਠ ਦੀਆਂ ਕਾਵਿ-ਰਚਨਾਵਾਂ

ਗ਼ਜ਼ਲ *—ਸੁਖਦੇਵ ਸਿੰਘ ਗਰੇਵਾਲ* ........ ੨੬

ਗੀਤ *—ਅਮਰਜੀਤ ਕੌਰ 'ਹਿਰਦੇ'* ........ ੨੬

ਗੀਤ *—ਕਰਨੈਲ ਸਿੰਘ ਅਸਪਾਲ* ........ ੨੭

ਰੁਬਾਈਆਂ *—ਪ੍ਰਿੰ. ਨਵਰਾਹੀ ਘੁਗਿਆਣਵੀ* ........ ੨੭

ਬ੍ਰਹਮਗਿਆਨ, ਭਗਤੀ ਅਤੇ ਗੁਰਬਾਣੀ *—ਸਵਾਮੀ ਬ੍ਰਹਮਦੇਵ 'ਉਦਾਸੀ'* ........ ੨੮

ਆਜ਼ਾਦੀ ਸੰਗਰਾਮ ਵਿੱਚ ਸਤੰਬਰ ਦਾ ਮਹੀਨਾ ਡਾਇਰੀ ਕੌਮੀ ਲਹਿਰ *-ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ* ........ ੩੨

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਇਤਿਹਾਸ ਦਾ ਭੰਡਾਰ *—ਡਾ. ਕਿਰਪਾਲ ਚੰਡੀਗੜ੍ਹ* ........ ੩੪

ਗੁਰੂ ਕੇ ਲੰਗਰ ਦੀ ਭਾਵਨਾ ਨੂੰ ਪਛਾਨਣ ਦੀ ਲੋੜ *—ਬੇਅੰਤ ਸਿੰਘ ਸਰਹਦੀ* ........ ੩੬

"ਤੀਆਂ ਸਾਉਣ ਦੀਆਂ ਭਾਦੋਂ ਦੇ ਮੁਕਲਾਵੇ" *—ਬਚਿੰਤ ਕੌਰ* ........ ੩੭

ਖ਼ਬਰਨਾਮਾ ........ ੪੨

ਪ੍ਰਤੀਕਿਰਿਆ ........ ੪੬





Namdhari Elibrary NamdhariElibrary@gmail.com

# ਸਮਕਾਲੀ ਮਸਲੇ

ਭਾਰਤ ਵਿਚ ਇਸ ਵੇਲੇ ਜੋ ਮਸਲਾ ਛਾਇਆ ਹੋਇਆ ਹੈ ਉਹ ਹੈ ਭ੍ਰਿਸ਼ਟਾਚਾਰ, ਕੁਰੱਪਸ਼ਨ ਦਾ। ਮਹਿੰਗਾਈ ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਦੇ ਵਿਰੁੱਧ ਸਾਰੇ ਹੀ ਬੋਲਣਗੇ। ਜਿਨ੍ਹਾਂ ਕਾਰਨ ਇਹ ਸੰਕਟ ਪੈਦਾ ਹੁੰਦੇ ਹਨ ਉਹ ਵੀ ਅੱਗੇ ਅੱਗੇ ਹੋ ਕੇ ਇਹਨਾਂ ਵਿਰੁੱਧ ਬਿਆਨਬਾਜ਼ੀ ਨਾਅਰੇਬਾਜ਼ੀ ਕਰਦੇ ਸਪੱਸ਼ਟ ਦਿਸ ਪੈਂਦੇ ਹਨ। ਇਸ ਵੇਲੇ ਦੇਸ਼ ਵਿਚ ਜੋ ਬੁਖ਼ਾਰ ਚੜ੍ਹਿਆ ਹੋਇਆ ਹੈ ਉਹ ਹੈ ਬਜ਼ੁਰਗ ਗਾਂਧੀਵਾਦੀ ਨੇਤਾ ਸ੍ਰੀ ਅੰਨਾ ਹਜ਼ਾਰੇ ਵਲੋਂ ਭੁੱਖ ਹੜਤਾਲ ਦਾ। ਇਸ ਨਾਲ ਉਹ ਇਹ ਗੱਲ ਮਨਵਾਉਣਾ ਚਾਹੁੰਦੇ ਹਨ ਕਿ ਉਹਨਾਂ ਦੀ ਟੀਮ ਵਲੋਂ ਉਲੀਕਿਆ ਲੋਕਪਾਲ ਬਿਲ ਪਾਰਲੀਮੈਂਟ ਤੋਂ ਤੁਰੰਤ ਪਾਸ ਕਰਵਾ ਕੇ ਲਾਗੂ ਕੀਤਾ ਜਾਵੇ। ਸਰਕਾਰ ਨੇ ਆਪਣਾ ਲੋਕਪਾਲ ਬਿਲ ਲੋਕ ਸਭਾ 'ਚ ਪੇਸ਼ ਕੀਤਾ ਹੈ। ਹੋਰ ਵੀ ਬਿਲਾਂ ਦੇ ਖਰੜੇ ਦੇਸ਼ ਦੇ ਸਾਹਮਣੇ ਹਨ। ਸਰਕਾਰ ਨੇ ਕਿਵੇਂ ਕੋਈ ਬਿਲ ਸਾਰੀਆਂ ਰਾਜਸੀਆਂ ਪਾਰਟੀਆਂ ਦੀ ਸਹਿਮਤੀ ਨਾਲ ਪਾਸ ਕਰਾਉਣਾ ਹੈ। ਇਹ ਉਸ ਵਾਸਤੇ ਭਾਰੀ ਸਮੱਸਿਆ ਹੈ।

ਇਹ ਸਹੀ ਹੈ ਕਿ ਭ੍ਰਿਸ਼ਟਾਚਾਰ ਕੁਰੱਪਸ਼ਨ ਦੇ ਸਾਰੇ ਰੂਪਾਂ ਤੋਂ ਲੋਕ ਦੁਖੀ ਹਨ ਭਾਵੇਂ ਕਾਰਨ ਉਹ ਆਪ ਵੀ ਹਨ ਪਰ ਪਾਰਲੀਮੈਂਟਰੀ ਲੋਕਸ਼ਾਹੀ ਵਿਚ ਮਸਲੇ ਹਲ ਕਰਦਿਆਂ ਸਮਾਂ ਲੱਗ ਹੀ ਜਾਂਦਾ ਹੈ। ਅੰਨਾ ਹਜ਼ਾਰੇ ਬਜ਼ੁਰਗ ਨੇਤਾ ਹਨ ਉਹਨਾਂ ਦੀ ਜਾਨ ਕੀਮਤੀ ਹੈ। ਪਹਿਲਾ ਫਰਜ਼ ਸਭ ਦਾ ਬਣਦਾ ਹੈ ਕਿ ਉਹਨਾਂ ਦੀ ਜਾਨ ਬਚਾਈ ਜਾਵੇ। ਸਭ ਪਾਰਟੀਆਂ ਦੇ ਨਾਲ ਨਾਲ ਅੰਨਾ ਟੀਮ ਦਾ ਵੀ ਫਰਜ਼ ਬਣਦਾ ਹੈ ਕਿ ਉਹ ਇਸ ਪਾਸੇ ਨੂੰ ਸਰਗਰਮੀ ਨਾਲ ਤੁਰਣ। ਅੰਨਾ ਹਜ਼ਾਰੇ ਵੀ ਆਪਣਾ ਹੱਠ ਤਿਆਗਣ। ਆਪਣੀ ਸਮੱਸਿਆ ਨੂੰ ਉਹ ਬਹੁਤ ਚੰਗੀ ਤਰ੍ਹਾਂ ਲੋਕਾਂ ਵਿਚ ਲੈ ਆਏ ਹਨ। ਇਸ ਮਸਲੇ ਤੇ ਜਨ-ਉਭਾਰ ਵੀ ਬਹੁਤ ਹੈ। ਇਸਦੇ ਆਧਾਰ ਤੇ ਉਹ ਆਪਣੀ ਗੱਲ ਮਨਵਾਉਣ। ਸਰਕਾਰ ਜਾਂ ਅੰਨਾ ਦੀ ਬਲੀ ਲੈਣ ਨਾਲ ਮਸਲਾ ਹਲ ਨਹੀਂ ਹੋਣਾ। ਲੋਕਪਾਲ ਦਾ ਬਿਲ ਪਾਸ ਹੋਣ ਨਾਲ ਵੀ ਭ੍ਰਿਸ਼ਟਾਚਾਰ ਪੂਰੀ ਤਰ੍ਹਾਂ ਮੁੱਕ ਨਹੀਂ ਜਾਣਾ। ਇਸਦੀਆਂ ਜੜ੍ਹਾਂ ਪਤਾਲ ਤਕ ਹਨ ਪਰ ਇਸ ਵਕਤ ਦੇ ਕਲੇਸ਼ ਤੋਂ ਲੋਕਾਂ ਨੂੰ ਕੁਝ ਰਾਹਤ ਮਿਲੇਗੀ ਜੇ ਅੰਨਾ ਜੀ ਵਰਤ ਦੀ ਜ਼ਿਦ ਸ਼ਾਨ ਨਾਲ ਤਿਆਗ ਦੇਣ। ਸਰਕਾਰਾਂ ਤਾਂ ਲੋਕ ਅਕਸਰ ਹੀ ਬਦਲ ਦਿੰਦੇ ਹਨ ਪਰ ਕਾਨੂੰਨ ਪਾਰਲੀਮੈਂਟ ਦੀ ਸਰਵਉਚਤਾ ਤਾਂ ਰੱਖਣੀ ਹੀ ਪਵੇਗੀ। ਟੀ. ਵੀ. ਰੇਡੀਓ ਇਸ ਵੇਲੇ ਬੋਲ ਬੋਲ ਕੇ ਫਾਵੇ ਹੋਏ ਪਏ ਹਨ ਪਰ ਇਹ ਬਹਿਸਾਂ ਬਹੁਤ ਸਾਰੇ ਲੋਕਾਂ ਦੀ ਸਮਝ ਤੋਂ ਪਰੇ ਹਨ ਭਾਵੇਂ ਵਕੀਲਾਂ ਦੇ ਵਾਕ ਮੈਚ ਬਹੁਤ ਸਮਾਂ ਲੈ ਰਹੇ ਹਨ।

ਅਜੀਤ ਪੰਜਾਬੀ ਦਾ ਪਰਮੁਖ ਅਖਬਾਰ ਹੈ। ਅਖਬਾਰਾਂ ਨਿਤ ਨਵੇਂ ਮਸਲਿਆਂ ਵਿਚ ਹੀ ਘਿਰੀਆਂ ਰਹਿੰਦੀਆਂ ਹਨ। ਜਿਹੋ ਜਿਹਾ ਵਾਤਾਵਰਣ ਭਾਰਤ ਦੇਸ਼ ਵਿਚ ਹੈ ਅਖਬਾਰਾਂ ਵਾਲਿਆਂ ਵਾਸਤੇ ਭਾਰੀ ਗਰਮ ਰੁਝੇਵਿਆਂ ਦੇ ਦਿਨ ਹਨ। ਪਰ ਅਜੀਤ ਦਾ ਇਕ ਕਾਰਜ ਸ਼ਾਂਤੀ ਅਤੇ ਠੰਡ ਪਹੁੰਚਣ ਵਾਲਾ ਹੈ। ਸਾਰੇ ਸੰਸਾਰ ਦਾ ਇਕ ਪੇਚੀਦਾ ਮਸਲਾ ਹੈ ਵਾਤਾਵਰਣ ਦਾ। ਇਸ ਵਲ ਬਹੁਤ ਧਿਆਨ ਨਹੀਂ ਗਿਆ। ਤਰੱਕੀ ਦੇ ਨਾਂਅ ਤੇ ਆਦਮੀ ਨੇ ਬੇਅੰਤ ਜੰਗਲਾਂ ਦਾ ਖਾਤਮਾ ਕਰ ਦਿੱਤਾ ਹੈ। ਇਹ ਰੁੱਖ ਇਸ ਸੰਸਾਰ ਨੂੰ ਜੀਵਨ ਬਖਸ਼ਦੇ ਰਹੇ ਹਨ। ਇਹ ਰੁੱਖ ਜੀਵ-ਸੰਸਾਰ ਦਾ ਹੀ ਹਿੱਸਾ ਹਨ। ਆਕਸੀਜਨ, ਛਾਂ ਫਲ ਫੁਲ ਦੇਣ ਵਾਲੇ, ਵਾਤਾਵਰਨ ਨੂੰ ਸੰਤੁਲਿਤ ਰੱਖਣ ਵਾਲੇ। ਇਹਨਾਂ ਨੂੰ ਖਤਮ ਕਰਨ ਨਾਲ ਸੰਸਾਰ ਪੱਧਰ ਤੇ ਮੌਸਮ ਬਦਲ ਗਏ ਹਨ ਗਰਮੀ ਅਤੇ ਬੀਮਾਰੀਆਂ ਵੱਧ ਗਈਆਂ ਹਨ। ਇਹਨਾਂ ਦੇ ਖਤਮ ਹੋਣ ਨਾਲ ਬੇਸ਼ੁਮਾਰ ਜੀਵ ਜੰਤੂਆਂ ਦੀ ਵੀ ਬਰਬਾਦੀ ਹੋਈ ਹੈ। ਇਹਨਾਂ ਦੀ ਸੰਭਾਲ ਲਈ ਸੰਸਾਰ ਪੱਧਰ ਤੇ ਸਰਕਾਰੀ ਅਤੇ ਗੈਰ ਸਰਕਾਰੀ ਕਾਨਫਰੰਸਾਂ ਹੋਈਆਂ ਹਨ ਪਰ ਇਹਨਾਂ ਵਿਚ ਅੜਿਕੇ ਵੀ ਆਏ ਹਨ।

ਅਜੀਤ ਅਖ਼ਬਾਰ ਨੇ ਹਰਿਆਵਲ ਵਾਸਤੇ ਅਮਲੀ ਕਦਮ ਪੁੱਟਦਿਆਂ ਲੱਖਾਂ ਦੀ ਗਿਣਤੀ ਵਿਚ ਬੂਟੇ ਪੰਜਾਬ ਵਿਚ ਲੁਆਏ ਹਨ ਅਤੇ ਹੋਰ ਲਗਵਾ ਰਹੇ ਹਨ। ਇਸ ਮੰਤਵ ਵਾਸਤੇ ਅਜੀਤ ਦਾ ਵਿਸ਼ਾਲ ਪਾਠਕ ਜਗਤ ਮਦਦ ਕਰ ਰਿਹਾ ਹੈ।

ਇਹ ਕਾਰਜ ਸਮੁੱਚੀ ਮਾਨਵਤਾ ਦੇ ਭਲੇ ਵਾਸਤੇ ਹੈ। ਮਾਨਵਤਾ ਹੀ ਨਹੀਂ ਕੁਦਰਤ ਦੀ ਵੀ ਸੇਵਾ ਹੈ ਦੂਜੇ ਅਰਥਾਂ ਵਿਚ ਰੱਬ ਦੀ ਬੰਦਗੀ ਵਰਗਾ ਹੈ। ਸੁਰਮਗਤੀ ਦਾ ਕੰਮ ਹੈ। ਇਸ ਨਾਲ ਸੰਸਾਰ ਵਿਚੋਂ ਕਲਹ ਕਲੇਸ਼ ਅਵੱਸ਼ ਘੱਟ ਹੋਵੇਗਾ। ਭਾਵੇਂ ਬਿਜਲਈ ਮੀਡੀਆ ਨੂੰ ਏਧਰ ਧਿਆਨ ਦੇਣ ਦੀ ਫੁਰਸਤ ਨਹੀਂ ਪਰ ਇਸ ਨੇਕ ਕਾਰਜ ਦਾ ਫਲ ਜ਼ਰੂਰ ਲਗੇਗਾ। ਅਸੀਂ ਅਜੀਤ ਅਤੇ ਇਸਦੇ ਸੁਹਿਰਦ ਸੰਪਾਦਕ ਆਪਣੇ ਅਜ਼ੀਜ਼ ਮਿੱਤਰ ਸ. ਬਰਜਿੰਦਰ ਸਿੰਘ ਹਮਦਰਦ ਨੂੰ ਵਧਾਈ ਦਿੰਦੇ ਹਾਂ ਅਤੇ ਲੋਕਾਂ ਨੂੰ ਬੇਨਤੀ ਵੀ ਕਰਦੇ ਹਾਂ ਕਿ ਇਸ ਕਾਰਜ ਵਿਚ ਵੱਧ ਚੜ੍ਹ ਕੇ ਹਿੱਸਾ ਪਾਵੋ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਜਪੁਜੀ

## (ਮੂਲ ਪਾਠ )

ਥਾਪਿਆ ਨਾ ਜਾਇ ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ॥
ਨਾਨਕ ਗਾਵੀਐ ਗੁਣੀ ਨਿਧਾਨੁ॥
ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰ ਹਰਿ ਸੁਖੁ ਘਰਿ ਲੈ ਜਾਇ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ॥
ਗੁਰਮੁਖਿ ਰਹਿਆ ਸਮਾਈ॥
ਗੁਰ ਈਸਰੁ ਗੁਰੁ ਗੋਰਖੁ ਬਰਮਾ
ਗੁਰੁ ਪਾਰਬਤ ਮਾਈ॥
ਜੇ ਹਉ ਜਾਣਾ ਆਖਾ ਨਾਹੀ
ਕਹਣਾ ਕਥਨੁ ਨਾ ਜਾਈ॥
ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈਂ ਵਿਸਰਿ ਨਾ ਜਾਈ॥੫॥

## ਉਰਦੂ ਵਿੱਚ ਤਰਜਮਾ :

## ਖਵਾਜਾ ਦਿਲ ਮੁਹੰਮਦ

### ਪਉੜੀ '੫'

ਕੌਣ ਕਰੇ ਬੁੱਤ ਕਾਇਮ ਉਸਕਾ ਕੌਣ ਬਨਾਨੇ ਵਾਲਾ ਹੈ
ਆਪ ਸੇ ਆਪ ਨਿਰੰਜਨ ਹੈ ਵਹੁ ਇਸ ਮਾਯਾ ਸੇ ਬਾਲਾ ਹੈ
ਜੋ ਪੂਜੇ ਹੈ ਮਾਨ ਉਸੀ ਕਾ ਪੂਜਾ ਮਾਨ ਕਾ ਜ਼ੀਨਾ ਹੈ
ਹਮਦ ਕਰ ਉਸ ਕੀ ਨਾਨਕ ਜੋ ਸਭ ਵਸਫੋਂ ਕਾ ਗੁੰਜੀਨਾ ਹੈ
ਹਮਦ ਭੀ ਕਰ ਤੂ ਹਮਦ ਭੀ ਸੁਨ ਜਬ ਮਨ ਮੇਂ ਪਰੇਮ ਬਸਾਏਗਾ
ਗੁਰ ਕੀ ਬਾਤੋਂ ਨਾਦ ਸਮਝ ਲੇ ਗੁਰ ਕੀ ਬਾਤੋਂ ਵੇਦ ਸਮਝ
ਗੁਰਮੁਖ ਮੇਂ ਵਹੁ ਆਪ ਸਮਾਇਆ ਗੁਰਮੁਖ ਕਾ ਯਹ ਭੇਦ ਸਮਝ
ਈਸ਼ਰ ਵਿਸ਼ਨੂੰ ਬਰਹਮਾ ਤੀਨੋਂ ਮਜ਼ਹਰ ਗੁਰ ਕੀ ਕੁਦਰਤ ਕੇ
ਸਰਸਤੀ ਲਛਮੀ ਪਾਰਬਤੀ ਸਭ ਨਾਮ ਹੈਂ ਗੁਰ ਕੀ ਕੁਵਤ ਕੇ
ਜਾਨੋਂ ਭੀ ਗਰ ਉਸ ਕੀ ਬਾਤੋਂ ਕਿਉਂਕਰ ਖੋਲ੍ਹ ਸੁਣਾਊਂ ਮੈਂ
ਕਿਓਂਕਰ ਬਾਤ ਬਤਾਊਂ ਉਸ ਕੀ ਲਫ਼ਜ਼ ਕਹਾਂ ਸੇ ਲਾਊਂ ਮੈਂ
ਐ ਗੁਰ ਮੁਝ ਕੋ ਗਿਆਨ ਅਤਾ ਕਰ ਏਕ ਅਹਿਦ ਕੋ ਪਾਊਂ ਮੈਂ
ਸਭ ਦੁਨੀਆ ਕਾ ਏਕ ਹੀ ਦਾਤਾ ਉਸ ਕੋ ਭੂਲ ਨਾ ਜਾਊਂ ਮੈਂ

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥
ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ॥ ੬॥

### ਪਉੜੀ ੬

ਤੀਰਥ ਕਾ ਇਸ਼ਨਾਨ ਯਹੀ ਹੈ ਆਪਣੇ ਰੱਬ ਕੇ ਭਾਊਂ ਮੈਂ
ਰੱਬ ਕੋ ਆਪ ਨਾ ਭਾਊਂ ਮੈਂ ਤੋਂ ਤੀਰਥ ਖਾਕ ਨਹਾਊਂ ਮੈਂ
ਜੋ ਜੋ ਮਖਲੂਕਾਤ ਹੁਈ ਸਭ ਮੈਂ ਨੇ ਦੇਖੀ ਭਾਲੀ ਹੈ
ਅੱਛੇ ਕਰਮ ਨਾ ਹੋ ਜਬ ਪੱਲੇ ਹਾਥ ਜਨਾ ਸੇ ਖਾਲੀ ਹੈ
ਹੀਰੇ ਲਾਲ ਜਵਾਹਰ ਸਭ ਦਾਨਸ਼ ਮੇਂ ਅਪਨੀ ਪਾਏ ਤੂ
ਗੁਰ ਕੀ ਏਕ ਹਦਾਇਤ ਸੁਨ ਕਰ ਕਾਮ ਮੇ ਜਬ ਲੇ ਆਏਂ ਤੂ
ਐ ਗੁਰ ਮੁਝ ਕੋ ਗਿਆਨ ਅਤਾ ਕਰ ਏਕ ਅਹਿਦ ਕੋ ਪਾਊਂ ਮੈਂ
ਸਬ ਦੁਨੀਆ ਕਾ ਏਕ ਹੀ ਦਾਤਾ ਉਸ ਕੋ ਭੂਲ ਨਾ ਜਾਊਂ ਮੈ

ਜਪੁਜੀ ਸਾਹਿਬ ਪਾਠ ਦੇ ਅਨੇਕਾਂ ਤਰਜਮੇ (ਅਨੁਵਾਦ) ਹੋ ਚੁੱਕੇ ਹਨ। ਇਹ ਤਰਜਮਾ ਉਰਦੂ ਕਵਿਤਾ ਵਿਚ ਹੈ। ਇਸ ਲਿਪੀਅੰਤਰ ਵਿਚ ਕੋਈ ਨਾ ਕੋਈ ਫਰਕ ਰਹਿ ਜਾਣਾ ਸੁਭਾਵਕ ਹੋ ਸਕਦਾ ਹੈ। ਇਥੇ ਛਾਪਣ ਦਾ ਮੰਤਵ ਇਕ ਹੈ ਕਿ ਦੇਸ਼ ਵੰਡ ਤੋਂ ਪਹਿਲਾ ਦੀ ਇਸ ਪਰਸਿਧ ਕ੍ਰਿਤ ਨੂੰ ਸੰਭਾਲ ਲੈਣਾ। ਸੋ ਭੁਲ ਚੁੱਕ ਦੀ ਖਿਮਾ ਯਾਚਨਾ ਪਹਿਲਾਂ ਹੀ ਹੈ— ਸੰਪਾਦਕ



Namdhari Elibrary NamdhariElibrary@gmail.com

# ਉਸਤਾਦ ਹਰਭਜਨ ਸਿੰਘ ਜੀ ਨੂੰ ਸੰਗੀਤ ਨਾਟਕ ਅਕੈਡਮੀ ਅਵਾਰਡ

—ਜਸਵੰਤ ਸਿੰਘ



ਉਸਤਾਦ ਹਰਭਜਨ ਸਿੰਘ

ਜੁਲਾਈ ਮਹੀਨੇ ਵਿਚ ਮੈਨੂੰ ਦੋ ਸਮਾਗਮਾਂ ਤੇ ਜਾਣ ਦਾ ਮੌਕਾ ਮਿਲਿਆ। ਕੇਂਦਰੀ ਸਰਕਾਰ ਦੇ ਅਦਾਰੇ "ਭਾਰਤੀ ਸੰਗੀਤ ਨਾਟਕ ਅਕੈਡਮੀ' ਦੇ ੨੨ ਤੋਂ ੩੧ ਜੁਲਾਈ ੨੦੧੧ ਤਕ ਸਮਾਗਮ ਸਨ।

੨੨ ਤਾਰੀਖ ਨੂੰ ਸਾਰੇ ਭਾਰਤ ਵਿਚੋਂ ਵੱਖ-ਵੱਖ ਕਲਾਵਾਂ ਵਿਚ ਚੁਣੇ ਗਏ ਕਲਾਕਾਰਾਂ ਲਈ ਇਨਾਮ ਵੰਡ ਦਾ ਪ੍ਰੋਗਰਮ ਸੀ। ਇਹ ਸੀ ਸੰਗੀਤ ਨਾਟਕ ਅਕੈਡਮੀ ਐਵਾਰਡਜ਼ ੨੦੧੦।

ਹਿੰਦੁਸਤਾਨ ਭਰ ਵਿਚੋਂ ੩੮ ਹਸਤੀਆਂ ਚੁਣੀਆਂ ਗਈਆਂ ਜਿਨ੍ਹਾਂ ਵਿਚ ਪੰਜਾਬ ਦੇ ਸਨ ਡਾ. ਆਤਮਜੀਤ (ਨਾਟਕ ਲੇਖਣ ਤੇ ਨਿਰਦੇਸ਼ਨ) ਪੰਡਿਤ ਯਸ਼ਪਾਲ (ਹਿੰਦੁਸਤਾਨੀ ਕਲਾਸੀਕਲ ਗਾਇਣ) ਤੇ ਉਸਤਾਦ ਹਰਭਜਨ ਸਿੰਘ (ਗੁਰਬਾਣੀ ਕੀਰਤਨ ਤੇ ਸਿਖਿਅਕ)।

ਦਿਲੀ ਦੇ ਕਮਾਨੀ ਆਡੀਟੋਰੀਅਮ ਵਿਚ ਇਸ ਪ੍ਰੋਗਰਾਮ ਨੂੰ ਆਯੋਜਿਤ ਕੀਤਾ ਗਿਆ ਪ੍ਰੋਗਰਾਮ ਬੜਾ ਸ਼ਾਨੋ ਸ਼ੌਕਤ ਵਾਲਾ ਸੀ ਜਿਸਨੂੰ ਬੜੇ ਸੁਚਾਰੂ ਢੰਗ ਨਾਲ ਪੇਸ਼ ਕੀਤਾ ਗਿਆ। ਸਟੇਜ ਦੇ ਸਾਹਮਣੇ ਖੱਬੇ ਹੱਥ ਐਵਾਰਡੀਆਂ ਲਈ ਰਾਖਵੀਆਂ ਸੀਟਾਂ ਸਨ ਤੇ ਹਰ ਇਕ ਤੇ ਐਵਾਰਡੀ ਦੇ ਨਾਮ ਦਾ ਪਰਚਾ ਲੱਗਾ ਹੋਇਆ ਸੀ। ਸੱਜੇ ਪਾਸੇ ਬਾਕੀ ਸਾਰੇ ਮਹਿਮਾਨਾਂ ਲਈ ਸੀਟਾਂ ਸਨ ਤੇ ਹਾਲ ਲਗਭਗ ਭਰਿਆ ਹੋਇਆ ਸੀ। ਠੀਕ ੬.੦੦ ਵਜੇ ਸ਼ਾਮ ਭਾਰਤ ਦੇ ਉਪ ਰਾਸ਼ਟਰ ਪਤੀ ਮਹਾਂ ਮਹਿਮ ਡਾ. ਮੁਹੰਮਦ ਹਾਮਿਦ ਅਨਸਾਰੀ ਜੀ ਪਧਾਰੇ। ਉਹਨਾਂ ਨਾਲ ਹੋਰ ਮਹਿਮਾਨਾਂ ਤੋਂ ਇਲਾਵਾ ਕੇਂਦਰੀ ਕਲਚਰ ਮਨਿਸਟਰ ਕੁਮਾਰੀ ਸ਼ੈਲਜਾ ਜੀ ਵੀ ਆਏ ਸਨ। ਸਭ ਤੋਂ ਪਹਿਲਾਂ ਅਕੈਡਮੀ ਦੀ ਚੇਅਰਪਰਸਨ ਸ੍ਰੀਮਤੀ ਲੀਲਾ ਸੈਮਸਨ ਨੇ ਉਹਨਾਂ ਨੂੰ ਜੀ ਆਇਆਂ ਆਖਿਆ। ਇਸਤੋਂ ਬਾਅਦ ਕੁਮਾਰੀ ਸ਼ੈਲਜਾ ਜੀ ਨੇ ਅਕੈਡਮੀ ਦੀਆਂ ਕਾਰਵਾਈਆ ਬਾਰੇ ਤਕਰੀਰ ਕੀਤੀ ਤੇ ਇਸ ਤੋਂ ਬਾਅਦ ਇਨਾਮ ਵੰਡ ਦਾ ਸਿਲਸਿਲਾ ਸ਼ੁਰੂ ਹੋਇਆ। ਸ੍ਰੀ ਜਯੰਤ ਕੌਸਤੁਆਰ (ਸੈਕਟਰੀ ਸੰਗੀਤ ਨਾਟਕ ਅਕੈਡਮੀ) ਸਭ ਮਹਾਨੁਭਾਵਾਂ ਦੇ ਵਾਰੀ ਵਾਰੀ ਨਾਮ ਲੈ ਰਹੇ ਸਨ ਤੇ ਉਹ ਸਟੇਜ ਤੇ ਜਾ ਕੇ ਉਪਰਾਸ਼ਟਰਪਤੀ ਜੀ ਕੋਲੋਂ ਅਪਨਾ ਪੁਰਸਕਾਰ ਪ੍ਰਾਪਤ ਕਰ ਰਹੇ ਸਨ ਜਿਸ ਵਿਚ ਸ੍ਰੀਮਤੀ ਗਿਰਜਾ ਦੇਵੀ (ਗਾਇਣ) ਸ੍ਰੀ ਨਟਰਾਜਾ ਰਾਮਾਕ੍ਰਿਸ਼ਨਾ (ਟਰੈਡੀਸ਼ਨਲ ਨ੍ਰਿਤ ਆਂਧਰਾ) ਉ. ਰਹੀਮ ਫਹੀਮੁਦੀਨ ਖਾਂ ਡਾਗਰ (ਧਰੁਪਦ ਗਾਇਣ) ਸ੍ਰੀ ਥਾਨੂ ਕ੍ਰਿਸ਼ਨਾਮੂਰਥੀ (ਮ੍ਰਿਦੰਗਮ) ਨੂੰ ਫੈਲੋਸ਼ਿਪ ਪ੍ਰਦਾਨ ਕੀਤੀ ਗਈ ਇਨ੍ਹਾਂ ਚੌਹਾਂ ਨੂੰ ਤਿੰਨ ਤਿੰਨ ਲੱਖ ਰੁਪਏ ਦਾ ਚੈੱਕ, ਤਾਮਰ ਪੱਤਰ ਤੇ ਅੰਗਵਸਤਰ (ਸ਼ਾਲ) ਭੇਟ ਕੀਤਾ ਗਿਆ ਤੇ ਬਾਕੀ ਸਭ ਕਲਾਕਾਰਾਂ ਨੂੰ ਇਕ ਇਕ ਲੱਖ ਰੁਪਏ ਦਾ ਚੈਕ ਤਾਮਰ ਪੱਤਰ ਤੇ ਅੰਗਵਸਤ੍ਰ ਭੇਟ ਕੀਤੇ। ਇਸ ਤੋਂ ਬਾਅਦ ਉਪ ਰਾਸ਼ਟਰਪਤੀ ਜੀ ਨੇ ਤਕਰੀਰ ਕੀਤੀ। ਬਾਕੀ ਸਭ ਗੱਲਾਂ ਤੋਂ ਇਲਾਵਾ ਉਨ੍ਹਾਂ ਖਾਸ ਗਲ ਇਹ ਦੱਸੀ ਕਿ ਸੰਗੀਤ ਨਾਟਕ ਅਕੈਡਮੀ ਸਾਡੇ ਹਿੰਦੁਸਤਾਨ ਦੇ ਸਭ ਤੋਂ ਪਹਿਲੇ ਵਿਦਿਆ ਮੰਤਰੀ ਸ੍ਰੀ ਮੌਲਾਣਾ ਅਬੁਲ ਕਲਾਮ 'ਆਜ਼ਾਦ' ਨੇ ਸੰਨ ੧੯੫੩ ਵਿਚ ਸ਼ੁਰੂ ਕੀਤੀ ਸੀ। ਆਖਿਰ ਵਿਚ ਅਕੈਡਮੀ ਦੀ ਵਾਇਸ ਚੇਅਰਪਰਸਨ ਸ੍ਰੀਮਤੀ ਸ਼ਾਂਤਾ ਸਰਬਜੀਤ ਸਿੰਘ ਨੇ ਉਪ ਰਾਸ਼ਟਰਪਤੀ ਜੀ, ਕੁਮਾਰੀ ਸ਼ੈਲਜਾ ਜੀ ਤੇ ਹੋਰ ਸਭ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਹ ਸਾਰਾ ਕਾਰਜ ਕ੍ਰਮ ੭.੦੦ ਵਜੇ ਤਕ ਸਮਾਪਤ ਹੋ ਗਿਆ ਤੇ ਮੁੱਖ ਮਹਿਮਾਨ ਰੁਖਸਤ ਹੋ ਗਏ। ਅੰਤ ਤੇ ਗਿਰਜਾ ਦੇਵੀ ਦਾ ਸੁਰੀਲਾ ਗਾਇਨ ਸ਼ੁਰੂ ਹੋਇਆ। ਘੰਟਾ ਭਰ ਉਨ੍ਹਾਂ ਨੇ ਖਿਆਲ ਅਤੇ ਠੁਮਰੀ ਗਾਇਣ ਪੇਸ਼ ਕੀਤਾ ਉਨ੍ਹਾਂ ਦੀ ਤਬੀਅਤ ਕੁਝ ਨਾਸਾਜ਼ ਸੀ ਬੁਖਾਰ ਕਾਰਨ ਤੇ ਬਾਕੀ ਉਮਰ ਦਾ ਤਕਾਜ਼ਾ ਵੀ ਸੀ ਪਰ ਫਿਰ ਵੀ ਉਸ ਨਾਮਵਰ ਹਸਤੀ ਨੇ ਲੋਕਾਂ ਨੂੰ ਇਕ ਘੰਟਾ ਬੰਨ੍ਹੀ ਰੱਖਿਆ। ਇਸ ਤੋਂ ਬਾਦ ਖਾਸ ਸੱਦੇ ਮਹਿਮਾਨਾਂ ਲਈ ਤੇ ਕਲਾਕਾਰਾਂ ਲਈ ਨਾਲ ਹੀ ਮੇਘਦੂਤ ਹਾਲ ਵਿਚ ਚੇਅਰਪਰਸਨ ਵਲੋਂ ਪ੍ਰੀਤੀ ਭੋਜਨ ਦਾ ਪ੍ਰਬੰਧ ਸੀ।



ਜਸਵੰਤ ਸਿੰਘ

ਇਸ ਪ੍ਰੋਗਰਾਮ ਵਿਚ ਹੋਰ ਨਾਮਧਾਰੀ ਸੰਗਤ ਤੋਂ ਇਲਾਵਾ ਉ. ਅਮਜਦ ਅਲੀ ਖਾਨ, ਸ੍ਰੀਮਤੀ ਸ਼ੁਭ ਲਕਸ਼ਮੀ ਖਾਨ, ਸ. ਹਰਵਿੰਦਰ ਸਿੰਘ ਹੰਸਪਾਲ, ਸ੍ਰੀ ਸਾਧੂ ਸਿੰਘ ਕਿਸਾਨ, ਮਾ. ਅਮਰੀਕ ਸਿੰਘ, ਸ. ਗੁਰਭੇਜ ਸਿੰਘ ਗੁਰਾਇਆ (ਪਬਲਿਕ ਪ੍ਰੋਸੀਕਿਊਟਰ ਦਿੱਲੀ ਸਟੇਟ) ਸ. ਸਰਬਸ਼ਕਤੀਮਾਨ ਸਿੰਘ (ਵਰਤਮਾਨ ਹਿੰਦੁਸਤਾਨ) ਆਦਿ ਨੇ ਵੀ ਸ਼ਿਰਕਤ ਕੀਤੀ। ਮਾਸਟਰ ਅਮਰੀਕ ਸਿੰਘ ਜੀ ਤਾਂ ਆਪਣੇ ਵਿਦਿਆਰਥੀ ਹਰਭਜਨ ਸਿੰਘ ਨੂੰ ਐਵਾਰਡ ਮਿਲਣ ਤੇ ਫੁਲੇ ਨਹੀਂ ਸਮਾਂ ਰਹੇ



Namdhari Elibrary NamdhariElibrary@gmail.com

ਸਨ।

ਦੂਸਰਾ ਸਮਾਗਮ ੨੪ ਜੁਲਾਈ ੨੦੧੧ ਨੂੰ ਸਵੇਰੇ ੧੦.੦੦ ਵਜੇ ਸ਼ੁਰੂ ਹੋਇਆ ਜਿਸ ਵਿਚ ਉ. ਹਰਭਜਨ ਸਿੰਘ ਦਾ ਗੁਰਬਾਣੀ ਕੀਰਤਨ ਸੀ ਅਤੇ ਇਹਨਾਂ ਦੇ ਸਾਥੀ ਸਨ ਸ੍ਰੀ ਬਲਵੰਤ ਸਿੰਘ, ਸੁਖਦੇਵ ਸਿੰਘ, ਜੋੜੀ ਤੇ ਅਜੈਪਾਲ ਸਿੰਘ, ਤਾਰ ਸ਼ਹਿਨਾਈ ਤੇ ਸਨ ਗੁਰਬਖਸ਼ ਸਿੰਘ (ਇੰਗਲੈਂਡ)। ਸਭ ਤੋਂ ਪਹਿਲਾਂ ਸ਼ਬਦ ਰਾਗ ਬਿਲਾਵਲ ਦਾ 'ਕੋਊ ਹਰਿ ਸਮਾਨ ਨਹੀਂ ਰਾਜਾ' ਪੰਚਮ ਸਵਾਰੀ, ਤਿੰਨ ਤਾਲ ਤੇ ਦਰੁਤ ਤਿੰਨ ਤਾਲ ਵਿਚ ਗਾਇਆ। ਦੂਸਰਾ ਸ਼ਬਦ ਰਾਗ ਬਿਲਾਵਲ ਵਿਚ ਹੀ ਇਕਤਾਲ 'ਸਖੀਏ ਨਾਮ ਮਹਾਰਸ ਪੀਉ' ਸੀ। ਇਸਤੋਂ ਬਾਅਦ ਉਸਤਾਦ ਜੀ ਨੇ ਰਾਗ ਮਲਾਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਸ਼ਬਦ 'ਕਹੂੰ ਗੀਤ ਕੇ ਗਵੱਯਾ ਕਹੂੰ ਬੇਨ ਕੇ ਬਜੱਯਾ' ਪੇਸ਼ ਕੀਤਾ। ਇਸ ਬਾਰੇ ਉਨ੍ਹਾਂ ਦੱਸਿਆ ਕਿ ਸ਼ਾਸਤਰ ਅਨੁਸਾਰ ਧਰੁਪਦ ਚਾਰ ਹਿੱਸਿਆਂ ਵਿਚ ਗਾਇਆ ਜਾਂਦਾ ਹੈ ਸਥਾਈ, ਅੰਤਰਾ, ਸੰਚਾਰੀ ਤੇ ਅਭੋਗ। ਗੁਰਬਾਣੀ ਦੀਆਂ ਟਕਸਾਲੀ ਰੀਤਾਂ ਇਚ ਇਵੇਂ ਹੀ ਨਿਰਵਾਹ ਹੈ ਜਦੋਂ ਕਿ ਆਮ ਧਰੁਪਦ ਗਾਇਕ ਅਲਾਪ ਜੋੜ ਤੋਂ ਬਾਅਦ ਸਥਾਈ ਤੇ ਅੰਤਰਾ ਹੀ ਗਾਉਂਦੇ ਹਨ। ਬਾਅਦ ਵਿਚ ਦੋ ਚੀਜ਼ਾਂ ਹੋਰ ਪੇਸ਼ ਕੀਤੀਆਂ ਗਈਆਂ। ਇਕ ਸਾਉਣ ਦਾ ਮਹੀਨਾ ਹੋਣ ਕਰਕੇ ਸਾਵਣ ਸਰਸ ਮਨਾ ਘਨ ਵਰਸਹਿ ਰੁਤਿ ਆਏ ਤੇ ਦੂਸਰੀ ਬਹੁਤ ਹੀ ਅਦਭੁਤ ਬੰਦਿਸ਼ 'ਹਰਿ ਕੀ ਗਤਿ ਨਹਿ ਕੋਊ ਜਾਨੈ' ਸੂਲ ਤਾਲ ਤੇ ਇਕ ਤਾਲ ਵਿਚ ਗਾਈ। ਸਾਰਾ ਪ੍ਰੋਗਰਾਮ ਇਕ ਘੰਟੇ ਵਿਚ ਸੰਪੰਨ ਹੋਇਆ। ਸਾਰੇ ਜਥੇ ਦੀ ਮਿਲਤ ਬਹੁਤ ਉਤਮ ਦਰਜੇ ਦੀ ਸੀ। ਸਾਰੇ ਸ੍ਰੋਤੇ ਮੰਤ੍ਰ ਮੁਗਧ ਸਨ। ਮੇਰੇ ਖਿਆਲ ਵਿਚ ਤਾਂ ਕਈਆਂ ਨੇ ਐਸੀਆਂ ਰੀਤਾਂ ਸ਼ਾਇਦ ਪਹਿਲੀ ਵਾਰ ਹੀ ਸੁਣੀਆਂ ਹੋਣਗੀਆਂ। ਅੱਜ ਦੇ ਸਮਾਗਮ ਵਿਚ ਭਾਈ ਬਲਦੀਪ ਸਿੰਘ (ਮੈਂਬਰ ਸੰਗੀਤ ਨਾਟਕ ਅਕੈਡਮੀ ਅਵਾਰਡੀ ਕਮੇਟੀ) ਮਾ. ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ, ਸ. ਗੁਰਭੇਜ ਸਿੰਘ ਗੁਰਾਇਆ, ਸ. ਭੁਪਿੰਦਰ ਸਿੰਘ ਚਾਵਲਾ ਸਮੇਤ ਪਰਿਵਾਰ ਡਾ. ਅਜੀਤ ਸਿੰਘ ਪੈਂਤਲ ਬਹੁਤ ਸਾਰੇ ਨਾਮਧਾਰੀ ਸੱਜਣ ਤੇ ਹੋਰ ਸ੍ਰੋਤੇ ਪਧਾਰੇ ਹੋਏ ਸਨ ਅਧਿਕਾਰੀ ਗਣਾਂ ਵਿਚ ਸ੍ਰੀਮਤੀ ਸ਼ਾਂਤਾ ਸਰਬਜੀਤ ਸਿੰਘ, ਜਯੰਤ ਕੌਸਤੁਅਰ, ਰੀਤਾ ਸਵਾਮੀ ਚੌਧਰੀ ਆਦਿ ਸਨ ਇਸ ਪ੍ਰੋਗਰਾਮ ਦਾ ਸੰਚਾਲਨ ਪ੍ਰਸਿੱਧ ਅਨਾਊਂਸਰ ਸਾਧਨਾ ਸ੍ਰੀਵਾਸਤਵ ਕਰ ਰਹੀ ਸੀ। ਉਸਤਾਦ ਜੀ ਸਫੈਦ ਵਸਤਰਾਂ ਵਿਚ ਜਥੇ ਸਮੇਤ ਸਟੇਜ ਉਤੇ ਬੈਠੇ ਬਹੁਤ ਹੀ ਪ੍ਰਭਾਵਸ਼ਾਲੀ ਲੱਗ ਰਹੇ ਸਨ।

ਇਹ ਪ੍ਰੋਗਰਾਮ ਮੇਰੀ ਖਿਚ ਦੇ ਕਾਰਨ ਇਸ ਕਰਕੇ ਵੀ ਸਨ ਕਿਉਂਕਿ ਮੇਰੇ ਹਰਮਨ ਪਿਆਰੇ ਮਿੱਤਰ ਹਰਭਜਨ ਸਿੰਘ ਨੂੰ ਇਕ ਮਾਣ ਮੱਤੇ, ਵਕਾਰੀ ਰਾਸ਼ਟਰੀ ਪੁਰਸਕਾਰ ਨਾਲ ਨਿਵਾਜਿਆ ਜਾ ਰਿਹਾ ਸੀ।

ਐਵਾਰਡ ਮਿਲਣ ਤੋਂ ਬਾਅਦ ਜਦੋਂ ਮੈਂ ਉਹਨਾਂ ਨੂੰ ਵਧਾਈ ਦਿੱਤੀ ਤਾਂ ਉਨ੍ਹਾਂ ਦਾ ਸ਼ਰਧਾ ਨਾਲ ਸਤਿਗੁਰੂ ਜੀ ਦੇ ਚਰਨਾਂ ਵਿਚ ਸਿਰ ਝੁਕ ਗਿਆ ਤੇ ਕਹਿਣ ਲੱਗੇ ਕਿ ਇਸ ਸਭ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀ ਹੀ ਕ੍ਰਿਪਾ ਹੈ। ਉਨ੍ਹਾਂ ਕੋਈ ਗੁਪਤ ਖੇਡ ਖੇਡੀ ਹੈ ਨਹੀਂ ਤਾਂ ਵੱਡੇ ਵੱਡੇ ਕਲਾਕਾਰ ਕਈ ਵਾਰ ਸਾਰੀ ਉਮਰ ਹੀ ਇਨ੍ਹਾਂ ਇਨਾਮਾਂ ਤੋਂ ਮਹਿਰੂਮ ਰਹਿ ਜਾਂਦੇ ਹਨ। ਸਭ ਤੋਂ ਵੱਡਾ ਇਨਾਮ ਤਾਂ ਸਤਿਗੁਰੂ ਜੀ ਨੇ ਬਹੁਤ ਸਾਲ ਪਹਿਲਾਂ ਹੀ ਮੈਨੂੰ ਦੇ ਦਿੱਤਾ ਸੀ ਜਦੋਂ ਡਾਲਟਨ ਗੰਜ ਵਿਚ ਇਕ ਸੰਗੀਤ ਸੰਮੇਲਨ ਤੇ ਮੇਰੇ ਸਿਤਾਰ ਵਾਦਨ ਤੋਂ ਪਹਿਲਾਂ ਮਾਈਕ ਫੜ ਕੇ ਕਿਹਾ ਸੀ ਕਿ ਇਹ ਮੇਰਾ ਉਹ ਬੂਟਾ ਹੈ ਜਿਸਤੋਂ ਅੱਗੇ ਮੈਂ ਪਨੀਰੀ ਤਿਆਰ ਕਰਦਾ ਹਾਂ।

ਇਹ ਕੋਈ ਲੁਕੀ ਛਿਪੀ ਗਲ ਨਹੀਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅੱਜ ਦੇ ਨਾਮਧਾਰੀ ਪੰਥ ਦੇ ਨਾਮੀ ਗਰਾਮੀ ਕੀਰਤਨੀਏ ਉਸਤਾਦ ਹਰਭਜਨ ਸਿੰਘ ਤੋਂ ਹੀ ਸਿੱਖੇ ਹੋਏ ਹਨ। ਹੁਕਮ ਅਨੁਸਾਰ ਆਪ ਨੇ ਸ੍ਰੀ ਭੈਣੀ ਸਾਹਿਬ ੧੬-੧੭ ਸਾਲ ਲਗਾਤਾਰ ਸੰਗੀਤ ਸਿੱਖਿਆ ਦਿੱਤੀ ਹੈ। ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦਿੱਲੀ ਤੋਂ ਇਲਾਵਾ ਬੈਂਕੌਕ, ਇੰਗਲੈਂਡ ਆਦਿ ਸਥਾਨਾਂ ਤੇ ਜਾ ਕੇ ਵੀ ਗੁਰਬਾਣੀ ਕੀਰਤਨ ਦੀ ਸਿੱਖਿਆ ਪ੍ਰਦਾਨ ਕਰਦੇ ਰਹੇ ਹਨ।

ਇਕ ਦਿਨ ਉਸਤਾਦ ਜੀ ਨੂੰ ਮਿਲਣ ਗਿਆਂ ਮੇਰੇ ਬੈਠਿਆਂ ਹੀ ਸ੍ਰੀ ਭੈਣੀ ਸਾਹਿਬੋਂ ਰਾਗੀ ਬਲਵੰਤ ਸਿੰਘ ਦਾ ਫੋਨ ਆਇਆ ਤੇ ਕਹਿਣ ਲੱਗਾ ਕਿ ਉਸਤਾਦ ਜੀ ਮੈਂ ਆਪਣੇ ਮਿਊਜ਼ਿਕ ਰੂਮ ਵਿਚ ਬੈਠਾ ਹੋਇਆ ਆਪ ਜੀ ਦਾ ਸਿਖਾਇਆ ਹੋਇਆ ਰਾਗ ਵਡਹੰਸ ਦਾ ਸ਼ਬਦ 'ਦੇਹੁ ਸੰਦੇਸਰੋ ਕਹੀਅਹੁ ਪ੍ਰਿਅ ਕਹੀਅਹੁ' ਗਾ ਰਿਹਾ ਹਾਂ। ਬੜਾ ਅਨੰਦ ਆ ਰਿਹਾ ਹੈ ਕਿਆ ਖੂਬਸੂਰਤ ਪਿਆਰੀ ਬੰਦਿਸ਼ ਹੈ। ਅਗੋਂ ਉਨ੍ਹਾਂ ਕਿਹਾ ਕਿ ਇਹ ਮੈਨੂੰ ਮਹਾਰਾਜ ਬੀਰ ਸਿੰਘ ਜੀ ਨੇ ਸਿਖਾਈ ਸੀ। ਉਨ੍ਹਾਂ ਕ੍ਰਿਪਾ ਕੀਤੀ ਸੀ ਤੇ ਹੋਰ ਵੀ ਬਹੁਤ ਸਾਰੀਆਂ ਗੁਰਬਾਣੀ ਕੀਰਤਨ ਦੀਆਂ ਅਨਮੋਲ ਟਕਸਾਲੀ ਰੀਤਾਂ ਸਿਖਾਈਆਂ ਸਨ।

ਅੱਜ ਕਲ ਉਸਤਾਦ ਹਰਭਜਨ ਸਿੰਘ ਇੰਗਲੈਂਡ ਨਿਵਾਸੀ ਹੋ ਗਏ ਹਨ ਉਥੇ ਵੀ ਉਨ੍ਹਾਂ ਤੋਂ ਬਹੁਤ ਸਾਰੇ ਵਿਦਿਆਰਥੀ ਸੰਗੀਤ ਸਿੱਖਿਆ ਲੈ ਰਹੇ ਹਨ। ਮੈਂ ਉਨ੍ਹਾਂ ਦੀ ਚੰਗੀ ਸਿਹਤ ਤੇ ਲੰਮੇਰੀ ਆਯੂ ਦੀ ਕਾਮਨਾ ਕਰਦਾ ਹਾਂ।

*—ਜਸਵੰਤ ਸਿੰਘ*
*ਨਾਮਧਾਰੀ ਟੇਲਰਜ਼ ਦਿੱਲੀ*


Namdhari Elibrary NamdhariElibrary@gmail.com

# ਇਤਿਹਾਸ-ਪੁਰਖ ਬਾਬਾ ਲਹਿਣਾ ਸਿੰਘ 'ਘਰ ਜਾਖ'

—ਸੁਵਰਨ ਸਿੰਘ ਵਿਰਕ

ਸਤਿਗੁਰੂ ਰਾਮ ਸਿੰਘ ਜੀ ਦੁਆਰਾ, ਸਿੱਖ ਪੁਨਰ ਜਾਗਰਣ ਅਤੇ ਆਜ਼ਾਦੀ ਸੰਗਰਾਮ ਵਿੱਢਣ ਲਈ ਸਾਜੇ ਗਏ, ਨਾਮਧਾਰੀ ਜਾਂ ਕੂਕਾ ਪੰਥ ਦੀ, ਵਿਸ਼ੇਸ਼ਤਾ ਇਹ ਸਮਝੀ ਗਈ ਕਿ ਜਿਹਨਾਂ ਜਿਹਨਾਂ ਲੋਕਾਂ ਦੇ ਹਿਰਦਿਆਂ ਵਿਚ, ਮਹਾਰਾਜ ਰਣਜੀਤ ਸਿੰਘ ਦੇ, ਸਾਂਝੇ ਪੰਜਾਬੀ ਰਾਜ ਦਾ ਗੌਰਵ, ਗੁਆਚਣ ਦਾ ਰੋਸ ਪੈਦਾ ਹੋਇਆ, ਉਹ ਧੀਰੇ ਧੀਰੇ ਆਪ ਦੇ ਝੰਡੇ ਹੇਠ ਜੁੜਦੇ ਗਏ। ਇਸ ਕਾਰਨ ਸਿੱਖ-ਸੈਨਾ, ਜਿਸ ਵਿਚ ਆਪ ਨੇ ੧੮੩੬ ਤੋਂ ੧੮੪੫ ਈ. ਤੱਕ ਦਾ ਸਮਾਂ ਬਤੀਤ ਕੀਤਾ ਸੀ, ਇਸ ਨਾਲ ਸਬੰਧਿਤ ਬਹੁਤ ਸਾਰੇ ਸੈਨਿਕ ਅਤੇ ਉਚ ਅਧਿਕਾਰੀਆਂ ਨੇ ਵੀ ਕੂਕਾ ਅੰਦੋਲਨ ਨਾਲ ਜੁੜਨ ਵਿਚ ਪੰਜਾਬ ਦੇ ਉੱਜਲ ਭਵਿੱਖ ਦੇ ਦਰਸ਼ਨ ਹੁੰਦੇ ਮਹਿਸੂਸ ਕੀਤੇ। ਪੇਸ਼ਾਵਰ ਦੇ ਗਵਰਨਰ ਰਹੇ ਕਰਨਲ ਮੀਹਾਂ ਸਿੰਘ ਦਾ ਭਤੀਜਾ ਤਾਰਾ ਸਿੰਘ "ਮਿਸਰੀ ਮਿਆਨੀ" (ਗੁਜਰਾਵਾਲਾ) ਨਾ ਸਿਰਫ ਨਾਮਧਾਰੀ ਸਿੰਘ ਹੀ ਸਜਿਆ, ਸਗੋਂ ਕਸ਼ਮੀਰ ਕੂਕਾ ਰੈਜੀਮੈਂਟ ਬਣਨ ਸਮੇਂ, ਮਹਾਰਾਜਾ ਕਸ਼ਮੀਰ ਦੁਆਰਾ ੧੮੭੧ ਵਿਚ ਖੜੀਆਂ ਕੀਤੀਆਂ ਦੋ ਕੰਪਨੀਆਂ ਦਾ ਐਡਜੂਟੈਂਟ ਵੀ ਸੀ।[1] ਇਹੋ ਤਾਰਾ ਸਿੰਘ ਅੰਗਰੇਜ਼ਾਂ ਦੇ ਰਾਜ ਵਿਚ ਸਤਵੀਂ ਪੁਲੀਸ ਬਾਟਾਲੀਅਨ (ਅੰਮ੍ਰਿਤਸਰ ਰੈਜੀਮੈਂਟ) ਵਿਚ ਸੀ ਅਤੇ ਗ਼ਦਰ ੧੮੫੭ ਦੌਰਾਨ ਉਸ ਦੀਆਂ ਸ਼ੱਕੀ ਕਾਰਵਾਈਆਂ ਸਦਕਾ, ਨੌਕਰੀ ਤੋਂ ਕੱਢ ਦਿੱਤਾ ਗਿਆ ਸੀ।[2] ਸਰਦਾਰ ਮੰਗਲ ਸਿੰਘ, ਜੋ ਪਟਿਆਲਾ, ਧੌਲਪੁਰ ਦੋ ਰਿਆਸਤੀ ਸ਼ਹਿਰਾਂ ਦਾ ਵਸਨੀਕ ਰੀਕਾਰਡ ਦੱਸਦਾ ਹੈ, ਉਸ ਨੂੰ "ਸਰਦਾਰ-ਸੂਬਾ" ਲਿਖ ਕੇ ਲਿਖਿਆ ਗਿਆ ਹੈ ਕਿ ਮਹਾਰਾਜਾ ਪਟਿਆਲਾ ਉਹਨੂੰ ਕੂਕਿਆਂ ਤੋਂ ਨਿਖੇੜਨ ਵਿਚ ਸਫਲ ਨਹੀਂ ਹੋਇਆ। ਪਟਿਆਲਾ ਤੋਂ ਕੱਢੇ ਜਾਣ ਬਾਦ, ਉਹ ਗੁਰੂ ਰਾਮ ਸਿੰਘ ਦੇ ਨਾਲ ਹੀ ਰਹਿ ਰਿਹਾ ਹੈ।[3] ਟੀ.ਏ.ਓ. ਕੂਨਰ ਕਾਰਜਕਾਰੀ ਪੁਲਿਸ ਕਪਤਾਨ ਹੁਸ਼ਿਆਰਪੁਰ ਦੀ ੨੨ ਨਵੰਬਰ ੧੮੭੧ ਦੀ ਆਈ. ਜੀ. ਪੰਜਾਬ ਪੁਲਸ ਦੇ ਨਾਂ ਚਿੱਠੀ ਵਿਚ ੫੦ ਕੂਕਾ ਮੁਖੀਆਂ ਦਾ ਜ਼ਿਕਰ ਕੀਤਾ ਗਿਆ ਹੈ, ਜਿਹਨਾਂ ਵਿਚੋਂ ਬਾਬਾ ਕਾਹਨ ਸਿੰਘ ਨਿਹੰਗ ਸਣੇ ਸਿੱਖ ਰਾਜ ਦੀ ਸੈਨਾ ਵਿਚ ਰਹਿਣ ਵਾਲੇ ਸਤਿਗੁਰੂ ਰਾਮ ਸਿੰਘ ਸਮੇਤ, ਗ੍ਰੰਥ ਗੜ੍ਹ (ਅੰਮ੍ਰਿਤਸਰ) ਦਾ ਕਿਸ਼ਨ ਸਿੰਘ ਕਲਾਲ, ਸੂਬਾ ਜਵਾਹਰ ਸਿੰਘ (ਫੀਰੋਜ਼ਪੁਰ ਜ਼ਿਲ੍ਹਾ), ਸੂਬਾ ਸੁੱਧ ਸਿੰਘ ਦੁਰਗਾਪੁਰ (ਜਲੰਧਰ) ਹੀਰਾ ਸਿੰਘ ਲੰਮੂ ਸਢੌਰਾ ਆਦਿ ਸਨ। ਏਨੇ ਕੂ ਕੂਕਾ-ਮੁਖੀ ਅੰਗਰੇਜ਼ੀ ਰਾਜ ਸਮੇਂ, ਪੁਲੀਸ ਫੌਜ ਵਿਚ ਰਹਿ ਚੁੱਕੇ ਸਨ। ਜਿਹਨਾਂ ਵਿਚ ਸੂਬਾ ਪ੍ਰੇਮ ਸਿੰਘ, ਸੂਬਾ ਭਗਵਾਨ ਸਿੰਘ, ਨਵਾਂਸ਼ਹਿਰ (ਜਲੰਧਰ), ਸੂਬਾ ਮਲੂਕ ਸਿੰਘ ਫੂਲੇਵਾਲ (ਮੁਕਤਸਰ), ਸੂਬਾ ਲੱਖਾ ਸਿੰਘ ਆਦਿ ਸਨ।[4] ਸੂਬਾ ਬ੍ਰਹਮਾ ਸਿੰਘ ਬਾਰੇ ਵੀ ੧੮੫੭ ਦੇ ਵਿਦਰੋਹ ਵਿਚ ਸ਼ਾਮਲ ਹੋਣਾ ਲਿਖਿਆ ਮਿਲਦਾ ਹੈ ਸੋ ਉਹ ਵੀ ਸਾਬਕਾ ਸੈਨਿਕ ਸਨ। ਸ. ਹਰੀ ਸਿੰਘ ਨਲਵਾ ਪ੍ਰਸਿੱਧ ਸਿੱਖ ਜਰਨੈਲ, ਜੋ ਅਪ੍ਰੈਲ ੧੮੩੭ ਈ. ਵਿਚ ਜਮਰੋਦ ਦੀ ਜੰਗ ਸਮੇਂ ਸ਼ਹੀਦ ਹੋਏ, ਉਹਨਾਂ ਦਾ ਪਿਛੋਕੜ ਵੀ, ਸ਼ਹਿਰ ਗੁਜਰਾਂਵਾਲਾ ਸੀ। ਸਰਦਾਰ ਜੀ ਨੇ ਸਿੱਖ ਰਾਜ ਦੇ ਵਿਸਥਾਰ ਵਾਸਤੇ ਇਸ ਦੇ ਚੱਪੇ ਚੱਪੇ ਤੇ ਆਪਣਾ ਖੂਨ ਡੋਹਲਿਆ ਸੀ। ਉਹਨਾਂ ਦੀ ਹਿਮਤ, ਹੌਂਸਲਾ, ਜਵਾਂਮਰਦੀ ਅਤੇ ਅੱਠੇ ਪਹਿਰ, ਜੂਝਣ ਦੇ ਅਦੁੱਤੀ ਜਲਾਲ ਵਿਚ ਰਹਿਣ ਵਾਲੀ, ਉਹਨਾਂ ਦੀ ਬਿਰਤੀ ਨੇ, ਆਪਣੇ ਜਿਊਂਦੇ ਜੀਅ, ਉਹਨ ਨੂੰ ਕਈ ਦੰਦ-ਕਥਾਵਾਂ ਦਾ ਪਾਤਰ ਬਣਾ ਦਿੱਤਾ ਸੀ। ਰਾਜ ਖੁੱਸਣ ਤੋਂ ਬਾਅਦ ਨਲਵੇ ਸਰਦਾਰ ਦੇ ਵੰਸ਼ਿਜਾਂ ਦਾ, ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਵਿਚ ਭਰੋਸਾ ਪ੍ਰਗਟ ਕਰਨਾ, ਇਸ ਗੱਲ ਦਾ ਸਬੂਤ ਸੀ ਕਿ ਆਪ ਦਾ ਨਿਸ਼ਾਨਾ, ਪੰਜ ਦਰਿਆਵਾਂ ਦੀ ਧਰਤੀ ਤੋਂ ਬਦੇਸ਼ੀ ਹਾਕਮਾਂ ਦਾ ਬਿਸਤਰਾ ਗੋਲ ਕਰਕੇ, ਇੱਥੇ ਮੁੜ ਆਪਣੇ ਲੋਕਾਂ ਦੀ ਸੱਤਾ ਨੂੰ ਬਹਾਲ ਕਰਨਾ ਸੀ। ਸੱਤਾ, ਜਿਹਦੇ ਤੋਂ ਸਮਾਜ ਦੇ ਨਾਂ ਸਿਰਫ ਉੱਪਰਲੇ ਤਬਕੇ, ਸਗੋਂ ਦੱਬਿਆਂ-ਕੁਚਲਿਆਂ ਨੇ ਵੀ ਬੰਧਨ ਮੁਕਤ ਹੋ ਕੇ, ਲਾਭਵੰਤ ਹੋਣਾ ਸੀ।



ਪੁਲਿਸ ਕਪਤਾਨ ਕੂਨਰ ਦੀ ਉਪਰ ਵਰਣਿਤ ਸੂਚੀ ਵਿਚ, ਸਤਵੇਂ ਨੰਬਰ ਤੇ ਮੋਤੀ ਸਿੰਘ ਦਾ ਨਾਮ ਦਰਜ ਹੈ (ਉਹ ਜਨਰਲ) ਹਰੀ ਸਿੰਘ ਨਲਵੇ ਦਾ ਪੋਤਰਾ ਹੈ। ਜ਼ਾਤ ਦਾ ਖੱਤਰੀ ਹੈ। ਨਿਵਾਸੀ ਪਹਿਲਾਂ ਜ਼ਿਲ੍ਹਾ ਗੁਜਰਾਂਵਾਲਾ ਦਾ ਪ੍ਰੰਤੂ ਹੁਣ ਪਿਛਲੇ ਅੱਠਾਂ ਸਾਲਾਂ ਤੋਂ ਛੀਨੀ ਘਾਟੀ, ਮਾਹਲਪੁਰ (ਹੁਸ਼ਿਆਰਪੁਰ) ਵਿਚ ਰਹਿੰਦਾ ਹੈ। ਉਸਨੂੰ ਵੀ ਕੂਨਰ ਸਾਹਿਬ, ਕੂਕਿਆਂ ਦਾ ਸੂਬਾ ਲਿਖ ਰਹੇ ਹਨ। ਉਸ ਨੇ ਨੈਪਾਲ ਵਿਚ ਸੈਨਿਕ ਸਿੱਖਿਆ ਹਾਸਲ ਕੀਤੀ ਹੈ। ਨੈਪਾਲ ਦੀ ਸੈਨਾ ਵਿਚ ਕੈਪਟਨ ਦੇ ਰੈਂਕ ਤੇ ਰਿਹਾ ਹੈ।[5] ਕਿਸ਼ਨ ਸਿੰਘ "ਗ੍ਰੰਥ-ਗੜ੍ਹ" ਅਤੇ ਕਪਤਾਨ ਮੋਤੀ ਸਿੰਘ ਜਿਹੇ ਨਾਮਧਾਰੀ ਸਿੰਘਾਂ ਦੇ ਨੈਪਾਲ ਵਿਚ ਰਹਿਣ ਸਦਕਾ ਹੀ ਦਿਸੰਬਰ ੧੮੭੦ ਵਿਚ ਸਤਿਗੁਰੂ



Namdhari Elibrary NamdhariElibrary@gmail.com

ਰਾਮ ਸਿੰਘ ਜੀ ਨੇ ਨੈਪਾਲ ਸਰਕਾਰ ਦੇ ਸੱਦੇ ਤੇ, ਸੂਬਾ ਕਾਹਨ ਸਿੰਘ ਨਿਹੰਗ ਅਤੇ ਸੂਬਾ ਸਾਹਿਬ ਸਿੰਘ 'ਬੰਗਾਲੀਪੁਰ' ਦੀ ਅਗੁਆਈ ਵਿਚ ਕੂਕਿਆਂ ਦਾ ਇਕ ਉਚ ਪੱਧਰੀ ਕੂਟਨੀਤਿਕ ਮਿਸ਼ਨ ਨੈਪਾਲ ਭੇਜਿਆ ਸੀ, ਜਿਸ ਤੋਂ ਸਰਕਾਰ ਅੰਗਰੇਜ਼ੀ ਇਤਨੀ ਭੈਭੀਤ ਹੋਈ ਕਿ ਉਸਨੇ ਇਸ ਕੂਕਾ-ਮਿਸ਼ਨ ਦੀਆਂ ਸਰਗਰਮੀਆਂ ਦੀ ਥਾਹ ਪਾਉਣ ਲਈ, ਕਾਸ਼ੀ-ਨਰੇਸ਼ ਸ਼ਿਵਰਾਜ ਸਿੰਘ ਨੂੰ ਉਚੇਚਾ ਨੈਪਾਲ ਭੇਜਿਆ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਪੰਜਾਬ ਵਿਚ ਆਪਣੇ ਮਿਸ਼ਨ ਦੇ ਪਰਚਾਰ ਹਿੱਤ, ਅੱਧ ੧੮੬੩ ਤੋਂ ੧੮੬੬ ਈ. ਦੇ ਅਖੀਰ ਤੱਕ, ਸਰਕਾਰ ਵਲੋਂ ਪਾਬੰਦੀਆਂ ਲੱਗੀਆਂ ਰਹਿਣ ਕਾਰਨ, ੧੮੬੭ ਈ. ਵਿਚ ਫਿਰ ਤੇਜ਼ੀ ਆ ਗਈ। ਜਦੋਂ ਆਪ ਜੀ ਨੇ ਇਸ ਵਰ੍ਹੇ ਹੋਲਾ ਮਹੱਲਾ ਅਨੰਦਪੁਰ ਸਾਹਿਬ ਅਤੇ ਦੀਪਮਾਲਾ ਦੇ ਅਵਸਰ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ, ਸੰਗਤਾਂ ਦੇ ਵਿਸ਼ਾਲ ਇਕੱਠ ਸਮੇਤ ਭਾਗ ਲਿਆ। ਇਹਨਾਂ ਦੋਹਾਂ ਤਿਉਹਾਰਾਂ ਤੇ ਵੱਡੀ ਗਿਣਤੀ ਵਿਚ ਹੋਰ ਸੰਗਤਾਂ ਵੀ, ਗੁਰਧਾਮਾਂ ਨੂੰ ਸੀਸ ਨਿਵਾਉਣ ਹਿੱਤ ਪੁੱਜਦੀਆਂ ਸਨ। ਇਸ ਲਈ ਇਹਨਾਂ ਅਵਸਰਾਂ ਤੇ ਪੁੱਜਣਾ, ਆਪ ਆਪਣੇ ਪਰਚਾਰ ਲਈ ਹਿੱਤਕਰ ਸਮਝਦੇ ਸਨ। ਅਨੰਦਪੁਰ ਸਾਹਿਬ ਦਾ ਇਕ ਕੋਨੇ ਤੇ ਸਥਿੱਤ ਹੋਣਾ ਅਤੇ ਸ੍ਰੀ ਅੰਮ੍ਰਿਤਸਰ ਦਾ ਪੰਜਾਬ ਦੇ ਕੇਂਦਰੀ ਸਥਾਨ ਵਿਚ ਵਾਕਿਆ ਹੋਣਾ ਹੀ, ਉਹ ਕਾਰਨ ਸੀ, ਜਿਸ ਸਦਕਾ ਆਪ ਨੇ ਅਨੰਦਪੁਰ ਸਾਹਿਬ ਵਿਖੇ ਤਾਂ ਦੋ ਹੋਲੇ ਮੁਹੱਲਿਆਂ ਦੇ ਪੁਰਬ ਮਨਾਏ ਪਰ ਅੰਮ੍ਰਿਤਸਰ ਦੀ ਦੀਵਾਲੀ ਤੇ ਪਾਬੰਦੀ ਆਇਦ ਨਾ ਹੋਣ ਦੀ ਸੂਰਤ ਵਿਚ ੧੮੬੨ ਈ. ਤੋਂ ਆਪ ਤਕਰੀਬਨ ਕੁਝ ਸਾਲਾਂ ਨੂੰ ਛੱਡਕੇ, ਹਰ ਵਰ੍ਹੇ ਜਾਂਦੇ ਰਹੇ। ਇਸ ਬਹਾਨੇ ਦੁਆਬਾ, ਮਾਝਾ ਅਤੇ ਪੱਛਮੀ ਪੰਜਾਬ ਦੇ ਸਿੱਖ ਵਸੋਂ ਵਾਲੇ ਜ਼ਿਲ੍ਹਿਆਂ ਲਾਹੌਰ, ਸਿਆਲਕੋਟ, ਗੁਜਰਾਤ, ਗੁਜਰਾਂਵਾਲਾ ਦਾ ਦੌਰਾ ਵੀ ਕਰ ਲਿਆ ਜਾਂਦਾ ਸੀ। ਅਤੇ ਕਈ ਵੇਰ ਮੁਕਤਸਰ ਦੀ ਮਾਘੀ ਦਾ ਪੁਰਬ ਮਨਾ ਕੇ ਹੀ ਸ੍ਰੀ ਭੈਣੀ ਸਾਹਿਬ, ਮਾਲਵੇ ਦਾ ਚੱਕਰ ਕੱਢਦਿਆਂ ਪਰਤਿਆ ਜਾਂਦਾ। ਸੰਨ ੧੮੬੮ ਈ. ਦੀ ਦੀਵਾਲੀ ਸਮੇਂ ਵੀ, ਸਤਿਗੁਰੂ ਜੀ ਅੰਮ੍ਰਿਤਸਰ ਪਹੁੰਚੇ। "ਸ੍ਰੀ ਸਤਿਗੁਰੂ ਜੀ ਗੁਰੂ ਰਾਮਦਾਸ ਜੀ ਕੇ ਆਸਣ ਕਾ ਆਇ ਦਰਸ਼ਨ ਕੀਤਾ। ਜੈਕਾਰਾ ਬੁਲਾਇਆ ਅਤੇ ਸਿੰਘਾਂ ਨੇ ਸਰੋਵਰ ਮੈਂ ਇਸ਼ਨਾਨ ਕੀਤਾ। ਨਿਸ਼ਾਨਾਂ ਦੀ ਪਰਦੱਖਣਾ ਕਰਕੇ ਜੋਟੀਆਂ ਦੇ ਸ਼ਬਦ ਪੜ੍ਹੇ। ਸ਼ਬਦ ਕੇ ਪ੍ਰੇਮ ਮੈਂ ਸਿੰਘਾਂ ਕੇ ਮੂੰਹ ਪਰ ਲਾਲੀਆਂ ਦੱਗ ਰਹੀਆਂ ਹੈਨ ਨਾਮ ਕੇ ਰੰਗ ਸੇ। ਬੁੰਗੇ, ਗਲੀ ਬਜ਼ਾਰ ਮੈਂ ਗਲੀ ਕੂਚੇ ਮੈ ਸਾਰੇ ਗੁਰੂ ਜੀ ਕੀ ਉਪਮਾ ਹੋਇ ਰਹੀ ਹੈ। ਦਰਸ਼ਨ ਕਰਨੇ ਸੇ ਚਿਤ ਕੋ ਸ਼ਾਂਤੀ ਆਇ ਜਾਂਦੀ ਹੈ। ਜਾਂ ਅਕਾਲ ਬੁੰਗੇ ਜਾਣ ਕਾ ਇਰਾਦਾ ਕੀਤਾ ਤਾਂ ਬਾਬੇ ਸਾਹਿਬ ਸਿੰਘ ਜੀ ਕਹਿਆ ਜੀ ਗੁਰੂ ਸਰਬੱਗ ਹੈ। ਕੀ ਕਰਨਾ ਹੈ ਜਾਇਕੇ। ਏਥੋਂ ਹੀ ਮੱਥਾ ਟੇਕ ਲਵੋ। ਜੇ ਜਾਈਦਾ ਹੈ ਤਾਂ ਸਾਨੂੰ ਤਨਖ਼ਾਹੀਏ ਕਹਿੰਦੇ ਹੈਂ। ਅਸੀਂ ਨਿਤਨੇਮ ਕਾ ਪਾਠ ਕਰਦੇ ਹਾਂ ਅਤੇ ਓਹ ਸ਼ਰਮਿੰਦੇ ਨਹੀਂ ਹੋਂਦੇ ਸਾਨੂੰ ਤਨਖਾਹੀਏ ਕਹਿੰਦੇ ਹੋਏ।"[6]

ਗੁਰਧਾਮਾਂ ਤੇ ਸਰਕਾਰ ਪ੍ਰਸਤ ਪੁਜਾਰੀਆਂ ਆਦਿ ਦਾ ਕਬਜ਼ਾ ਸੀ, ਜਿਹਨਾਂ ਬਾਰੇ ਗਿਆਨੀ ਗਿਆਨ ਸਿੰਘ ਜੀ, ਪੰਥ ਰੂਪੀ ਦੁੱਧ ਵਿਚ ਕਾਂਜੀ ਪਾਉਣ ਦਾ, ਸਹੀ ਆਰੋਪ ਆਪਣੀ ਰਚਨਾ ਵਿਚ ਲਾਉਂਦੇ.ਹਨ। ਸਤਿਗੁਰੂ ਜੀ ਕਾਹਨਾ ਕਾਛਾ, ਰਾਜਾ ਜੰਗ, ਭਸੀਣ ਆਦਿ ਨਗਰਾਂ ਵਿਚੋਂ ਹੁੰਦੇ ਲਾਹੌਰ ਸ਼ਹਿਰ ਨੂੰ ਨਿਵਾਜਦੇ ਹੋਏ, ਦੜਪ ਦੇ ਇਲਾਕੇ ਵਿਚ ਵਿਚਰਦੇ, ਚਾਹਲਾਂ ਫੱਤੇਵਾਲ ਇਸ ਤੋਂ ਪਹਿਲਾਂ ਹੁੰਦੇ ਹੋਏ, ਮੇਲੋਵਾਲੇ ਅਤੇ ਕੰਨਣ ਸਿਆਲ ਆਦਿ ਗੁਜਰਾਂਵਾਲੇ ਦੇ ਪਿੰਡਾਂ ਵਿਚੋਂ ਦੀ ਹੋ ਕੇ, ਸ਼ਹਿਰ ਗੁਜਰਾਂਵਾਲੇ ਦੇ ਸਮੀਪ ਵਰਤੀ ਪਿੰਡ ਘਰਜਾਖ ਦੇ ਸ. ਲਹਿਣਾ ਸਿੰਘ ਪੁੱਤਰ ਸ. ਕਾਹਨ ਸਿੰਘ ਦੇ ਪਾਸ, ਗੁਜਰਾਂਵਾਲੇ ਜਾ ਡੇਰੇ ਲਾਏ। ਸਾਡਾ ਪਹਿਲਾ ਇਤਿਹਾਸਕਾਰ ਲਿਖਦਾ ਹੈ-

"ਕੁਝਰਾਂ ਵਾਲੇ ਲੈਹਣਾ ਸਿੰਘ ਨੇ ਲੰਗਰ ਮੰਗਿਆ। ਕਰਨੇ ਲਗੇ। ਬਾਬਾ ਲੈਹਣਾ ਸਿੰਘ ਜੀ ਸਰਦਾਰ ਹਰੀ ਸਿੰਘ ਨਲੂਆ ਦੇ ਜੁਆਈ ਸਨ। ਸੂਬਿਆਂ ਨੇ ਕਹਾ ਜੀ ਲੰਗੋਟੀ ਵਾਲਾ ਹੈ, ਭਜਨ ਨਹੀਂ ਲਿਆ ਹੋਇਆ ਹੈ। ਸ੍ਰੀ ਸਤਿਗੁਰੂ ਅੰਤਰਜਾਮੀ ਜੀ ਬਚਨ ਕੀਤਾ ਸਾਨੂੰ ਇਸਦੀ ਲੰਗੋਟੀ ਹੀ ਚੰਗੀ ਹੈ। ਮੈਨੂੰ ਤਾਂ ਸਿੰਘ ਬਣੇ ਬਣਾਏ ਢਾਈ ਹੱਥ ਆਏ ਹੈਂ। ਇਕ ਏਹ ਲੈਹਣਾ ਸਿੰਘ ਤੇ ਦੂਜਾ ਜਮੀਤ ਸਿੰਘ ਕਾਹਨੇ ਕਾਛੇ ਕਾ ਤੇ ਅੱਧਾ ਜਮੀਤ ਸਿੰਘ ਗਿੱਲਾਂ ਦੜਪ ਮੈ। ਹੋਰ ਸਭ ਬਣਾਉਣੇ ਪਏ ਹੈਨ। ਭਾਈ ਲੈਹਣਾ ਸਿੰਘ ਨੇ ਭਜਨ ਮੰਗਿਆ ਤਾਂ ਬਚਨ ਕੀਤਾ ਤੂੰ ਤਾ ਨਾਮ ਕੀ ਮੂਰਤ ਹੈ। ਫੇਰ ਅਰਜ ਕੀਤੀ ਜੀ ਰਤਨ ਸਿੰਘ ਨੇ ਸੇਵਾ ਦਾ ਉਪਦੇਸ਼ ਦਿੱਤਾ ਸੀ ਪਰ ਨਾਮ ਨਹੀਂ ਦਿੱਤਾ। ਆਪ ਕਿਰਪਾ ਕਰੋ, ਨਾਮ ਦਾ ਉਪਦੇਸ਼ ਦਿਓ। ਜੇਕਰ ਕਿਸੇ ਦੇ ਕੋਲ ਹਜ਼ਾਰ ਰੁਪਯਾ ਹੋਵੇ ਅੱਗੇ, ਹਜ਼ਾਰ ਰੁਪਯਾ ਹੋਰ ਮਿਲੇ ਤਾਂ ਛੱਡਣਾ ਕਿਉਂ ਹੈ? ਭਜਨ ਦਿੱਤਾ ਸਾਰੇ ਟੱਬਰ ਨੂੰ, ਕਛਹਿਰੇ ਬਖਸ਼ਾਇ ਲਏ।"

"ਸਤਿਗੁਰੂ ਜੀ ਬਾਬੇ ਲੈਹਣਾ ਸਿੰਘ ਦੇ ਘਰ ਲੰਗਰ ਕੀਤਾ। ਕੋਈ ਸਰੀਰ ਪ੍ਰਸ਼ਾਦਾ ਲੈਣ ਵਾਸਤੇ ਆਇ ਗਏ। ਬਾਬਾ ਜੀ ਨੇ ਉਸੇ ਤਰ੍ਹਾਂ ਲੰਗਰ ਵਿਚੋਂ ਪ੍ਰਸ਼ਾਦੇ ਚੁੱਕ ਕੇ ਦੇ ਦਿੱਤੇ। ਸਿੰਘਾਂ ਨੇ ਅਰਜ ਕੀਤੀ, 'ਜੀ ਸੱਚੇ ਪਾਤਸ਼ਾਹ ਜੀ, ਲੰਗੋਟੀ ਵਾਲੇ ਬਾਬੇ ਨੇ ਲੰਗਰ ਵਿਚੋਂ ਪ੍ਰਸ਼ਾਦੇ ਚੁੱਕ ਕੇ ਦਿੱਤੇ ਹਨ। ਸਤਿਗੁਰੂ ਜੀ ਬਚਨ ਕੀਤਾ ਕਿ ਏਸਦੀ ਲੰਗੋਟੀ ਹੀ ਪ੍ਰਵਾਨ ਹੈ।"[7]

ਪ੍ਰੇਮ ਅੱਗੇ ਨੇਮ ਨਹੀਂ ਹੁੰਦਾ ਇਕ ਵੇਰ ਦਸਵੇਂ ਪਾਤਸ਼ਾਹ


Namdhari Elibrary NamdhariElibrary@gmail.com

ਦੇ ਸਮੇਂ, ਸਿੱਘਾਂ ਨੇ ਗੁਰੂ ਸਾਹਿਬ ਨਾਲ ਅਰਬੀ ਫ਼ਾਰਸੀ ਦੇ ਮਹਾਨ ਵਿੱਦਵਾਨ ਅਤੇ ਗੁਰੂ ਜੀ ਦੀ ਸਿਫਤ ਸਲਾਹ ਵਿਚ ਫ਼ਾਰਸੀ ਵਿਚ ਗ਼ਜ਼ਲਾਂ ਤੇ ਹੋਰ ਬਾਣੀ ਲਿਖਣ ਵਾਲੇ, ਭਾਈ ਨੰਦ ਲਾਲ ਗੋਯਾ ਪ੍ਰਥਾਇ ਅਰਜ਼ ਕੀਤੀ ਕਿ ਭਾਈ ਸਾਹਿਬ ਦੇ ਕੇਸ ਰਖਵਾਏ ਜਾਣ। ਸਤਿਗੁਰੂ ਜੀ ਨੇ ਇਹ ਕਹਿ ਕੇ ਖ਼ਾਲਸੇ ਦੀ ਸੰਤੁਸ਼ਟੀ ਕਰਵਾ ਦਿੱਤੀ ਕਿ ਸਾਡੇ ਤੁਹਾਡੇ ਕੇਸ ਬਾਹਰ ਨੂੰ ਵਧਦੇ ਹਨ ਜਦ ਕਿ ਨੰਦ ਲਾਲ ਜੀ ਦੇ ਅੰਦਰ ਨੂੰ ਵਧ ਰਹੇ ਹਨ ਭਾਵ ਇਹ ਨਜ਼ਰ ਸਿਰਫ ਪਹਿਚਾਣ ਵਾਲਿਆਂ ਨੂੰ ਆਉਂਦੇ ਹਨ। ਕੁਝ ਇਹੋ ਜਿਹੀ ਮਰਿਆਦਾ ਤੋਂ ਛੋਟ, ਸਤਿਗੁਰੂ ਜੀ ਨੇ 'ਬਾਬੇ ਲੰਗੋਟੀ ਵਾਲੇ' ਨੂੰ ਦੇ ਦਿੱਤੀ ਜੋ ਸੇਵਾ ਦੀ ਸਾਕਾਰ ਮੂਰਤ ਸਨ ਅਤੇ ਹੁਣ ਆਪ ਤੋਂ ਨਾਮ ਦਾਨ ਲੈ ਕੇ ਸਿਮਰਨ ਵਿਚ ਜੁੱਟ ਗਏ ਸਨ। ਸੇਵਾ, ਸਿਮਰਨ ਸਿੱਖੀ ਦੀਆਂ ਮੁੱਢਲੀਆਂ ਸ਼ਰਤਾਂ ਹਨ ਜਿਹਨਾਂ ਤੇ ਬਾਬਾ ਲਹਿਣਾ ਸਿੰਘ, ਸਿੱਖ ਰਾਜ ਦੇ ਵੱਡੇ ਜਰਨੈਲ ਸਾਹਿਬ ਦੇ ਜੁਆਈ ਹੋਣ ਦੇ ਮਾਣ ਤੋਂ ਉੱਕਾ ਮੁਕਤ ਹੋ ਕੇ, ਚੱਲ ਰਹੇ ਸਨ। ਇਸੇ ਲਈ ਉਹ ਸਤਿਗੁਰੂ ਜੀ ਦੀ ਚੋਣ ਦੇ ਜ਼ਾਵੀਏ ਵਿਚ ਆ ਕੇ, ਸਿਰਫ ਢਾਈ ਪੁਰਾਤਨ ਸਿੱਖਾਂ ਵਿਚੋਂ ਹੋਣ ਕਾਰਨ, ਪੰਜਾਬ ਅਤੇ ਨਾਮਧਾਰੀ ਇਤਿਹਾਸ ਵਿਚ ਬਹੁਤ ਵੱਡਾ ਸਥਾਨ ਹਾਸਲ ਕਰ ਗਏ ਹਨ।

ਸਰਕਾਰੀ ਰੀਕਾਰਡ ਵਿਚ ਆਪ ਦਾ ਨਖ-ਸਿਖ ਵਰਣਨ ਇਉਂ ਮਿਲਦਾ ਹੈ-"ਲੈਹਣਾ ਸਿੰਘ ਸਰਦਾਰ ਪੁੱਤਰ ਕਾਹਨ ਸਿੰਘ, ਧੰਧਾ ਕੋਈ ਨਹੀਂ ਕਰਦੇ, ਪਿੰਡ ਘਰ ਜਾਖ ਥਾਣਾ ਗੁਜਰਾਂਵਾਲਾ, ਰੰਗ ਕਣਕ ਭਿੰਨਾ, ਮੋਟੀਆਂ ਅੱਖਾਂ, ਤੋਤੇ ਦੀ ਚੁੰਝ ਵਰਗਾ ਨੱਕ, ਨੱਕ ਦੀ ਘੋੜੀ ਤੇ ਕਾਲਾ ਤਿਲ, ਖੱਬੀ ਗੱਲ੍ਹ ਤੇ ਇਕ ਹੋਰ ਕਾਲਾ ਤਿਲ, ਦਾਹੜਾ ਅਤੇ ਮੁਛੈਹਰੇ ਕਰੜ ਬਰੜੇ, ਉਮਰ ੫੫ ਸਾਲ ਦੇ ਲਗਭਗ (੧੮੮੦ ਈ. ਵਿਚ)।" ਅਗਲੇ ਸੁਭਾਉ ਅਤੇ ਚਾਲ ਚੱਲਣ ਵਾਲੇ ਖਾਨੇ ਵਿਚ ਲਿਖਿਆ ਹੈ, "ਮਸ਼ਹੂਰ ਸ. ਹਰੀ ਸਿੰਘ ਨਲਵਾ ਦਾ ਜੁਆਤਰਾ ਹੈ। ਸੰਨ ੧੮੭੧ ਈ. ਵਿਚ ਜਦੋਂ ਬੁੱਚੜਖ਼ੱਧ ਸਾਕਿਆਂ ਕਾਰਨ ਪੈਦਾ ਹੋਇਆ ਜੋਸ਼ ਸਿਖਰ ਤੇ ਸੀ, ਸਰਦਾਰ ਲੈਹਣਾ ਸਿੰਘ ਜਿਹੜੀਆਂ ਕੂਕਾ ਸਭਾਵਾਂ ਆਯੋਜਿਤ ਕਰਿਆ ਕਰਦਾ ਸੀ, ਇਹ ਉਹਨਾਂ ਦੀ ਪਰਧਾਨਗੀ ਵੀ ਕਰਦਾ ਹੁੰਦਾ ਸੀ। ਉਹ ਇਕ ਰਈਸ ਭਾਵ ਅਮੀਰ, ਧਨੀਮਾਨੀ ਵਿਅਕਤੀ ਹੈ।"[8]

ਬਾਬਾ ਪ੍ਰੇਮ ਸਿੰਘ "ਹੋਤੀ ਮਰਦਾਨ" ਜੀਵਨੀ ਲੇਖਕ ਸ. ਹਰੀ ਸਿੰਘ ਨਲਵਾ ਦੇ ਮੁਤਾਬਿਕ ਨਲਵਾ ਸਰਦਾਰ ਦੀ ਇਕੋ ਇਕ ਪੁੱਤਰੀ ਦਾ ਨਾਂ ਚੰਦ ਕੌਰ ਸੀ ਅਤੇ ਇਸੇ ਬੀਬੀ ਦਾ ਅਨੰਦ ਕਾਰਜ ਲਹਿਣਾ ਸਿੰਘ ਜੀ ਨਾਲ ਹੋਇਆ। 'ਘਰਜਾਖ' ਪਿੰਡ ਕਿਉਂਕਿ ਗੁਜਰਾਂਵਾਲੇ ਸ਼ਹਿਰ ਦੇ ਬਹੁਤ ਨੇੜੇ ਸੀ, ਸੋ ਲੋਕ ਕਿਹਾ ਕਰਦੇ ਸਨ ਕਿ ਸਵੇਰੇ ਸਵੇਰੇ ਪਿੰਡੋਂ ਸ਼ਹਿਰ ਜਾਉ ਆਪਣਾ ਕੰਮਕਾਰ ਕਰੋ ਅਤੇ ਰੋਟੀ ਵਾਪਸ "ਘਰ ਜਾ ਖਾਓ" ਜਾਂ "ਘਰਜਾਖਾ" ਤੋਂ "ਘਰਜਾਖ" ਬਣ ਗਿਆ। ਕਿਸੇ ਸਮੇਂ ਇੱਥੇ ਸ਼ੁੱਕਰਚੱਕੀਆ ਮਿਸਲ ਵਾਲੇ ਸਰਦਾਰਾਂ ਦਾ ਹਾਥੀ ਖਾਨਾ ਵੀ ਹੁੰਦਾ ਸੀ ਜਿਸਨੂੰ "ਗਜ ਰਾਖ" ਕਿਹਾ ਜਾਂਦਾ ਅਤੇ ਗਜਰਾਖ ਤੋਂ ਵੀ ਪਿੰਡ ਦਾ ਨਾਮ "ਘਰਜਾਖ" ਬਣ ਸਕਦਾ ਹੈ। ਸ. ਲਹਿਣਾ ਸਿੰਘ ਤਾਂ ਖੱਤਰੀ ਸਨ, ਵੈਸੇ ਘਰਜਾਖ, ਗੁਜਰਾਂਵਾਲੇ ਦੇ ਆਸ ਪਾਸ ਹੋਰ ਬਹੁਤ ਸਾਰੇ ਪਿੰਡਾਂ ਜਿਉਂ, ਵੜੈਚ ਜੱਟਾਂ ਦਾ ਪਿੰਡ ਸੀ। ਆਪ ਦੇ ਪਿਤਾ ਦੀਵਾਨ ਕਾਹਨ ਸਿੰਘ ਸੋਹੀ ਖੱਤਰੀ ਸਨ। ਆਪ ਦੀ ਨਲਵੇ ਸਰਦਾਰ ਨਾਲ ਕੁੜਮਾਚਾਰੀ ਕਿਵੇਂ ਬਣੀ ਇਹ ਵੀ ਇਕ ਦਿਲਚਸਪ ਵਾਰਤਾ ਹੈ ਜੋ 'ਸਤਿਜੁਗ' ਸ੍ਰੀ ਭੈਣੀ ਸਾਹਿਬ, ਦੇ 'ਸੰਤ ਅੰਕ' ੯ ਚੇਤਰ ਸੰਬਤ ੧੯੯੬ ਬਿ. (ਮੁਤਾਬਿਕ ੧੯੪੦ ਈ.) ਵਿਚ, 'ਬਾਬਾ ਲਹਿਣਾ ਸਿੰਘ ਘਰ ਜਾਖ-ਗੁਜਰਾਂਵਾਲਾ' ਦਾ ਜੀਵਨ ਚਰਿੱਤਰ ਲਿਖਦਿਆਂ, ਨਾਮਧਾਰੀ ਲੇਖਕ ਸੰਤ ਤਰਨ ਸਿੰਘ ਵਹਿਮੀ ਹੋਰਾਂ ਨੇ ਲਿਖੀ ਹੈ, ਜੋ ਇਸੇ ਇਲਾਕੇ ਦੇ ਸਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ, ਟਕਸਾਲੀ ਨਾਮਧਾਰੀ ਪਰਿਵਾਰ ਦੀ, ਚੌਥੀ ਪੀੜ੍ਹੀ ਵਿਚ ਜਨਮੇ ਸਨ।

ਸਰਦਾਰ ਕਾਹਨ ਸਿੰਘ, ਮਹਾਰਾਜਾ ਰਣਜੀਤ ਸਿੰਘ ਜੀ ਦੇ ਸ਼ਰੀਕਾ ਬਿਰਾਦਰੀ ਵਾਲੇ ਸੰਧਾਂਵਾਲੀਏ ਸਰਦਾਰਾਂ ਦੀ ਫੌਜ ਦੇ ਜਰਨੈਲ ਸਨ, ਜਿਹਨਾਂ ਦੀ ਜਾਗੀਰ ਛੱਛ ਦੇ ਇਲਾਕੇ ਵਿਚ ਸੀ। ਨਲਵੇ ਸਰਦਾਰ ਦੇ ਬਹਿਨੋਈ ਸ. ਹਰਸਾ ਸਿੰਘ, ਉਹਨਾਂ ਵਲੋਂ ਹਰੀਪੁਰ ਹਜ਼ਾਰੇ ਵਿਖੇ ਜਾਗੀਰਦਾਰ ਸਨ। ਇਸ ਤਰ੍ਹਾਂ ਛੱਛ ਅਤੇ ਹਜ਼ਾਰੇ ਦੀਆਂ ਜਗੀਰਾਂ ਦੇ ਇਲਾਕੇ ਇਕ ਦੂਜੇ ਦੇ ਨਾਲ ਲੱਗਦੇ ਸਨ। ਦੋ ਵਾਰ ਹੱਦ ਬੰਦੀ ਦੇ ਝਗੜੇ ਕਾਰਨ, ਦੀਵਾਨ ਕਾਹਨ ਸਿੰਘ ਤੇ ਸ. ਹਰਸਾ ਸਿੰਘ ਦਾ ਆਪਸ ਵਿਚ ਜੰਗ ਹੋ ਗਿਆ, ਜਿਸ ਵਿਚ ਹਰਸਾ ਸਿੰਘ ਨੂੰ ਹਾਰ ਹੁੰਦੀ ਰਹੀ। ਸ. ਨਲਵੇ ਨੇ ਹਾਰ ਦੀ ਖ਼ਬਰ ਸੁਣ ਕੇ ਲੱਖੂ ਨਾਈ ਹੱਥ, ਇਕ 'ਸਿਰੋਪਾਉ' ਹਰਸਾ ਸਿੰਘ ਨੂੰ ਭੇਜਿਆ ਅਤੇ ਭਰੀ ਸਭਾ ਵਿਚ ਖੋਹਲਣ ਦੀ ਤਾਕੀਦ ਕੀਤੀ। ਇਹ ਸਮਝ ਕੇ ਕਿ ਰਿਸ਼ਤੇਦਾਰ ਨੇ ਮੇਰਾ ਮਾਣ ਵਧਾਉਣਾ ਚਾਹਿਆ ਹੈ, ਜਦੋਂ ਹਰਸਾ ਸਿੰਘ ਨੇ ਸਭਾ ਵਿਚ ਸਿਰੋਪਾਓ ਖੋਹਲਿਆ ਤਾਂ ਵਿਚੋਂ ਘੱਗਰੀ, ਭੋਸ਼ਣ, ਦੰਦਾਸਾ, ਸੁਰਮਾ, ਚੁੰਨੀ, ਚੂੜੀਆਂ, ਕੰਘੀ, ਮੁਰਕੀਆਂ ਆਦਿ ਜ਼ਨਾਨੇ ਸ਼ਿੰਗਾਰ ਦੀਆਂ ਵਸਤਾਂ ਨਿਕਲੀਆਂ। ਸਰਦਾਰ ਹਰਸਾ ਸਿੰਘ ਅਤੇ ਦਰਬਾਰੀ ਸਾਰੇ ਸਮਝ ਗਏ ਕਿ ਨਲਵੇ ਸਰਦਾਰ ਨੇ ਹਾਰ ਹੋਣ ਤੇ ਤਾਹਨਾ ਮਾਰਿਆ ਹੈ ਕਿ ਜਾਂ ਜੰਗ ਜਿੱਤ ਜਾਂਦੋਂ ਜਾਂ ਉੱਥੇ ਜੂਝ ਜਾਂਦੋਂ। ਜਿਉਂਦਾ ਵਾਪਸ ਨਹੀਂ ਸੀ ਹਾਰ ਕੇ ਆਉਣਾ।

ਸ. ਹਰੀ ਸਿੰਘ ਪਿਸ਼ਾਵਰ ਦੇ ਗਵਰਨਰ ਬਣੇ ਤਾਂ ਦੀਵਾਨ



Namdhari Elibrary NamdhariElibrary@gmail.com

ਕਾਹਨ ਸਿੰਘ ਕਸ਼ਮੀਰ ਦੇ ਸੂਬੇ ਸੇਖ ਇਮਾਮਦੀਨ ਦੇ ਕਰਿੰਦੇ ਬਣ ਗਏ। ਦੋਵੇਂ ਦੀਵਾਨ ਸਾਹਿਬ ਅਤੇ ਨਲਵਾ ਸਰਦਾਰ ਇਤਫਾਕ ਵੱਸ ਗੁਜਰਾਂਵਾਲੇ ਇਕੱਠੇ ਹੋ ਗਏ। ਦੀਵਾਨ ਸਾਹਿਬ ਨੇ ਤਾਂ ਨਲਵੇ ਸਰਦਾਰ ਨੂੰ, ਮਰਦੇ ਮੈਦਾਨ ਸਮਝ ਕੇ, ਗੁਰ ਫਤੇਹ ਬੁਲਾਈ ਪਰ ਆਪ ਦੀਵਾਨ ਜੀ ਵੱਲ ਪਿੱਠ ਕਰਕੇ ਬੈਠ ਗਏ। ਜਿਸ ਤੇ ਦੀਵਾਨ ਸਾਹਿਬ ਨੇ ਕਿਹਾ ਕਿ ਮੈਂ ਤਾਂ ਸਤਿਗੁਰੂ ਜੀ ਦੇ ਇਕ ਸੂਰਬੀਰ ਸਿੰਘ ਦੇ ਦਰਸ਼ਨ ਕਰਨ ਆਇਆ ਸਾਂ, ਤੁਸੀਂ ਕੰਡ ਭਵਾਂ ਕੇ ਬੈਠ ਗਏ ਹੋ। ਇਸ ਤੇ ਨਲਵਾ ਜੀ ਨੇ ਇਸ ਗੱਲ ਦਾ ਗਿਲਾ ਕੀਤਾ ਕਿ ਤੁਸਾਂ ਮੇਰੇ ਸੰਬੰਧੀ, ਹਰਸਾ ਸਿੰਘ ਨੂੰ ਸਮਝਾਉਣਾ ਸੀ, ਗੱਲਬਾਤ ਦੁਆਰਾ, ਜੰਗ ਛੇੜਕੇ ਦੋ ਦੋ ਵਾਰ ਹਰਾਉਣਾ ਕਾਹਨੂੰ ਸੀ? ਇਸ ਤੇ ਦੀਵਾਨ ਸਾਹਿਬ ਨੇ ਦੱਸਿਆ ਕਿ ਸਮਝਾਉਣ ਦੀ ਮੈਂ ਸਾਰੀ ਵਾਹ ਲਾ ਹਟਿਆ ਸਾਂ ਪਰ ਹਰਸਾ ਸਿੰਘ ਵਲੋਂ ਕਿਸੇ ਸਿੱਖਿਆ ਤੇ ਕੰਨ ਨਾ ਧਰਨ ਸਦਕਾ ਹੀ, ਲੜਾਈ ਦਾ ਫੈਸਲਾ ਦੋਵੇਂ ਵਾਰ, ਮਜ਼ਬੂਰੀ ਵੱਸ ਕਰਨਾ ਪਿਆ। "ਮੈਂ ਪਹਿਲਾਂ ਤੁਹਾਡੇ ਨਾਲ ਰਹਿ ਚੁੱਕਾ ਹਾਂ ਓਦੋਂ ਵੀ ਨੇਕ ਨੀਯਤੀ ਨਾਲ ਹਰ ਕੰਮ ਕੀਤਾ ਹੈ। ਮਹਾਂਭਾਰਤ ਵਿਚ ਯੁਧਿਸ਼ਟਰ ਤੇ ਦੁਰਯੋਧਨ ਦਿਨ ਸਮੇਂ ਲੜਦੇ ਸਨ ਰਾਤ ਨੂੰ ਸਲਾਹ ਮਸ਼ਵਰਾ ਵੀ ਕਰ ਲੈਂਦੇ ਸਨ। ਤੁਹਾਡਾ ਇਸ ਸਮੇਂ ਮੇਰੇ ਤੇ ਗਿਲਾ ਗੈਰ ਵਾਜਿਬ ਅਤੇ ਬੇਵਕਤਾ ਹੈ।" ਇਹਨਾਂ ਖ਼ਰੀਆਂ ਖ਼ਰੀਆਂ ਗੱਲਾਂ ਦਾ ਸ. ਹਰੀ ਸਿੰਘ ਤੇ ਐਸਾ ਪ੍ਰਭਾਵ ਪਿਆ ਕੇ ਆਪ ਬੜੇ ਪ੍ਰੇਮ ਨਾਲ ਉੱਠ ਕੇ ਉਹਨਾਂ ਨਾਲ ਬਗਲਗੀਰ ਹੋਏ ਅਤੇ ਪਰਿਵਾਰ ਵਿਚ ਦੀਵਾਨ ਸਾਹਿਬ ਦੀ ਨੇਕ ਨੀਅਤੀ ਅਤੇ ਸਾਫ਼ ਗੋਈ ਦੀ ਪਰਸੰਸਾ ਕਰਨ ਦੇ ਨਾਲ ਨਾਲ, ਪੁੱਤਰੀ ਦਾ ਰਿਸ਼ਤਾ ਵੀ ਦੀਵਾਨ ਸਾਹਿਬ ਦੇ ਪੁੱਤਰ ਲਹਿਣਾ ਸਿੰਘ ਨਾਲ ਕਰ ਦਿੱਤਾ। ਕਸ਼ਮੀਰ ਦਾ ਰਾਜ ਪ੍ਰਬੰਧ, ਸੁਚੱਜਤਾ ਨਾਲ ਚਲਾਉਣ ਬਾਬਤ, ਦੀਵਾਨ ਸਾਹਿਬ ਨੂੰ ਯਾਦ ਕੀਤਾ ਜਾਂਦਾ ਹੈ। ਆਪ ਨੇ ਕਸ਼ਮੀਰ ਵਿਚ ਗਊ ਘਾਤ ਰੋਕਣ ਲਈ ਮਿਸਾਲੀ ਸਜ਼ਾਵਾਂ ਦਿੱਤੀਆਂ। ਵਹਿਮੀ ਜੀ ਦੀ ਲਿਖਤ ਮੁਤਾਬਿਕ, ਬਾਬਾ ਲਹਿਣਾ ਸਿੰਘ ਦੀ ਮਾਤਾ ਦਾ ਨਾਮ ਕਿਸ਼ਨ ਕੌਰ ਸੀ।

ਕਿਉਂਕਿ ਇਕ ਫੌਜੀ ਸਰਦਾਰ, ਜੋ ਉੱਚੇ ਔਹਦਿਆਂ ਤੇ ਰਿਹਾ ਆਪ ਉਸ ਦੇ ਸਪੁੱਤਰ ਸਨ, ਸੋ ਪਿਤਾ ਪੁਰਖੀ ਗੁਣ ਕਾਰਨ ਲਾਹੌਰ ਦਰਬਾਰ ਦੀ ਸੈਨਾ ਵਿਚ ਭਰਤੀ ਹੋਏ। ਤਾਂ ਤੇ ਆਪ ਦਾ ਜਨਮ ੧੮੧੮ ਈ. ਦਾ ਮਿਥਿਆ ਜਾਏ ਨਾ ਕਿ ੧੮੨੫ ਦਾ ਜੋ ਸਰਕਾਰੀ ਰੀਕਾਰਡ ਵਿਚ ਦਰਜ ਹੈ। ਹੋ ਸੱਕਦਾ ਹੈ ਆਪ ਸਤਿਗੁਰੂ ਰਾਮ ਸਿੰਘ ਜੀ ਦੇ ਹਾਣੀ ਹੀ ਹੋਣ। ਫੌਜੀ ਜੀਵਨ ਵਿਚ ਦੋਹਾਂ ਦੀਆਂ ਬਿਰਤੀਆਂ, ਨਾਮ ਸਿਮਰਨ ਸੇਵਾ ਵਾਲੇ ਪਾਸੇ ਅਤੇ ਸਾਧੂ ਸੁਭਾਉ ਹੋਣ ਕਾਰਨ, ਇਕ ਦੂਜੇ ਪ੍ਰਤੀ ਕੁਝ ਆਕਰਸ਼ਣ ਵੀ ਹੋ ਗਿਆ ਹੋਵੇ, ਜਿਸ ਕਾਰਨ ਇਹਨਾਂ ਨੂੰ ੧੮੬੮ ਈ. ਵਿਚ ਇਹਨਾਂ ਦੇ ਘਰ ਜਾਣ ਸਮੇਂ, ਸਤਿਗੁਰੂ ਜੀ ਆਪ ਨੂੰ ਪੁਰਾਤਨ ਸਿੱਖ ਕਹਿ ਕੇ ਵਡਿਆਉਂਦੇ ਹਨ, ਜੋ ਪਹਿਲਾਂ ਹੀ ਸਿੱਖੀ ਅੰਦਰ ਵਸਾਈ ਬੈਠੇ ਹਨ। ਇਕ ਦਿਨ "ਆਪ ਕਿਲੇ ਵਿਚੋਂ ਨਿਕਲ ਕੇ ਬਾਹਰ ਨੂੰ ਆ ਰਹੇ ਸਨ ਕਿ ਇਕ ਮਸਤ ਮਾਈ ਦਾ ਦਰਸ਼ਨ ਹੋਇਆ। ਇਹ ਮਾਈ ਅਲਫ ਨੰਗੀ ਰਹਿੰਦੀ ਸੀ। ਭਾਵੇਂ ਕੋਈ ਕਿੰਨਾ ਕੀਮਤੀ ਕੱਪੜਾ ਦੇਂਦਾ, ਰਤਾ ਪ੍ਰਵਾਹ ਨਾ ਕਰਦੀ। ਇਕ ਦਿਨ ਸ਼ਹਿਰ ਵਿਚ ਦੋ ਪੂਰਨ ਫਕੀਰ ਆਏ, ਜਿਨ੍ਹਾਂ ਤੋਂ ਸੰਕੋਚ ਕਰ ਕੇ ਮਾਈ ਲੁਕਦੀ ਫਿਰਦੀ ਅਤੇ ਲੋਕਾਂ ਤੋਂ ਪਰਦੇ ਵਾਸਤੇ ਬਸਤਰ ਮੰਗਦੀ ਸੀ। ਜਦ ਕਾਰਨ ਪੁੱਛਿਆ ਗਿਆ ਤਾਂ ਮਾਈ ਨੇ ਦੱਸਿਆ ਕਿ ਜਿੱਦਣ ਦੀ ਮੈਂ ਏਥੇ ਆਈ ਹਾਂ, ਅੱਜ ਦੋ ਮਰਦਾਂ ਦਾ ਦਿਦਾਰ ਹੋਇਆ ਹੈ, ਜਿਨ੍ਹਾਂ ਤੋਂ ਪਰਦਾ ਕਰਨਾ ਜ਼ਰੂਰੀ ਹੈ।...ਇਸ ਮਾਈ ਨੂੰ ਸਰਦਾਰ ਲਹਿਣਾ ਸਿੰਘ ਜੀ ਨੇ ਪੁੱਛਿਆ, ਮਾਈ ਤੂੰ ਸੁਦੈਣ ਹੈਂ? ਤਾਂ ਉਸਨੇ ਰਮਜ਼ ਭਰੀ ਬੋਲੀ ਵਿਚ ਕਿਹਾ "ਲੱਗੇਗੀ ਤਾਂ ਜਣੇਂਗਾ।" ਮਾਈ ਦੀ ਏਸ ਗੱਲ ਦਾ ਬਾਬਾ ਜੀ ਤੇ ਅਜਿਹਾ ਅਸਰ ਹੋਇਆ ਕਿ ਦਿਲ ਦੁਨੀਆਂ ਵਲੋਂ ਉਪਰਾਮ ਹੋ ਗਿਆ ਅਤੇ ਨੌਕਰੀ ਛੱਡ ਕੇ ਪਿੰਡ ਆ ਗਏ। ਗੁਰਬਾਣੀ ਦਾ ਪਾਠ ਕਰਨਾ ਆਪ ਨੇ ਆਪਣਾ ਸ਼ੁਗਲ ਬਣਾ ਲਿਆ।...ਗੁਰੂ ਗ੍ਰੰਥ ਸਾਹਿਬ ਦਾ ਪਾਠ ਜਾਰੀ ਹੀ ਰੱਖਦੇ।..."[9]

ਗੁਜਰਾਂਵਾਲਾ ਸ਼ਹਿਰ ਦਾ ਵਾਯੂਮੰਡਲ, ਉਸ ਸਮੇਂ ਕੁਝ ਅਜਿਹਾ ਸੀ ਜਿਸ ਵਿਚ ਪਹੁੰਚੇ ਹੋਏ ਸਾਧੂ ਸੰਤਾਂ ਦੀ ਮੌਜੂਦਗੀ ਕਾਰਨ, ਭਗਤੀ ਰਸ ਦੀਆਂ ਧਾਰਾਂ ਵਹਿ ਰਹੀਆਂ ਸਨ। ਗੁਰਮਤਿ-ਮਾਰਗ ਨੂੰ ਜਾਣ ਵਾਲੇ ਪਾਂਧੀਆਂ ਵਿਚ ਭਾਉ ਭਗਤੀ ਵਾਲਿਆਂ ਦੇ ਨਾਲ ਨਾਲ ਸੂਫੀਆਨਾ, ਮਸਤ ਬਿਰਤੀ ਵੀ ਹਾਜ਼ਰ ਰਹਿੰਦੀ ਹੈ। ਇਹੋ ਜਿਹੇ ਮਾਨਵਤਾ ਦੇ ਪਿਆਰਿਆਂ, ਲੋਕ ਜਿਹਨਾਂ ਨੂੰ ਉੱਖੜੇ ਸਮਝਦੇ ਹਨ, ਦੀ ਸੰਗਤ ਭਾਈ ਲਹਿਣਾ ਸਿੰਘ ਦਾ ਹਾਸਲ ਬਣੀ, ਜਿਸ ਕਾਰਨ ਉਹ ਲੋਕ ਲਾਜ ਤੋਂ ਬੇਮੁਹਤਾਜ ਹੋ ਗਏ। ਇਸ ਮਾਰਗ ਦੇ ਰਾਹੀਆਂ ਬਾਰੇ ਆਰਿਫਾਨਾ ਸੋਚ ਵਾਲੇ, ਵੀਹਵੀਂ ਸਦੀ ਦੇ ਪੰਜਾਬੀ ਕਵੀ ਗੁਰਬਖਸ਼ ਸਿੰਘ "ਜੱਟ" ਲਿਖਦੇ ਹਨ :-

"ਪੈਦਲ ਇਸ਼ਕ ਹਜਾਰਿਉਂ ਟੁਰਿਆ,
ਪਹੁੰਚਾ ਵਿਚ 'ਸਿਆਲਾਂ'।
ਹੱਥਾਂ 'ਚੋਂ ਹਥਿਆਰ ਡਿੱਗ ਪਏ,
ਟੁੱਟ ਗਈਆਂ ਸਭ ਢਾਲਾਂ।
ਵਿਰਸਾ ਛੱਡ ਘਰੋਗਾ ਦਿੱਤਾ,
'ਵਾਰਿਸ' ਜੱਗ ਦਾ ਹੋਇਆ।
ਲੋਕ ਲਾਜ ਮੁਹਤਾਜੀ ਮੁੱਕੀ,
ਵਾਹ ਇਸ਼ਕ ਦੀਆਂ ਚਾਲਾਂ।"



Namdhari Elibrary NamdhariElibrary@gmail.com

ਉਸ ਸਮੇਂ ਦੇ ਸ਼ਹਿਰ ਗੁਜਰਾਂਵਾਲੇ ਦੇ ਸੰਤਪੁਰਖਾਂ ਵਿਚੋਂ ਉਘੇ ਨਾਮ ਸਨ, ਬਾਬਾ ਪਤਾਸਾ ਸਿੰਘ ਜੀ, ਮਸਤ ਸੁਜਾਨ ਸਿੰਘ ਜੀ ਅਤੇ ਬਾਬਾ ਰਤਨ ਸਿੰਘ ਜੀ। ਇਹਨਾਂ ਸਾਰਿਆਂ ਦੀ ਸੰਗਤ ਨੇ, ਸਰਦਾਰ ਲਹਿਣਾ ਸਿੰਘ ਨੂੰ, ਇਕ ਉੱਚੀ ਬਿਰਤੀ ਵਾਲੇ ਫਕੀਰੀ ਜੀਵਨ ਵਿਚ ਪਰਵਰਤਿਤ ਕਰਨ ਦਾ ਵੱਡਾ ਕਾਰਜ ਕੀਤਾ। ਬਾਬਾ ਪਤਾਸਾ ਸਿੰਘ ਨਿਹੰਗ ਸਿੰਘ ਸਨ, ਜੋ ਮਾਲਵੇ ਵਿਚੋਂ ਇੱਥੇ ਆ ਟਿਕੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਲਾਡਲੇ ਕੂਕੇ ਥੀਰਾਂ ਦੀਆਂ ਤੋਪਾਂ ਅੱਗੇ ਸ਼ਹਾਦਤਾਂ ਅਤੇ ਸੂਬਿਆਂ ਸਮੇਤ, ਸਤਿਗੁਰੂ ਜੀ ਦੀ ਜਲਾਵਤਨੀ ਬਾਅਦ, ਆਪ ਨੇ ਕੇਸਾਂ ਵਿਚ ਦਹੀਂ ਪਾ ਕੇ ਇਸ਼ਨਾਨ ਸੋਧਣਾ ਤਿਆਗ ਦਿੱਤਾ। ਪੁੱਛਣ ਤੇ ਕਹਿੰਦੇ-"ਜਦੋਂ ਗਊ ਗਰੀਬ ਦੇ ਪਾਲਕਾਂ ਨੂੰ, ਇਹਨਾਂ ਨਾਲ ਪ੍ਰੇਮ ਕਰਨ ਦੇ ਦੋਸ਼ ਵਿਚ, ਜ਼ਾਲਮ ਵਿਦੇਸ਼ੀ ਸਰਕਾਰ ਨੇ ਕੈਸੇ ਕਠੋਰ ਬੰਦੀ ਜੀਵਨ ਵਿਚ ਪਾ ਦਿੱਤਾ ਹੈ, ਜਿੱਥੇ ਉਹਨਾਂ ਨੂੰ ਪਤਾ ਨਹੀਂ ਕੇਸੀਂ ਇਸ਼ਨਾਨ ਕਿਵੇਂ ਕਰਨਾ ਪੈਂਦਾ ਹੈ, ਮੈਂ ਕੇਸਾਂ ਵਿਚ ਦਹੀਂ ਪਾਉਣ ਦੀ ਵਿਲਾਸਤਾ ਨਹੀਂ ਮਾਣ ਸੱਕਦਾ। ਦਸਵੇਂ ਪਾਤਸ਼ਾਹ ਦੇ ਬਚਨਾਂ ਤੇ ਚੱਲਦਿਆਂ, ਸਰਬ ਲੋਹ ਦਾ ਸਤਿਕਾਰ ਕਰਦੇ ਹੋਏ, ਆਪਣੇ ਘੋੜੇ ਦੀਆਂ ਰਕਾਬਾਂ ਲੋਹੇ ਦੀ ਬਜਾਏ ਪਿੱਤਲ ਦੀਆਂ ਰੱਖਦੇ। ਸ਼ਰਧਾਵਾਨਾਂ ਦੀਆਂ ਮੁਰਾਦਾਂ ਪੂਰੀਆਂ ਕਰਦੇ। ਇਹਨਾਂ ਦਾ ਡੇਰਾ ਤੇ ਸਮਾਧ, (ਵੰਡ ਤੋਂ ਪਹਿਲਾਂ) ਗੁਜਰਾਂਵਾਲੇ ਘੰਟਾ ਘਰ ਪਾਸ ਹੁੰਦੀ ਸੀ।

ਮਸਤ ਸੁਜਾਨ ਸਿੰਘ, ਜਿਹਨਾਂ ਦੀ ਸਮਾਧ ਠਠਿਆਰਾਂ ਵਾਲੀ ਗਲੀ ਵਿਚ ਹੁੰਦੀ ਸੀ, ਰਸਾਂ ਕਸਾਂ ਤੋਂ ਬੇਪ੍ਰਵਾਹ, ਜੋ ਮਿੱਠਾ, ਲੂਣਾ, ਖੱਟਾ, ਤੁਰਸ਼ੀ ਮਿਲੇ, ਮਿਲਾ ਕੇ ਛਕ ਲੈਂਦੇ। ਕੂਕਰਾਂ ਨਾਲ ਛਕਣ ਤੋਂ ਵੀ ਗੁਰੇਜ਼ ਨਾ ਕਰਦੇ। ਕੁੱਤਿਆਂ ਨੂੰ ਮੂੰਹੋ ਫੜ ਫੜ ਨਾਲੇ ਖੁਆਉਂਦੇ। ਆਪਣੀ ਕੰਬਲੀ ਧੂਹੀ ਫਿਰਦੇ, ਪਿਛੇ ਕੁੱਤੇ ਲੱਗੇ ਹੁੰਦੇ।[10] ਇਸਾਈ ਮਾਪਿਆਂ ਤੋਂ ਇਸਲਾਮ ਵਿਚ ਆਇਆ, ਸੂਫੀ ਮਾਰੂਫ ਕਰਖੀ, ਉਮਰ ਦੇ ਆਖਰੀ ਪਹਿਰੇ ਬਗਦਾਦ ਵਿਖੇ ਰਹਿੰਦਾ ਸੀ। ਉਸ ਸ਼ਹਿਰ ਦਾ ਹਾਕਮ ਮਾਰੂਫ ਦਾ ਚਾਚਾ ਸੀ। ਚਾਚੇ ਨੇ ਇਕ ਦਿਨ ਕੀ ਵੇਖਿਆ ਕਿ ਮਾਰੂਫ ਆਪਣਾ ਭੋਜਨ ਕੁੱਤੇ ਨਾਲ ਸਾਂਝਾ ਕਰ ਰਿਹਾ ਹੈ। ਇਕ ਬੁਰਕੀ ਆਪਣੇ ਮੂੰਹ ਵਿਚ ਪਾਉਂਦਾ, ਦੂਜੀ ਕੁੱਤੇ ਦੇ ਮੂੰਹ ਵਿਚ। ਚਾਚੇ ਨੇ ਕਿਹਾ "ਸ਼ਰਮ ਨਹੀਉਂ ਆਉਂਦੀ ਕੁੱਤੇ ਨਾਲ ਖਾਂਦਿਆਂ?" ਮਾਰੂਫ ਦਾ ਜੁਆਬ ਸੀ "ਸ਼ਰਮ ਆਉਂਦੀ ਏ, ਤਾਂ ਹੀ ਤਾਂ ਇਹ ਕੁਝ ਕਰ ਰਿਹਾ ਹਾਂ।" ਭਾਵ ਇਸ ਗੱਲ ਦੀ ਸ਼ਰਮ ਕਿ ਹੁਣ ਤੱਕ ਆਪਣੇ ਆਪ ਨੂੰ ਕੁੱਤੇ ਤੋਂ ਉੱਤੇ ਹੀ ਸਮਝਦੇ ਰਹੇ, ਜਦੋਂ ਕਿ ਸਨ ਕੁੱਤੇ ਸਾਥੋਂ ਉੱਤੇ।[11]

ਤੀਸਰੇ ਬਾਬਾ ਰਤਨ ਸਿੰਘ ਜੀ ਦਾ ਜਨਮ ਤਾਂ, ਨਾਮਧਾਰੀਆਂ ਦੇ ਦੜ੍ਹਪ ਵਿਚਲੇ ਬਾਅਦ ਵਿਚ "ਗੁਰੂ ਚੱਕ" ਪ੍ਰਸਿੱਧ ਹੋਏ, ਪਹਿਲਾ ਨਾਂ "ਉੱਗੂ ਚੱਕ", ਪਿੰਡ ਦਾ ਸੀ। "ਆਪ ਸਤੋਗੁਣੀ, ਧਰਮਾਤਮਾ, ਗੁਣੀ ਗਿਆਨੀ ਅਤੇ ਨਾਮ ਦੇ ਰਸੀਏ ਸਨ।" ਦੇਵੀ ਤਲਾਅ ਦੇ ਚੜ੍ਹਦੇ ਤੇ ਪਹਾੜ ਦੀ ਨੁੱਕਰ ਵਿਚ ਆਪ ਦੀ ਸਮਾਧ ਸੀ ਸਤਿਗੁਰੂ ਜੀ ਨਾਲ ਭੇਟ ਹੋਣ ਤੋਂ ਪਹਿਲਾਂ, ਬਾਬਾ ਰਤਨ ਸਿੰਘ ਹੋਰਾਂ ਤੋਂ ਹੀ, ਭਾਈ ਲਹਿਣਾ ਸਿੰਘ ਨੇ ਗੁਰਮਤਿ ਮਾਰਗ ਦਾ ਗਿਆਨ ਲਿਆ ਸੀ। ਇਸ ਅਲੌਕਿਕ ਮੇਲ ਤੋਂ ਬਾਅਦ ਲਹਿਣਾ ਸਿੰਘ ਜੀ ਨੇ, ਬਾਬਾ ਜੀ ਦੇ ਦੁਆਰੇ ਤੇ ਜਾ ਕੇ ਕਈ ਕਈ ਦਿਨ ਜੋੜਿਆਂ ਵਿਚ ਖਲੋਤੇ ਰਹਿਣਾ, ਜਿਸ ਤੇ ਬਾਬਾ ਰਤਨ ਸਿੰਘ ਨੇ ਆਪ ਨੂੰ ਭਜਨ ਕਰਨ ਦਾ ਹੁਕਮ ਦਿੱਤਾ। ਹੌਲੀ ਹੌਲੀ ਆਪ ਦੀ ਸੰਗਤ ਕਰਦਿਆਂ ਕਰਦਿਆਂ, ਆਪ ਇਲਾਹੀ ਰੰਗਣ ਵਿਚ ਰੰਗੇ ਗਏ ਅਤੇ ਆਤਮਕ ਅਨੰਦ ਵਿਚ ਲੀਨ ਰਹਿਣ ਲੱਗ ਪਏ। ਹੁਣ ਆਪ ਚੁੱਪ ਕਰ ਰਹਿੰਦੇ ਅਤੇ ਕਈ ਕਈ ਦਿਨ ਘਰ ਵੀ ਨਾ ਜਾਂਦੇ। ਜੇ ਕਦੇ ਜਾਂਦੇ ਉਥੇ ਜੀਅ ਨਾ ਲੱਗਦਾ। ਇਕ ਵੇਰ ਭਤੀਜੇ ਨੂੰ ਵਿਆਹ ਕੇ ਆਏ ਤਾਂ ਕੰਠੇ, ਕੜੇ, ਕੁੰਡਲਾਂ ਗਹਿਣਿਆਂ ਅਤੇ ਸਰਦਾਰੀ ਪੁਸ਼ਾਕ ਸਮੇਤ, ਬਾਬਾ ਰਤਨ ਸਿੰਘ ਜੀ ਨੂੰ ਜਾ ਮੱਥਾ ਟੇਕਿਆ। 'ਬਾਬਾ ਜੀ ਨੇ ਕਿਹਾ, ਜੇ ਸਾਡੇ ਕੋਲ ਆਉਣਾ ਹੈ ਤਾਂ ਸਾਧੂ ਬਣ ਕੇ ਆ ਤੇ ਜੇ ਸਰਦਾਰੀ ਦੀ ਐਂਠ ਵਿਚ ਰਹਿਣਾ ਹੈ, ਤਾਂ ਘਰ ਵਿਚ ਹੀ ਰਹੁ। ਇਹ ਸੁਣਦਿਆਂ ਸਾਰ ਆਪ ਨੇ ਇਕ ਲੰਗੋਟੀ (ਕੁਪੀਨ) ਬੰਨ ਲਈ ਅਤੇ ਇਕ ਚਾਦਰ ਉਪਰ ਲੈਣ ਨੂੰ ਰੱਖ ਕੇ ਬਾਕੀ ਸਭ ਬਸਤਰ ਗਹਿਣੇ, ਤੁਰਤ ਲੋੜਵੰਦਾਂ ਨੂੰ ਵੰਡ ਦਿੱਤੇ। ਟਿਕਾਣਾ ਵੀ ਬਾਬਾ ਜੀ ਪਾਸ ਕਰ ਲਿਆ। ਬਾਬਾ ਜੀ ਦੇ ਇਸ ਤਰ੍ਹਾਂ ਫਕੀਰੀ ਧਾਰਨ ਕਰਨ ਤੇ ਪਰਿਵਾਰ ਨੇ ਪਰੇਸ਼ਾਨੀ ਮਨਾਈ ਹੀ, ਸਭ ਤੋਂ ਵੱਧ ਪਰੇਸ਼ਾਨੀ ਆਪ ਦੀ ਸੱਸ ਮਾਈ ਦੇਸਾਂ, ਨਲਵੇ ਜਰਨੈਲ ਦੀ ਵਿਧਵਾ ਨੇ ਮਨਾਈ। ਕਿਉਂਕਿ ਉਸਦਾ ਇਕ ਪੁੱਤਰ ਰਾਮ ਨਗਰ ਵਾਲੀ ਲੜਾਈ ਵਿਚ (ਸਿੱਖ ਅੰਗਰੇਜ਼ ਜੰਗ ਵਿਚ) ਅੰਗਰੇਜ਼ਾਂ ਵਿਰੁੱਧ ਲੜਦਾ ੨੨ ਨਵੰਬਰ ੧੮੪੮ ਨੂੰ ਮਾਰਿਆ ਗਿਆ ਸੀ ਅਤੇ ਜੁਆਈ ਨੇ ਫਕੀਰੀ ਧਾਰਨ ਕਰ ਲਈ ਸੀ। ਅੰਗਰੇਜ਼ੀ ਰਾਜ ਆਉਣ ਬਾਅਦ ਨਲਵਾ ਜੀ ਦੇ ਕੁਝ ਮਕਾਨ ਬਾਰਾਂਦਰੀ ਆਦਿ ਅੰਗਰੇਜ਼ਾਂ ਨੇ ਤੋਪਾਂ ਨਾਲ ਉਡਾ ਦਿੱਤੇ ਸਨ, ਬਾਕੀ ਜ਼ਬਤ ਕਰ ਕੇ ਨੀਲਾਮ ਕਰ ਦਿੱਤੇ। ਮਾਈ ਦੇਸਾਂ ਨੇ ਨੀਲਾਮੀ ਸਮੇਂ ਇਕ ਹਵੇਲੀ ਛੇ ਹਜ਼ਾਰ ਰੁਪੇ ਭਰ ਕੇ ਰੱਖ ਲਈ। ਇਹ ਦੋ ਛੱਤੀ ਹਵੇਲੀ ਸੀ ਜਿਸ ਵਿਚ ਮਾਈ ਆਪ ਵੱਸਦੀ ਸੀ। ਰੋਸ ਸਵਰੂਪ ਉਹ ਬਾਬਾ ਜੀ ਦੀ ਸਿੰਘਣੀ ਬੀਬੀ ਚੰਦ ਕੌਰ ਨੂੰ ਵੀ, ਇਸ ਹਵੇਲੀ ਵਿਚ ਆਪਣੇ ਪਾਸ ਲੈ ਗਈ। ਬਾਬਾ ਰਤਨ ਸਿੰਘ ਅਤੇ ਆਪਣੇ ਜੁਆਈ ਲਹਿਣਾ ਸਿੰਘ ਹੋਰਾਂ ਦਾ ਨਾਮ ਲੈ ਲੈ ਕੇ ਮਾਈ ਵਿਰਲਾਪ ਕਰਦੀ ਰਹਿੰਦੀ। ਇਸ ਤੇ ਬਾਬਾ ਰਤਨ ਸਿੰਘ ਜੀ ਨੇ, ਕਦੇ ਕਦੇ ਆਪ ਨੂੰ ਘਰ ਜਾਣ ਦਾ ਹੁਕਮ ਦੇ



Namdhari Elibrary NamdhariElibrary@gmail.com

ਕੇ ਭੇਜ ਦੇਣਾ। ਕਦੇ-ਕਦੇ ਆਪ ਨੇ ਘਰ ਜਾ ਕੇ ਪਰਸ਼ਾਦਾ ਛਕ ਆਉਣਾ। ਮਾਈ ਦਾ ਗੁੱਸਾ ਹੌਲੇ ਹੌਲੇ ਘਟ ਗਿਆ ਤੇ ਉਸਨੇ ਬਾਬਾ ਰਤਨ ਸਿੰਘ ਤੋਂ ਆਗਿਆ ਲੈ ਕੇ, ਆਪ ਨੂੰ ਹਵੇਲੀ ਵਿਚ ਹੀ ਲੈ ਆਂਦਾ। ਤਿੰਨ ਲੱਖ ਰੁਪੈ ਦਾ ਸੋਨਾ ਅਤੇ ਹੋਰ ਸੰਪਤੀ ਲਹਿਣਾ ਸਿੰਘ ਦੇ ਹਵਾਲੇ ਕਰਕੇ ਚੰਗੀ ਤਰ੍ਹਾਂ ਸਾਂਭਣ ਲਈ ਕਿਹਾ ਕਿ ਜਦੋਂ ਲੋੜ ਹੋਵੇਗੀ ਮੈਂ ਲੈ ਲਵਾਂਗੀ।[12]

ਮਾਈ ਦੇਸਾਂ ਪੁੱਤਰੀ ਦੇ ਪਰਿਵਾਰ ਤੋਂ, ਲੰਗਰ ਪਹਿਲਾਂ ਵੱਖਰਾ ਪਕਾਉਂਦੀ ਸੀ। ਇਕ ਦਿਨ ਆਪ ਦੇ ਬੱਚੇ ਨੂੰ ਭੁੱਖ ਲੱਗ ਗਈ ਤਾਂ ਉਹ ਰੋਣ ਲੱਗ ਪਿਆ। ਬਾਬਾ ਲਹਿਣਾ ਸਿੰਘ ਦੇ ਪੁੱਛਣ ਤੇ ਬੀਬੀ ਚੰਦ ਕੌਰ ਨੇ ਕਿਹਾ ਕਿ ਲੰਗਰ ਤੋਂ ਦੇਰ ਹੋਣ ਕਾਰਨ ਭੁੱਖਾ ਬੱਚਾ ਰੋਂਦਾ ਹੈ। ਆਪ ਦਾ ਕਹਿਣਾ ਸੀ- "ਚੰਦ ਕੌਰੇ। ਸਾਡੇ ਪਾਸ ਤਾਂ ਇਹੋ ਭੁੱਖ ਨੰਗ ਹੀ ਹੈ।" ਪ੍ਰੰਤੂ ਬੀਬੀ ਨੇ ਬੱਚੇ ਦੀ ਭੁੱਖ ਤੇ, ਉਸਨੂੰ ਝਿੜਕਣ ਵਾਲੀ ਆਪਣੀ ਮਾਂ ਨੂੰ ਵੀ, ਮਾੜਾ ਚੰਗਾ ਕਿਹਾ। ਇਸ ਕਾਰਨ ਮਾਈ ਦੇਸਾਂ ਹਵੇਲੀ, ਧੀ ਜੁਆਈ ਨੂੰ ਦੇ ਕੇ, ਆਪ ਧਰਮਸ਼ਾਲਾ ਵਿਚ ਜਾ ਕੇ ਰਹਿਣ ਲੱਗ ਪਈ। ਗੁਜਰਾਂਵਾਲੇ ਵਿਚ ਇਹ ਹਵੇਲੀ ਬਾਅਦ ਵਿਚ "ਸ. ਹਰੀ ਸਿੰਘ ਨਲਵੇ ਦੀ ਹਵੇਲੀ" ਕਰਕੇ ਪ੍ਰਸਿੱਧ ਹੋਈ। ਇਸ ਦੇ ਹੇਠਾਂ ਦੋ ਭੋਰੇ ਅਤੇ ਉੱਪਰ ਦੋ ਛੱਤਾਂ ਸਨ। ਜਦੋਂ ਸੰਨ ੧੮੬੮ ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਗੁਜਰਾਂਵਾਲੇ ਆਏ ਸਨ ਤਾਂ ਲਹਿਣਾ ਸਿੰਘ ਹੋਰਾਂ ਦੀ ਅਰਜ਼ ਮੰਨ ਕੇ ਉਤਾਰਾ, ਇਸੇ ਇਤਿਹਾਸਕ ਹਵੇਲੀ ਵਿਚ ਕੀਤਾ ਸੀ। ਰਾਤ ਦੀਵਾਨ ਹਵੇਲੀ ਦੀ ਉੱਪਰਲੀ ਛੱਤ ਤੇ ਲੱਗਾ। ਜਾਣ ਸਮੇਂ ਸਤਿਗੁਰੂ ਜੀ, ਬਾਬਾ ਲਹਿਣਾ ਸਿੰਘ ਜੀ ਨੂੰ, ਰੋਜ਼ ਸਵੇਰੇ ਆਸਾ ਦੀ ਵਾਰ ਲਾਉਣ ਅਤੇ ਸਭ ਨੂੰ ਸਾਂਝਾ ਉਪਦੇਸ਼ ਦੇਣ ਦਾ ਹੁਕਮ ਦੇ ਗਏ ਜੋ ਆਪ ਨੇ ਤਾ ਉਮਰ ਨਿਭਾਇਆ। ਜੇ ਕੋਈ ਹੋਰ ਗੁਰਸਿੱਖ ਅਰਜ਼ ਕਰਦਾ ਤਾਂ ਉਸ ਵੱਲ ਵੀ ਜਾ ਦੀਵਾਨ ਲਾਉਂਦੇ। ਇਉਂ ਬਾਬਾ ਲਹਿਣਾ ਸਿੰਘ ਜੀ ਦੁਆਰਾ ਨਾਮਧਾਰੀ ਪੰਥ ਵਿਚ ਪਰਵੇਸ਼ ਪਾਉਣ ਨਾਲ ਜ਼ਿਲ੍ਹਾ ਗੁਜਰਾਂਵਾਲੇ ਵਿਚ, ਨਾਮਧਾਰੀ ਸੰਗਤਾਂ ਦੀ ਗਿਣਤੀ ਵਿਚ ਸ਼ਹਿਰ, ਪਿੰਡਾਂ, ਕਸਬਿਆਂ ਵਿਚ ਚੋਖਾ ਵਾਧਾ ਹੋਇਆ। ਆਪ ਦੇ ਜੀਵਨ ਪ੍ਰਯੰਤ ਆਲੇ ਦੁਆਲੇ ਦੀ ਨਾਮਧਾਰੀ ਸੰਗਤ ਜੋ ਬਾਹਰੋਂ ਆਉਂਦੀ, ਉਸ ਦਾ ਟਿਕਾਣਾ ਉਸ ਇਸ ਹਵੇਲੀ ਵਿਚ ਹੀ ਹੁੰਦਾ ਸੀ।

ਬਾਬਾ ਜੀ ਰੋਜ ਕਾਫੀ ਮਾਤਰਾ ਵਿਚ ਲੰਗਰ ਪਕਵਾ ਕੇ, ਵਹਿੰਗੀਆਂ ਤੇ ਚੁਕਵਾ ਕੇ ਸ਼ਹਿਰ ਅਤੇ ਆਸ ਪਾਸ ਦੇ ਪਿੰਡਾਂ ਵਿਚ, ਲੋੜਵੰਦਾਂ ਨੂੰ ਜਾ ਵੰਡਦੇ। ਕੂਕਰਾਂ ਆਦਿਕ ਨੂੰ ਵੀ ਵਰਤਾਉਂਦੇ। ਇਕ ਵੇਰ ਆਪ "ਲੱਧੇ ਵਾਲਾ ਵੜੈਚ" ਪਿੰਡ ਵਿਚ ਲੰਗਰ ਵੰਡ ਰਹੇ ਸਨ ਕਿ ਇਕ ਕੁੱਤੀ ਅਛੋਪਲੇ ਆਈ ਅਤੇ ਆਪ ਦੀ ਲੱਤ ਵਿਚੋਂ ਬੁਰਕ ਭਰ ਕੇ ਚਲੀ ਗਈ। ਆਪ ਉਸਦੇ ਪਿੱਛੇ ਪਿੱਛੇ ਗਏ ਤਾਂ ਵੇਖਿਆ ਕਿ ਉਹ ਸੂਈ ਸੀ ਅਤੇ ਕਤੂਰੇ ਭੁੱਖੇ ਸਨ। ਸੋ ਉਹਨਾਂ ਨੂੰ ਪਰਸ਼ਾਦੇ ਪਾਏ ਅਤੇ ਪਹਿਲਾਂ ਕੁੱਤੀ ਤੇ ਉਸਦੇ ਭੁੱਖੇ ਪਰਿਵਾਰ ਲਈ ਕੁਝ ਨਾ ਕਰਨ ਦੇ ਪ੍ਰਾਸ਼ਚਿਤ ਵਜੋਂ ਦੋ ਸੇਰ ਰੋਜ਼ ਦਾ ਦੁੱਧ ਵੀ ਉਸ ਕੁੱਤੀ ਲਈ, ਜਦੋਂ ਤੱਕ ਕਤੂਰੇ ਪਲਣ, ਲਾ ਆਏ। ਐਸੇ ਸਨ ਸਤਿਗੁਰੂ ਜੀ ਦੀ ਮਿਹਰ ਦੇ ਪਾਤਰ ਬਣੇ, ਬਾਬਾ ਲਹਿਣਾ ਸਿੰਘ। ਲੋੜਵੰਦਾਂ ਲਈ ਜੋੜੇ, ਕੱਪੜੇ, ਲੋਈਆਂ ਵੰਡਦੇ ਹੀ ਰਹਿੰਦੇ। ਸ੍ਰੀ ਅੰਮ੍ਰਿਤਸਰ, ਦੀਵਾਲੀ, ਵੈਸਾਖੀ ਦੇ ਮੇਲਿਆਂ ਸਮੇਂ ਜਾ ਕੇ, ਉਚੇਚੇ ਲੰਗਰ ਲਾਉਂਦੇ। ਵਹਿਮੀ ਜੀ ਦੀ ਲਿਖਤ ਮੁਤਾਬਿਕ, ਆਪ ਦੀ ਅਠਾਰਾਂ ਮਣ ਪੱਕਾ ਦਾਲਾ ਰਿੰਨ੍ਹਣ ਵਾਲੀ ਦੇਗ ਆਪ ਤੋਂ ਬਾਅਦ ਵੀ, ਅੰਮ੍ਰਿਤਸਰ ਵਿਚ ਵੇਖੀ ਜਾਂਦੀ ਸੀ। ਰੋੜੀ ਸਾਹਿਬ ਏਮਨਾਬਾਦ ਦੇ ਗੁਰਦੁਆਰੇ ਵੀ, ਆਪ ਦੇ ਇਕ ਦੋ ਬਰਤਨ ਪਏ, ਸੰਗਤਾਂ ਦੇ ਦ੍ਰਿਸ਼ਟੀ ਗੋਚਰ ਹੁੰਦੇ ਰਹੇ ਸਨ। ਸ੍ਰੀ ਅੰਮ੍ਰਿਤਸਰ ਜਾਂਦੇ ਤੇ ਗੁਰੂ ਕੀ ਨਗਰੀ ਅਤੇ ਗੁਰੂ ਦਰਬਾਰ ਵਿਚ ਝਾੜੂ ਫੇਰਦੇ, ਕੂੜਾ ਟੋਕਰੀ ਵਿਚ ਪਾ ਕੇ ਸੁੱਟਦੇ ਗੁਜਰਾਂਵਾਲੇ ਤੋਂ ਤੁਰਨ ਸਮੇਂ ਹੀ, ਝਾੜੂ ਸੁਪਤਨੀ ਨੂੰ ਫੜਾ ਕੇ ਹੀ ਤੁਰਦੇ। ਇਕ ਵੇਰ ਬੀਬੀ ਦਾ ਭਾਈ ਜਵਾਹਰ ਸਿੰਘ ਜਾਂਦਿਆਂ ਨੂੰ, ਅੱਗੋਂ ਮਿਲ ਪਿਆ। ਜਿਸਨੂੰ ਦੂਰੋਂ ਸਿਆਣ ਕੇ ਬੀਬੀ ਚੰਦ ਕੌਰ ਨੇ ਝਾੜੂ ਲੁਕਾ ਦਿੱਤਾ ਕਿ ਭਰਾ ਪਰੇਸ਼ਾਨੀ ਨਾ ਮੰਨੇ ਕਿ ਸਿੱਖ ਰਾਜ ਦੇ ਮਹਾਨ ਥੰਮ੍ਹ, ਵੱਡੇ ਜਰਨੈਲ ਨਲਵੇ ਸਰਦਾਰ ਦੀ ਪੁੱਤਰੀ, ਝਾੜੂ ਲਈ ਫਿਰਦੀ ਹੈ ਗਲੀਆਂ ਵਿਚ। ਇਸ ਤੇ ਬਾਬਾ ਜੀ ਨੇ ਕਿਹਾ ਕਿ ਅਜੇ ਸਰਦਾਰੀ ਦਾ ਕੰਡਾ ਰੜਕਦਾ ਹੈ। ਗੁਰੂ ਘਰ ਦੀ ਸੇਵਾ ਜਿਹਨਾਂ ਨੂੰ ਮਿਲੇ ਉਹਨਾਂ ਨੂੰ ਹੋਰ ਕੀ ਚਾਹੀਦਾ ਹੈ?[13]

ਇਕ ਸਮੇਂ ਆਪ ਦੀ ਸੱਸ ਨੇ ਜੋ ਧਨ ਆਪ ਨੂੰ ਦਿੱਤਾ ਸੀ ਵਾਪਸ ਮੰਗਿਆ। ਬਾਬਾ ਜੀ ਦਾ ਕਹਿਣਾ ਸੀ "ਬੇਬੇ ਜੀ ਤੁਸੀਂ ਉਹ ਮਾਇਆ ਚੰਗੀ ਤਰ੍ਹਾਂ ਸਾਂਭਣ ਦੀ ਤਾਕੀਦ ਕੀਤੀ ਸੀ। ਸੋ ਮੈਂ ਉਹਨੂੰ ਪੱਕੇ ਭਾਂਡੇ ਵਿਚ ਪਾ ਛੱਡਿਆ ਹੈ। ਜਦੋਂ ਅਤੀ ਲੋੜ ਹੋਈ ਮਿਲ ਜਾਏਗਾ। ਭਾਵ ਉਹ ਮਾਇਆ ਲੋੜਵੰਦਾਂ ਪਾਸ ਪੁੱਜਕੇ ਸਕਾਰਥੇ ਲੱਗ ਗਈ ਹੈ। ਤੁਸੀਂ ਨਲਵਾ ਸਰਦਾਰ ਦੀ ਵਿਧਵਾ ਹੋ। ਤੁਹਾਡੀਆਂ ਲੋੜਾਂ ਵੀ ਪੂਰੀਆਂ ਹੁੰਦੀਆਂ ਰਹਿਣੀਆਂ ਹਨ। ਧਨ ਦੀ ਸੁਚੱਜੀ ਵਰਤੋਂ, ਇਸ ਦੁਆਰਾ ਉਜੜਿਆਂ ਥੁੜਿਆਂ ਦੇ ਕਾਰਜ ਸੁਆਰਨੇ ਹੀ ਗਿਣੀ ਗਈ ਹੈ। ਮਾਤਾ ਸੰਤੁਸ਼ਟ ਹੋ ਗਈ।

ਆਪ ਕੀਰਤਨ ਦੇ ਰਸੀਏ ਵੀ ਸਨ ਤੇ ਖੁਦ ਕੀਰਤਨ ਵਿਚ ਭਾਗ ਵੀ ਲੈਂਦੇ। ਸਤਿਗੁਰੂ ਰਾਮ ਸਿੰਘ ਜੀ ਨੇ, ਆਸਾ ਜੀ ਦੀ ਵਾਰ ਦੇ ਨਾਲ ਛੰਤ ਮਹਲਾ ੪ ਪੜ੍ਹਨ ਦਾ ਜੋ ਹੁਕਮ ਦਿੱਤਾ ਸੀ, ਉਸਨੂੰ ਲਾਗੂ ਕਰਨ ਵਿਚ ਪਹਿਲ ਲਹਿਣਾ ਸਿੰਘ ਹੋਰਾਂ ਨੇ ਕੀਤੀ ਸੀ। ਸੰਤ ਕੇਸਰ ਸਿੰਘ ਜੀ 'ਚੁੱਪ' ਸੇਖਮ



Namdhari Elibrary NamdhariElibrary@gmail.com

(ਗੁਜਰਾਂਵਾਲਾ) ਲੰਮਾ ਸਮਾਂ ਬੋਲਣ ਤੋਂ ਮੁਕਤ ਹੀ ਰਹੇ। ਆਪ ਨੇ ਉਹਨਾਂ ਨੂੰ ਸਮਝਾਇਆ ਕਿ ਲੋੜ ਅਨੁਸਾਰ ਬੋਲਣਾ ਵੀ ਜ਼ਰੂਰੀ ਹੈ। ਬਿਨਾਂ ਬੋਲਿਆਂ ਕਈ ਗੱਲਾਂ ਤਨ, ਮਨ ਦੀਆਂ ਸਮਝਾਈਆਂ ਨਹੀਂ ਜਾਂਦੀਆਂ। 'ਚੱਕਰੀ' ਪਿੰਡ ਤੋਂ ਬਾਬਾ ਪਤਾਸਾ ਸਿੰਘ ਜੀ ਆਪ ਨੂੰ ਮਿਲਣ ਆ ਰਹੇ ਸਨ ਕਿ ਰਸਤੇ ਵਿਚ ਚੜ੍ਹਾਈ ਕਰ ਗਏ। ਹੁਣ ਬਾਬਾ ਲਹਿਣਾ ਸਿੰਘ ਹੋਰਾਂ ਨੇ ਕਹਿਣਾ ਕਿ ਉਹ ਨਾਮ ਤੋਂ ਬਿਰਤੀ ਪਾਸੇ, ਸਾਡੇ ਖਿਆਲ ਵਿਚ ਲਿਆ ਕੇ ਗੁਜ਼ਰ ਗਏ ਹਨ, ਇਸ ਲਈ ਉਹਨਾਂ ਦੇ ਹਿੱਸੇ ਦਾ ਭਜਨ ਵੀ, ਹੁਣ ਅਸੀਂ ਕਰਾਂਗੇ। ਇਸ ਪਰਕਾਰ ਦਾ ਅਧਿਆਤਮਕ ਜੀਵਨ ਸੀ ਬਾਬਾ ਜੀ ਦਾ। ਵਹਿਮੀ ਜੀ ਲਿਖਦੇ ਹਨ ਕਿ ਜਦੋਂ ਹੋਲੇ ਦੇ ਪੁਰਬ ਦੇ ਲਾਗੇ ਚਾਗੇ ੧੯੪੫ ਬਿਕਰਮੀ ਮੁਤਾਬਿਕ ੧੮੮੯ ਈ. ਵਿਚ, ਉਹਨਾਂ ਦੇ ਪਿੰਡ "ਹਿੰਦੂ ਚੱਕ" ਵਿਖੇ ਹੋਏ ਮੇਲੇ ਵਿਚ ਗੁਰੂ ਹਰੀ ਸਿੰਘ ਜੀ ਨੇ ਦਰਸ਼ਨ ਦਿੱਤੇ ਸਨ ਤਾਂ ਪੈਰੀਂ ਪਊਏ, ਲੱਕ ਕੋਪੀਨ, ਮੋਢੇ ਤੇ ਚਾਦਰਾ ਲਈ ਬਾਬਾ ਲਹਿਣਾ ਸਿੰਘ ਵੀ ਉੱਥੇ ਆਏ ਸਨ। ਜਦੋਂ ਕੋਈ ਵਾਹੀਵਾਨ ਸਿੰਘ ਦੜਪ ਦੇ ਇਲਾਕੇ ਵਿਚੋਂ ਬਾਰ ਵੱਲ ਜਾਂਦੇ ਨਵੀਆਂ ਜ਼ਮੀਨਾਂ ਤੇ, ਆਪ ਪਾਸ ਰੁਕਦੇ ਤਾਂ ਆਪ ਇਹ ਸਿੱਖਿਆ ਦਿਆ ਕਰਦੇ ਸਨ "ਸਿੱਖ ਨੂੰ ਵਿਹਾਰ, ਆਹਾਰ ਕੱਪੜੇ ਜੋਗਾ ਹੀ ਕਰਨਾ ਚਾਹੀਦਾ ਹੈ। ਬਹੁਤੀ ਹਉਮੈਂ ਹੀ ਹੈ।"[14]

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ ਵਿਚ ਵੀ ਆਪਨੇ ਬਾਬਾ ਲਹਿਣਾ ਸਿੰਘ ਹੋਰਾਂ ਦੀ ਦਾਨਵੀਰਤਾ ਦੀ ਮੁਕਤ ਕੰਠ ਨਾਲ ਪਰਸੰਸਾ ਕੀਤੀ ਹੈ, ਜਿਸ ਵਿਚ ਬਾਬਾ ਜੀ ਦੇ ਨਾਮ ਦੇ ਰੰਗ ਵਿਚ ਲਿਵਲੀਨ ਉਚ ਆਤਮਕ ਜੀਵਨ ਦੇ ਝਲਕਾਰੇ ਵੀ ਮਿਲਦੇ ਹਨ-

"ਮੈਂ ਤੁਹਾਨੂੰ ਇਕ ਪ੍ਰਮਾਣ ਮੋਟਾ ਦਿੰਦਾ ਹਾਂ। ਜਿਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਹੋਇਐ, ਤਾਂ ਉਹਨਾਂ ਦੇਖਿਆ ਕਿ ਪੰਜਾਬ ਵਿਚ ਸਿੱਖ ਕੋਈ ਨਹੀਂ ਲੱਭਦਾ। ਢਾਈ ਆਦਮੀ ਉਹ ਕਹਿੰਦੇ ਸਨ, ਕਿ ਢਾਈ ਸਿੱਖ ਸਾਨੂੰ ਗੁਰੂ ਗੋਬਿੰਦ ਸਿੰਘ ਦੇ ਪੂਰਨ ਬਣੇ ਹੋਏ ਮਿਲੇ ਹਨ ਸਾਰੀ ਪੰਜਾਬ ਵਿਚ। ਇਕ ਬਾਬਾ ਜਮੀਤ ਸਿੰਘ ਜੀ, ਕਾਹਨਾ ਪਿੰਡ ਸੀ ਲਾਹੌਰ ਦੇ ਜ਼ਿਲ੍ਹੇ 'ਚ। ਇਕ ਬਾਬਾ ਲਹਿਣਾ ਸਿੰਘ ਜੀ ਸਰਦਾਰ ਹਰੀ ਸਿੰਘ ਨਲੂਏ ਦੇ ਜਵਾਈ, ਕਛਹਿਰਾ ਨਹੀਂ ਸਨ ਰੱਖਦੇ, ਲੰਗੋਟੀ ਹੁੰਦੀ। ਪਾਵਿਆਂ ਹੇਠ (ਮੰਜੇ ਦੇ) ਪਾਣੀ ਰੱਖਦੇ-ਸਿਰ 'ਚ ਮੱਖਣ ਰੱਖਦੇ-ਕਿ ਕੀੜੀਆਂ ਨਾ ਚੜ੍ਹਨ। ਰਾਤ ਦਿਨ ਬਰਾਜਦੇ ਨਹੀਂ ਸਨ। ਜਿਹੜੀ ਪੈਨਸ਼ਨ ਆਉਂਦੀ, ਸਵੇਰੇ ਬਾਂਹ 'ਚ ਬਗਲੀ ਇਕ ਬਣਾਈ ਹੋਈ ਸੀ, ਉਹ ਬਰਫੀ ਦੀ ਭਰ ਲੈਣੀ, ਹਰੀਜਨਾਂ,...ਚਮਾਰਾਂ ਦੇ ਬੱਚਿਆਂ 'ਚ ਜਾ ਕੇ ਰੋਜ਼ ਵਰਤਾਉਣੀ।"[15]

੨੯ ਮਾਰਚ ੧੮੭੨ ਨੂੰ ਗੁਜਰਾਂਵਾਲਾ ਦੇ ਪੁਲਿਸ ਕਪਤਾਨ ਨੇ ਪੰਜਾਬ ਦੇ ਆਈ. ਜੀ. ਪੁਲਿਸ ਨੂੰ ਅਲਾਹਾਬਾਦ ਕਿਲੇ ਵਿਖੇ ਕੈਦ ਕੀਤੇ ਗਏ, ਸੂਬਾ ਬ੍ਰਹਮਾ ਸਿੰਘ ਹੋਰਾਂ ਦੇ ਬਾਗੀਆਨਾ ਪਰਚਾਰ ਸਬੰਧੀ, ਇਕ ਵਿਸਤਰਿਤ ਰੀਪੋਰਟ ਭੇਜੀ ਸੀ, ਜਿਸ ਵਿਚ ਉਹ ਸਿੱਖ ਰਾਜ ਦੀ ਪੁਨਰ ਸਥਾਪਨਾ ਛੇਤੀ ਹੀ ਕੀਤੇ ਜਾਣ ਦਾ ਭਰੋਸਾ ਦੁਆਇਆ ਕਰਦੇ ਸਨ। ਇਸ ਰੀਪੋਰਟ ਵਿਚ ਬਹੁਤ ਸਾਰੇ ਗਵਾਹਾਂ ਦੇ ਬਿਆਨ ਵੀ, ਉਸ ਨੇ ਕਲਮਬੰਦ ਕਰਕੇ ਭੇਜੇ ਸਨ, ਜਿਹਨਾਂ ਤੋਂ ਸਿਆਲਕੋਟ, ਗੁਜਰਾਂਵਾਲਾ ਆਦਿ ਜ਼ਿਲ੍ਹਿਆਂ ਵਿਚ ਸਰਗਰਮ ਚਾਰ ਕੂਕੇ ਸੂਬਿਆਂ ਬ੍ਰਹਮਾ ਸਿੰਘ, ਜੋਤਾ ਸਿੰਘ, ਰਾਜਾ ਸਿੰਘ ਤਰਾਂਡੀ ਅਤੇ ਗੁਰਚਰਨ ਸਿੰਘ "ਚੱਕ ਰਮਦਾਸ" ਦੇ, ਕਿਹਨਾਂ ਕਿਹਨਾਂ ਲੋਕਾਂ ਪਾਸ ਟਿਕਾਣੇ ਸਨ ਜਾਂ ਸਬੰਧ ਸਨ ਉਹਨਾਂ ਦਾ ਪਤਾ ਲੱਗਦਾ ਹੈ। ਪਿੰਡ ਭਾਈ ਦੇ ਮੱਟੂ (ਗੁਜਰਾਂਵਾਲਾ) ਦੇ ਮਨਸਾ ਸਿੰਘ ਕੂਕਾ ਪੁੱਤਰ ਦੀਵਾਨ ਸਿੰਘ ਜਾਤੀ ਜ਼ਰਗਰ ਨੇ ਦੱਸਿਆ ਕਿ ਉਹ ਪਹਿਲਾਂ ਸੂਬਾ ਜੋਤਾ ਸਿੰਘ ਦਾ ਲਾਂਗਰੀ ਸੀ ਅਤੇ ਹੁਣ ਪਿਛਲੇ ਢਾਈ ਸਾਲ ਤੋਂ ਸੂਬਾ ਬ੍ਰਹਮਾ ਸਿੰਘ ਦਾ ਖਿਦਮਤਗਾਰ ਸੀ। ਉਸਨੇ ਉਹਨਾਂ ਸਾਰੇ, ਪਿੰਡਾਂ ਥਾਵਾਂ ਦਾ ਜ਼ਿਕਰ ਕਰਦਿਆਂ, ਜਿੱਥੇ ਉਪਰੋਕਤ ਦੋਵੇਂ ਸੂਬੇ ਜਾ ਕੇ ਪੜਾਅ ਕਰਦੇ ਸਨ ਦੱਸਿਆ ਕਿ ਗੁਜਰਾਂਵਾਲੇ ਵਿਚ ਭਾਈ ਜਾਂ ਸਰਦਾਰ ਲਹਿਣਾ ਸਿੰਘ ਘਰਜਾਈਆ (ਸੁਰਗਵਾਸੀ ਸ. ਹਰੀ ਸਿੰਘ ਨਲਵਾ ਦੇ ਜੁਆਈ) ਪਾਸ ਰਿਹਾ ਕਰਦੇ ਸਨ।[16] ਜਿਸ ਤਰ੍ਹਾਂ ਸਰਕਾਰੀ ਰੀਕਾਰਡ ਵਿਚ ਜ਼ਿਕਰ ਆਉਂਦਾ ਹੈ ਕਿ ਅੰਮ੍ਰਿਤਸਰ ਬੁੱਚੜਬੱਧ ਦੇ ਸਾਕੇ ਬਾਅਦ ਸੂਬਾ ਬ੍ਰਹਮਾ ਸਿੰਘ, ਇਸ ਘਟਨਾ ਦਾ ਵਿਸ਼ੇਸ਼ ਹੁਲਾਸਮਈ ਅੰਦਾਜ਼ ਵਿਚ ਜ਼ਿਕਰ ਕਰਿਆ ਕਰਦੇ ਸਨ। ਸਤਿਗੁਰੂ ਬਿਲਾਸ ਕ੍ਰਿਤ ਬਾਹੋਵਾਲ ਮੁਤਾਬਕ, ਬ੍ਰਹਮਾ ਸਿੰਘ ਦੇ ਦੂਸਰੇ ਸਾਥੀ ਸੂਬਾ ਰਾਜਾ ਸਿੰਘ ਤਰਾਡੀ ਵੀ ਬੁੱਚੜਬੱਧ ਤੋਂ ਪਹਿਲਾਂ ਅਨੇਕਾਂ ਸੰਪਰਦਾਵਾਂ ਅਤੇ ਸਿੱਖ ਰਾਜਿਆਂ ਪਾਸ ਗਏ ਸਨ ਕਿ ਗੁਰੂ ਕੀ ਨਗਰੀ ਦੇ ਮੱਥੇ ਤੋਂ ਗਊ ਘਾਤ ਦੇ ਕਲੰਕ ਨੂੰ ਧੋਤਾ ਜਾਵੇ। ਜਦੋਂ ਕੋਈ ਨਾ ਉਭਾਸਰਿਆ ਤਾਂ ਨਾਮਧਾਰੀ ਸਿੰਘਾਂ ਨੂੰ ਆਪਣੀ ਸ਼ਾਹ ਰੰਗ ਦੇ ਲਹੂ ਨਾਲ ਇਹ ਕਲੰਕ ਧੋਣਾ ਪਿਆ। ਇਸ ਸਮੇਂ ਭਾਈ ਲਹਿਣਾ ਸਿੰਘ ਵੀ ਗਊ ਗਰੀਬ ਦੀ ਰਾਖੀ ਵਾਲੇ, ਆਪਣੇ ਵੱਡਿਆਂ ਦੇ ਇਰਾਦੇ ਦੇ ਮੁਜਬ, ਨਾਮਧਾਰੀ ਸਿੰਘਾਂ ਦੀਆਂ ਇਕੱਤਰਤਾਵਾਂ ਆਪਣੀ ਹਵੇਲੀ ਵਿਚ ਬੁਲਾ ਕੇ, ਕੁਝ ਵਿਚਾਰ ਵਿਮਰਸ਼ ਕਰਦੇ ਰਹੇ। ਪ੍ਰੰਤੂ ਉਹਨਾਂ ਦੇ ਜੀਵਨ ਦੇ ਅਧਿਆਤਮਕ ਪੱਖ ਉੱਤੇ, ਰਾਜਨੀਤੀ ਕੇਵਲ ਇਸ ਇਕ ਘਟਨਾ ਨੂੰ ਛੱਡ ਕੇ ਕਦੇ ਭਾਰੂ ਨਹੀਂ ਹੋਈ। ਉਂਵ ਵੀ ਜਿਸਤਰ੍ਹਾਂ ਦੀ ਫਕੀਰਾਨਾ ਤਬੀਅਤ ਅਤੇ ਦਰਵੇਸ਼ੀ ਉਹਨਾਂ ਦੇ ਹਿੱਸੇ ਵਿਚ ਆਏ ਸੀ ਉਸ ਵਿਚ ਸਰਗਰਮ ਸਿਆਸੀ ਕਾਰਕੁੰਨ ਵਾਲੀ ਭੂਮਿਕਾ, ਤਲਾਸ਼ ਨਹੀਂ ਕੀਤੀ ਜਾ ਸੱਕਦੀ। ਭਾਵੇਂ ਉਹ ਹਰ ਪ੍ਰਾਣਵਾਨ ਸ਼ੈ ਵਿਚੋਂ ਆਪਣੇ ਮਹਿਬੂਬ ਦੇ



Namdhari Elibrary NamdhariElibrary@gmail.com

ਦਰਸ਼ਨ ਦੀਦਾਰੇ ਹੀ ਕਰਿਆ ਕਰਦੇ ਸਨ, ਨਲਵੇ ਸਰਦਾਰ ਦੀ ਜਿੰਨੀ ਕੁ ਵਿਰਾਸਤ ਉਹਨਾਂ ਪਾਸ ਆਈ, ਉਸ ਵਿਚ, ਛਲ ਕਪਟ ਨਾਲ ਰਾਜ ਹਥਿਆਉਣ ਵਾਲੇ ਗੋਰੇ ਹਾਕਮਾਂ ਪ੍ਰਤੀ ਹਮਦਰਦੀ ਦੀ ਕੋਈ ਭਾਵਨਾ ਸਮਾਅ ਹੀ ਨਹੀਂ ਸੱਕਦੀ ਸੀ। ਰਾਜਨੀਤਿਕ ਤੌਰ ਤੇ ਕੋਈ ਕੌਮ ਜਦੋਂ ਗੁਲਾਮੀ ਦੀ ਡੂੰਘੀ ਖਾਈ ਵਿਚ ਡਿੱਗ ਪੈਂਦੀ ਹੈ ਤਾਂ ਕੁਝ ਸੂਰਬੀਰ, ਦੇਸ਼ ਭਗਤ, ਦਰਵੇਸ਼ੀ ਦੇ ਬਿਖੜੇ ਪੈਂਡੇ ਤੇ ਤੁਰਦੇ ਵੀ ਵੇਖੇ ਜਾਂਦੇ ਹਨ।

ਗੁਰਬਾਣੀ ਦਾ ਪਾਠ, ਨਾਮ ਸਿਮਰਨ, ਕੀਰਤਨ, ਸੇਵਾ ਅਤੇ ਸਾਦਗੀ ਨੇ ਇਕ ਐਸੀ ਨਿਰਛਲ ਸ਼ਖਸੀਅਤ ਦੀ ਉਸਾਰੀ ਕੀਤੀ ਕਿ ਆਪ ਦੀ ਸੋਅ ਨਾ ਕੇਵਲ ਸ਼ਹਿਰ ਗੁਜਰਾਂਵਾਲੇ ਜਾਂ ਲਾਗੇ ਚਾਗੇ ਸਗੋਂ ਪੰਜਾਬ ਦੇ ਦੂਰ ਦਰਾਜ ਦੇ ਭਾਗਾਂ ਤੱਕ ਫੈਲ ਗਈ। ਨਾਮਧਾਰੀ ਸੰਗਤਾਂ ਦੀ ਵਹੀਰ ਤਾਂ ਆਪ ਵੱਲ ਪਈ ਹੀ ਰਹਿੰਦੀ, ਹੋਰ ਵੀ ਬਹੁਤ ਸਾਰੇ ਜਗਿਆਸੂ ਅਭਿਆਸੀ ਅਤੇ ਕਈ ਸੰਸਾਰਕ ਪਦਾਰਥਾਂ ਤੋਂ ਉੜੇ ਥੁੜੇ ਵੀ ਆਪ ਪਾਸ ਪੁੱਜਦੇ। ਹਰੇਕ ਅਭਿਲਾਖੀ ਆਪ ਦੇ ਡੇਰੇ ਤੋਂ ਕਦੇ ਨਿਰਾਸ ਨਾ ਮੁੜਿਆ। ਆਪਣਾ ਅੰਤਿਮ ਸਮਾਂ ਆਇਆ ਜਾਣ ਆਪ ਨੇ ਚਾਲੀ ਦਿਨ ਪਰਸ਼ਾਦਿ ਦਾ ਮੁਕੰਮਲ ਤਿਆਗ ਕਰ ਦਿੱਤਾ। ੨੭ ਮਘਰ ਸੰਬਤ ੧੯੪੯ ਬਿਕਰਮੀ, ਮੁਤਾਬਿਕ ਦਸੰਬਰ ੧੮੯੨ ਈ. ਐਤਵਾਰ ਦੇ ਦਿਨ ਆਪ ਗੁਜਰਾਂਵਾਲੇ ਵਿਖੇ ਹੀ ਸਰੀਰ ਤਿਆਗ ਗਏ।[17] ੭੪-੭੫ ਵਰ੍ਹੇ ਉਮਰ ਭੋਗੀ।

ਇਉਂ ਬਾਬਾ ਲਹਿਣਾ ਸਿੰਘ ਜੀ, ਖਮਾਣੋਂ ਦੇ ਕੂਕੇ ਸਰਦਾਰਾਂ, ਸ. ਗੁਰਦਿੱਤ ਸਿੰਘ ਨਾਈਵਾਲਾ (ਪਟਿਆਲਾ ਰਿਆਸਤ), ਸ. ਬੀਰ ਸਿੰਘ ਦਿਆਲਗੜ੍ਹ, ਸ. ਗੁਰਸਰਨ ਸਿੰਘ ਮੁਸਤਫਾਬਾਦ ਅਤੇ ਉਸ ਦੇ ਤਿੰਨ ਭਤੀਜਿਆਂ, ਸ. ਹੀਰਾ ਸਿੰਘ 'ਲੰਮੂ' ਜਗੀਰਦਾਰ ਅਤੇ ਉਸਦੇ ਪਿੰਡ ਸਢੌਰੇ ਦੇ ਹੋਰ ਬਹੁਤ ਸਾਰੇ ਸਰਦਾਰਾਂ, ਬੇਲਾ ਸਿੰਘ ਸੋਹਾਣਾ, ਜੈਮਲ ਸਿੰਘ ਅਤੇ ਦਲੀਪ ਸਿੰਘ ਕਲਸੀਆਂ ਰਿਆਸਤ ਦੇ ਸਰਦਾਰਾਂ ਅਤੇ ਹੋਰ ਬਹੁਤ ਸਾਰੇ ਸਰਦਾਰਾਂ ਜਿਉਂ ਕੂਕਾ ਅੰਦੋਲਨ ਵਿਚ ਸ਼ਾਮਲ ਹੋਏ ਜਿਹਨਾਂ ਨੂੰ ਆਮ ਲੋਕ ਸਮਝਦੇ ਸਨ ਕਿ 'ਰੁਤਬਿਆਂ ਵਾਲੇ ਲੋਕ' ਵੀ ਇਸ ਲੋਕ ਲਹਿਰ ਵਿਚ ਦਵਾ ਦਵ ਸ਼ਾਮਲ ਹੋ ਰਹੇ ਸਨ।[18] ਪ੍ਰੀਤਮ ਸਿੰਘ ਜੀ ਕਵੀ ਲਿਖਤ ਬੀਤੇ ਦੀਆਂ ਪੈੜਾਂ ਦੇ ਕਿਸੇ ਭਾਗ ਵਿਚ ਦਰਜ ਹੈ ਕਿ ਬਾਬਾ ਲਹਿਣਾ ਸਿੰਘ ਜੀ ਘਰਜਾਖੀਆ ਦੇ ਵੰਸ਼ਿਜ ਦਿੱਲੀ ਵਿਚ ਨਿਵਾਸ ਰੱਖਦੇ ਹਨ ਅਤੇ ਉਹ ਉੱਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ, ਜਦੋਂ ਆਪ ਰਾਜਧਾਨੀ ਵਿਚ ਹੁੰਦੇ, ਕਦੇ ਕਦਾਈ ਆਇਆ ਕਰਦੇ ਸਨ। (ਬਾਬਾ ਜੀ ਨਮਿਤ ਰਮੇਸ਼ ਨਗਰ ਦਿੱਲੀ ਨਾਮਧਾਰੀ ਧਰਮਸ਼ਾਲਾ ਵਿਚ ਹੋਏ ਇਕ ਮੇਲੇ ਵਿਚ ਸੰਪਾਦਕ ਵਰਿਆਮ ਨੇ ਉਹਨਾਂ ਦੇ ਵੰਸ਼ਜਾਂ ਦੇ ਦਰਸ਼ਨ ਕੀਤੇ ਸਨ...ਸੰ) ਇਉਂ ਅਸੀਂ ਵੇਖਦੇ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਅੰਦੋਲਨ ਵਿਚ, ਕਿੰਨੇ ਵੱਡੇ ਵੱਡੇ ਸਬੰਧਾਂ ਵਾਲੇ ਇਤਿਹਾਸ ਪੁਰਖ ਸ਼ਾਮਲ ਹੋਏ, ਜਿਹਨਾਂ ਦੇ ਕਿਰਦਾਰ ਦੀ ਬੁਲੰਦੀ ਅਤੇ ਵਿਲੱਖਣਤਾ ਨੇ ਇਸ ਲੋਕ-ਲਹਿਰ ਨੂੰ ਚੋਖੀ ਅਮੀਰੀ ਬਖਸ਼ੀ। ਸੂਰਮੇ ਪਿਤਾ ਕਾਹਨ ਸਿੰਘ ਦਾ ਸੂਰਮਾ ਪੁੱਤਰ, ਸਾਬਕਾ ਸਿੱਖ-ਸੈਨਿਕ, ਬਾਬਾ ਲਹਿਣਾ ਸਿੰਘ, ਸਤਿਗੁਰੂ ਰਾਮ ਸਿੰਘ ਸੰਗਤ ਵਿਚ ਸ਼ਾਮਲ ਹੋ ਕੇ ਵੱਡਾ ਭਗਤ ਅਤੇ ਦਾਤਾ ਵੀ ਬਣ ਕੇ, ਪੰਜਾਬ ਦੀ ਲੋਕਧਾਰਨਾ ਤੇ ਪੂਰਾ ਪੂਰਾ ਉੱਤਰ ਗਿਆ-"ਦਾਤਾ ਤੇ ਭਗਤ, ਸੂਰਮਾ/ਤਿੰਨੇ ਜੱਗ ਰਹਿੰਦੇ ਨੇ"।

ਫੁੱਟ ਨੋਟ :-

੧) ਕੂਕਾਜ਼ ਆਫ ਨੌਟ ਇਨ ਦਾ ਪੰਜਾਬ (ਸੰ. ਜਸਵਿੰਦਰ ਸਿੰਘ) ਸਫਾ ੧੬-੧੭

੨) ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, ਨਾਹਰ ਸਿੰਘ ਕਿਰਪਾਲ ਸਿੰਘ, ਸਫਾ ੧੩੫-੩੮

੩) ਉਹੀ, ਸਫਾ ੧੫੮-੫੯

੪) ਉਹੀ, ਸਫਾ ੧੫੮-੬੮

੫) ਉਹੀ, ਸਫਾ ੧੬੦-੬੧

੬) ਸਤਿਗੁਰੂ ਬਿਲਾਸ ਭਾਗ ਪਹਿਲਾ, ਭਾਈ ਸੰਤੋਖ ਸਿੰਘ ਬਾਹੋਵਾਲ, ਸਫਾ ੨੯੬-੯੭

੭) ਉਹੀ, ਸਫਾ ੩੦੧, ੦੨

੮) ਕੂਕਾਜ਼ ਆਫ ਨੌਟ ਇਨ ਦਾ ਪੰਜਾਬ, ਸਫਾ ੧੧੬-੧੭

੯) ਸਤਿਜੁੱਗ, ਸ੍ਰੀ ਭੈਣੀ ਸਾਹਿਬ, ਦਾ ਸੰਤ ਅੰਕ, ੯ ਚੇਤਰ ਸੰਮਤ ੧੯੯੬, ਸਫਾ ੬੮

੧੦) ਉਹੀ, ਸਫਾ ੬੯

੧੧) ਪਾਲਿਟਿਕਸ ਐਂਡ ਸੁਸਾਇਟੀ ਡਿਊਰਿੰਗ ਦਾ ਅਰਲੀ ਮੀਡਾਈਵਲ ਪੀਰੀਅਡ-ਪ੍ਰੋ. ਮੁਹੰਮਦ ਹਬੀਬ, ੧੯੭੪, ਦਿੱਲੀ, ਸਫਾ ੨੭੦

੧੨) ਸੰਤ ਅੰਕ- ਸਫਾ ੭੦

੧੩) ਉਹੀ, ਸਫਾ ੭੩

੧੪) ਉਹੀ, ਸਫਾ ੭੪

੧੫) ਲਾਲ ਏਹਿ ਰਤਨ (ਪਵਿੱਤਰ ਉਪਦੇਸ਼ ੫), (ਸੰ. ਪ੍ਰਿੰ. ਬੇਅੰਤ ਕੌਰ), ਸਫਾ ੩੭੭

੧੬) ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, ਸਫਾ ੪੬੫

੧੭) ਸੰਤ ਅੰਕ, ਸਫਾ ੭੪

੧੮) ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, ਸਫਾ ੧੪੬

*ਪਿੰਡ ਤੇ ਡਾਕ-ਕਰੀਵਾਲਾ*
*ਜ਼ਿਲ੍ਹਾ-ਸਿਰਸਾ (ਹਰਿਆਣਾ) ੧੨੫੦੭੫*
*ਫੋਨ-੦੧੬੬੮-੨੭੪੫੬੨*



Namdhari Elibrary NamdhariElibrary@gmail.com

# ਧੂੜ ਵਿਚਲੇ ਕਣ (੨)

*—ਵਰਿਆਮ ਸਿੰਘ ਸੰਧੂ*

## ਸੰਪਾਦਕੀ ਨੋਟ

*ਜਿਹੋ ਜਿਹਾ ਮੇਰਾ ਪਿਛੋਕੜ ਹੈ ਅਤੇ ਜਿਹੜੇ ਸੰਸਕਾਰਾਂ ਵਿਚ ਮੈਂ ਪਲਿਆ ਹਾਂ ਉਹਨਾਂ ਦੇ ਆਧਾਰ ਉਤੇ ਮੈਂ ਵਰਿਆਮ ਸਿੰਘ ਸੰਧੂ ਨੂੰ ਕਿਹਾ ਕਰਦਾ ਹਾਂ "ਸੰਧੂ ਸਾਹਿਬ ਤੁਸੀਂ ਭਾਵੇਂ ਨਹੀਂ ਮੰਨਦੇ ਪਰ ਤੁਹਾਡੇ ਉਤੇ ਪਰਮਾਤਮਾ ਦੀ ਵਿਸ਼ੇਸ਼ ਕਿਰਪਾ ਹੈ ਜੋ ਤੁਹਾਡੀ ਕਲਮ ਅਤੇ ਜ਼ਬਾਨ ਵਿਚ ਏਨਾ ਜ਼ੋਰ ਅਤੇ ਰਸ ਹੈ"..ਸੰਧੂ ਸਾਹਿਬ ਦਾ ਉੱਤਰ ਹੁੰਦਾ ਹੈ "ਇਵੇਂ ਵੀ ਹੋਵੇਗਾ..."।*

*ਲੋਕ ਮੰਨਦੇ ਹਨ ਕਿ ਵਰਿਆਮ ਸਿੰਘ ਸੰਧੂ, ਜਗਦੀਸ਼ ਸਿੰਘ ਵਰਿਆਮ ਦਾ ਮਿੱਤਰ ਹੈ ਪਰ ਮੈਂ ਕਦੇ ਸੰਧੂ ਸਾਹਿਬ ਦੀ ਕਿਸੇ ਰਚਨਾ ਨੂੰ ਵਰਿਆਮ ਵਿਚ ਛਾਪਣ ਲਈ ਜ਼ੋਰ ਨਹੀਂ ਪਾਇਆ। ਮੇਰਾ ਮੰਨਣਾ ਹੈ ਕਿ ਜਦੋਂ ਸੰਧੂ ਸਾਹਿਬ ਤ੍ਰੁਠ ਗਏ ਤਾਂ ਉਹਨਾਂ ਆਪਣੇ ਆਪ ਹੀ ਕੁਝ ਨਾ ਕੁਝ ਛਾਪਣ ਨੂੰ ਦੇ ਦੇਣਾ ਹੈ। ਜੇ ਮਨ ਨਹੀਂ ਤਾਂ ਲਖ ਜ਼ੋਰ ਲਾਉਣ ਤੇ ਵੀ ਗੱਲ ਨਹੀਂ ਬਣਨੀ ਭਾਵੇਂ ਉਹ ਨਾਂਹ ਵੀ ਨਾ ਕਰਨ। ਕਿਸੇ ਵਿਦਵਾਨ ਵਲੋਂ ਇਹ ਸੁਣ ਕੇ ਕਿ ਅਸੀਂ ਤੁਹਾਨੂੰ 'ਵਰਿਆਮ' ਵਿਚੋਂ ਹੀ ਪੜ੍ਹਿਆ ਹੈ। ਉਹਨਾਂ ਆਪ ਣੀ ਸਾਹਿਤਕ ਸ੍ਵੈ ਜੀਵਨੀ ਸਾਰੀ ਦੀ ਸਾਰੀ ਵਰਿਆਮ 'ਚ ਛਪਣ ਲਈ ਭੇਜ ਦਿੱਤੀ ਹੈ। ਭਾਵੇਂ ਇਹ ਸਾਰੀ ਰਚਨਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵੀ ਛਾਪ ਦਿੱਤੀ ਹੈ ਅਤੇ ਇਸ ਦੇ ਇਕਾ ਦੁੱਕਾ ਅੰਸ਼ ਵਰਿਆਮ ਵਿਚ ਪਹਿਲਾਂ ਵੀ ਛੱਪ ਚੁਕੇ ਹੋਣ ਪਰ ਇਹ ਲਿਖਤ ਫਿਰ ਵੀ ਨਿਤ ਨਵੀਂ ਨਰੋਈ ਹੈ। ਪਿਛਲੇ ਅੰਕ ਤੋਂ ਆਰੰਭ ਹੋ ਕੇ ਪਾਠਕ ਇਸ ਦੇ ਸਿਲਸਲੇਵਾਰ ਪਾਠ ਦਾ ਅਨੰਦ ਮਾਣ ਰਹੇ ਹਨ।*

'ਪਤਲਚੰਮਾ' ਤੇ ਸੰਵੇਦਨਸ਼ੀਲ ਮੈਂ ਸ਼ੁਰੂ ਤੋਂ ਹੀ ਬਹੁਤ ਸਾਂ ਸੰਵੇਦਨਸ਼ੀਲ ਹੋਏ ਬਿਨਾਂ ਲੇਖਕ ਨਹੀਂ ਬਣਿਆ ਜਾ ਸਕਦਾ ਮੈਂ ਆਪਣੇ ਵਿਦਿਆਰਥੀਆਂ ਨੂੰ ਆਪਣੇ ਦੋਸਤ ਨਾਲ ਵਾਪਰੀ ਅਤੇ ਉਸ ਵੱਲੋਂ ਦੱਸੀ ਇੱਕ ਘਟਨਾ ਅਕਸਰ ਸੁਣਾਉਂਦਾ ਰਿਹਾ ਹਾਂ। ਮੇਰਾ ਉਹ ਦੋਸਤ ਕਿਸੇ ਬੱਸ ਵਿੱਚ ਬੈਠਾ ਸਫ਼ਰ ਕਰ ਰਿਹਾ ਸੀ । ਫਰੰਟ-ਸੀਟ ਤੋਂ ਪਿਛਲੀ ਦੋ ਸਵਾਰੀਆਂ ਵਾਲੀ ਸੀਟ ਉੱਤੇ ਉਹ ਡਰਾਈਵਰ ਵਾਲੇ ਪਾਸੇ ਬੈਠਾ ਸੀ ਜਦ ਕਿ ਉਹਦੇ ਖੱਬੇ ਹੱਥ ਬਾਰੀ ਵਾਲੀ ਸੀਟ ਉੱਤੇ ਕੋਈ ਅਜਨਬੀ ਬੈਠਾ ਹੋਇਆ ਸੀ ਬੱਸ ਕਿਸੇ ਅੱਡੇ 'ਤੇ ਰੁਕੀ ਅੱਗੇ ਸੜਕ ਦੇ ਨਾਲ-ਨਾਲ ਕੁੱਝ ਕੁੜੀਆਂ ਸਕੂਲੋਂ ਜਾਂ ਕਾਲਜੋਂ ਛੁੱਟੀ ਹੋਣ ਕਰਕੇ ਘਰਾਂ ਨੂੰ ਪਰਤ ਰਹੀਆਂ ਸਨ ਰੁਕਦੀ ਰੁਕਦੀ ਧੀਮੀ ਚਾਲ ਨਾਲ ਚੱਲਦੀ ਬੱਸ ਦਾ ਪਾਸਾ ਇੱਕ ਕੁੜੀ ਨੂੰ ਵੱਜਾ ਲੜਕੀ ਚੌਂਫਾਲ, ਮੂਧੇ-ਮੂੰਹ ਧਰਤੀ 'ਤੇ ਜਾ ਡਿੱਗੀ ਅਤੇ ਉਹਦੇ ਹੱਥ ਵਿੱਚ ਫੜੀਆਂ ਕਿਤਾਬਾਂ ਖਿੱਲਰ ਗਈਆਂ ਦੋਸਤ ਨੂੰ ਅਹਿਸਾਸ ਹੋਇਆ ਜਿਵੇਂ ਉਹਦੇ ਕਲੇਜੇ ਦਾ ਰੁੱਗ ਭਰਿਆ ਗਿਆ ਹੋਵੇ।



ਉਹਦੇ ਅੰਦਰੋਂ ਹਾਉਕਾ ਨਿਕਲਿਆ, 'ਹਾਇ! ਕੁੜੀ ਨੂੰ ਪਤਾ ਨਹੀਂ ਕਿੰਨੀ ਕੁ ਸੱਟ ਲੱਗੀ ਹੈ! ਭਾਵੇਂ ਕਿਸੇ ਅੰਗ ਦਾ ਨੁਕਸਾਨ ਹੋ ਗਿਆ ਹੋਵੇ!" ਮੇਰਾ ਦੋਸਤ ਅਜੇ ਇਸ ਸਦਮੇ ਦੀ ਗ੍ਰਿਫ਼ਤ ਵਿੱਚ ਸੀ ਕਿ ਉਸਦੇ ਨਾਲ ਬੈਠੀ ਅਜਨਬੀ ਸਵਾਰੀ ਹੱਥ ਉੱਤੇ ਹੱਥ ਮਾਰ ਕੇ ਹੱਸੀ ਤੇ ਉੱਚੀ ਸਾਰੀ ਖ਼ੁਸ਼ੀ ਵਿੱਚ ਉੱਛਲ ਕੇ ਆਖਣ ਲੱਗੀ, "ਓਹ ਮਾਰੀ ਊ ਬੁੜ੍ਹਕਾ ਕੇ"

ਉਸਦਾ ਇਸ਼ਾਰਾ ਉੱਛਲ ਕੇ ਸੜਕ ਕਿਨਾਰੇ ਡਿੱਗੀ ਕੁੜੀ ਵੱਲ ਸੀ

ਘਟਨਾ ਤਾਂ ਇੱਕੋ ਹੀ ਵਾਪਰੀ ਸੀ ਪਰ ਕੋਲ-ਕੋਲ ਬੈਠੇ ਬੰਦਿਆਂ ਦਾ ਉਸ ਬਾਰੇ ਪ੍ਰਤੀਕਰਮ ਕਿੰਨਾਂ ਭਿੰਨ ਸੀ! ਇੱਕ ਦੇ 'ਕਲੇਜੇ ਦਾ ਰੁੱਗ ਭਰਿਆ ਗਿਆ' ਤੇ ਦੂਜੇ ਦਾ 'ਤਾੜੀ ਮਾਰ ਕੇ ਹੱਸਣ ਨੂੰ ਜੀ ਕਰ ਆਇਆ'

ਲੇਖਕ ਬਣਨ ਲਈ ਕਿਸੇ ਪਰਾਏ ਦੇ ਦੁੱਖ ਵਿੱਚ ਆਪਦੇ 'ਕਲੇਜੇ ਦਾ ਰੁੱਗ ਭਰਿਆ ਜਾਣਾ' ਲਾਜ਼ਮੀ ਹੈ

ਮੇਰੇ ਬਚਪਨ ਦੀਆਂ ਦੋ ਬੜੀਆਂ ਸਾਧਾਰਨ ਜਿਹੀਆਂ ਘਟਨਾਵਾਂ ਹਨ, ਪਰ ਅਜੇ ਤੱਕ ਉਹਨਾਂ ਦੀ ਛਾਪ ਮੇਰੇ ਮਨ-ਮਸਤਕ 'ਤੇ ਡੂੰਘੀ ਉੱਕਰੀ ਹੋਈ ਹੈ

ਮੇਰੇ ਪਿਤਾ ਨੇ ਕੁੱਝ ਜ਼ਮੀਨ ਆਪ ਵਾਹੀ ਹੇਠਾਂ ਰੱਖੀ ਹੋਈ ਸੀ ਅਤੇ ਕੁੱਝ ਹੋਰ ਹਿੱਸੇ ਠੇਕੇ ਉੱਤੇ ਦਿੱਤੀ ਹੋਈ ਸੀ ਮੈਂ ਛੋਟਾ ਜਿਹਾ ਸਾਂ; ਅਸੀਂ ਗੱਡ ਜੋੜ ਕੇ ਜ਼ਮੀਨ ਦਾ ਹਿੱਸਾ-ਠੇਕਾ ਲੈਣ ਗਏ ਪਿੜ ਵਿੱਚ ਗੱਡਾ ਖੜ੍ਹਾ ਕੀਤਾ ਕਣਕ ਦਾ ਵੱਡਾ ਬੋਹਲ ਸਾਹਮਣੇ ਸੀ ਸਾਡੀ ਜ਼ਮੀਨ ਵਿੱਚ ਖੇਤੀ ਕਰਨ ਵਾਲਾ ਕਿਸਾਨ ਤੇ ਉਹਦਾ ਮੇਰੇ ਤੋਂ ਥੋੜ੍ਹਾ ਵੱਡੀ ਉਮਰ ਦਾ ਮੁੰਡਾ ਉਸਦੇ ਨਜ਼ਦੀਕ ਬੋਹਲ ਕੋਲ ਖਲੋਤਾ ਸੀ; ਜਿਹੜਾ



Namdhari Elibrary NamdhariElibrary@gmail.com

ਨੰਗੇ ਪੈਰੀਂ, ਨਿੱਕੇ ਨਿੱਕੇ ਕਦਮੀਂ, ਕਈ ਦਿਨ ਸੜਦੀ ਧੁੱਪ ਵਿੱਚ ਬਲਦਾਂ ਦੇ ਪਿੱਛੇ-ਪਿੱਛੇ ਤੁਰਦਾ ਫਲ੍ਹੇ ਹਿੱਕਦਾ ਰਿਹਾ ਸੀ ਸ਼ਾਇਦ ਉਸ ਕਿਸਾਨ ਨੇ ਪਹਿਲਾਂ ਮੇਰੇ ਪਿਓ ਕੋਲੋਂ ਕੁੱਝ ਪੈਸੇ ਵੀ ਫੜ੍ਹੇ-ਫੜ੍ਹਾਏ ਹੋਣਗੇ ਜਾਂ ਪਿਛਲਾ ਕੋਈ ਹੋਰ ਬਕਾਇਆ ਰਹਿੰਦਾ ਹੋਵੇਗਾ; ਮੇਰੇ ਪਿਓ ਨੇ ਉਹ ਬਕਾਇਆ ਵੀ ਹੁਣ ਦੇ ਦਾਣਿਆਂ 'ਚੋਂ ਹੀ ਨਿਬੇੜ ਦੇਣ ਲਈ ਆਖਿਆ ਉਸ ਕਿਸਾਨ ਨੇ ਇੱਕ ਵਾਰ ਬੋਹਲ ਵੱਲ ਵੇਖਿਆ ਤੇ ਬਿਨਾਂ ਕੋਈ ਉਜਰ ਕੀਤਿਆਂ ਹਾਉਕਾ ਜਿਹਾ ਲੈ ਕੇ ਆਖਿਆ, "ਤੇਰੀ ਮਰਜ਼ੀ ਦੀਦਾਰ ਸਿਆਂ!"

ਉਹਦਾ ਇਹ ਅਰਧ-ਹਉਕਾ ਅਜੇ ਵੀ ਮੇਰੀ ਯਾਦ ਵਿੱਚ ਤਾਜ਼ਾ ਹੈ

ਤੁਲਾਵਾ ਅਸੀਂ ਨਾਲ ਖੜਿਆ ਹੋਇਆ ਸੀ 'ਬਰਕਤ! ਦੋਆ! ਵਾਧੇ!' ਕਰਦਿਆਂ ਉਹ ਕਣਕ ਤੋਲ ਕੇ ਬੋਰੀਆਂ ਵਿੱਚ ਪਾਈ ਜਾਂਦਾ ਤੱਕੜੀ ਦਾ ਪੱਲਾ ਬੋਹਲ ਵਿੱਚ 'ਗਰਚ' ਕਰਕੇ ਖੁਭਦਾ ਉੱਡਦੇ ਪੱਲੜੇ ਵਿੱਚ ਨੇੜੇ ਬੈਠਾ ਕਿਸਾਨ ਤੁਲਾਵੇ ਦੇ ਕਹਿਣ 'ਤੇ ਬੁੱਕ ਭਰ ਕੇ ਪਲੜੇ ਵਿੱਚ ਕਣਕ ਪਾਉਂਦਾ ਲਾਗੇ ਖਲੋਤਾ ਉਹਦਾ ਪੁੱਤਰ ਪੱਲੜੇ ਦਾ ਬੋਹਲ ਵਿੱਚ ਧਸਣਾ ਤੇ ਫਿਰ ਬੋਰੀ ਵਿੱਚ ਪੈਂਦਿਆਂ ਬੜੀ ਹਸਰਤ ਨਾਲ ਵੇਖ ਰਿਹਾ ਸੀ ਜਦੋਂ ਬੋਹਲ ਸਿਖ਼ਰ ਤੋਂ ਕਿਰ ਕੇ ਹੇਠਾਂ ਨੂੰ ਡਿੱਗਾ ਤਾਂ ਉਹ ਮੁੰਡਾ ਅਹੁਲ ਕੇ ਬੋਹਲ ਵੱਲ ਹੋਇਆ ਅਤੇ ਕਿਰਨ-ਮ-ਕਿਰਨੀ ਢਹਿ ਰਹੀ ਬੋਹਲ ਦੀ ਸਿਖ਼ਰਲੀ ਚੋਟੀ ਨੂੰ ਨਿੱਕੇ ਨਿੱਕੇ ਹੱਥਾਂ ਨਾਲ ਸੰਭਾਲਣ ਦੀ ਨਿਰਮੂਲ ਕੋਸ਼ਿਸ਼ ਕਰਨ ਲੱਗਾ! ਬੋਹਲ ਦੀ ਸਿਖ਼ਰਲੀ ਚੋਟੀ ਦੇ ਢਹਿਣ ਨਾਲ ਉਹਨੂੰ ਇੰਜ ਲੱਗਾ ਜਿਵੇਂ ਉਹਦੀ ਆਸਾਂ ਦੀ ਢੇਰੀ ਢਹਿ ਚੱਲੀ ਹੋਵੇ, ਜਿਸਨੂੰ ਉਹ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਸਾਂਭ ਕੇ ਬਚਾਈ ਰੱਖਣਾ ਚਾਹੁੰਦਾ ਸੀ!

ਉਹਦੇ ਪਿਓ ਨੇ ਆਖਿਆ, "ਕਰਮਿਆਂ! ਆਉਣ ਦੇ ਕਣਕ ਹੇਠਾਂ ਨੂੰ "

ਉਹ ਰੁਕ ਗਿਆ ਤੇ ਦੂਜੇ ਛਿਣ ਬੋਹਲ ਦੇ ਦੁਆਲੇ ਫਿਰ ਕੇ ਨੀਝ ਨਾਲ ਵੇਖਣ ਲੱਗਾ ਉਹਦਾ ਅੱਧਾ ਬੋਹਲ 'ਹੜੱਪਿਆਂ' ਚੱਲਿਆ ਸੀ ਮੁੰਡੇ ਦੀਆਂ ਪਰੇਸ਼ਾਨ ਨਜ਼ਰਾਂ ਵੇਖ ਕੇ ਪਤਾ ਨਹੀਂ ਮੇਰੇ ਦਿਲ ਨੂੰ ਕੀ ਹੋਇਆ! ਜਦੋਂ ਅਗਲੀ ਵਾਰ ਤੱਕੜੀ ਦਾ ਪਲੜਾ ਕਣਕ ਵਿੱਚ ਖੁਭਿਆ ਤਾਂ ਮੈਨੂੰ ਜਾਪਿਆ ਇਹ ਤੱਕੜੀ ਦਾ ਪੱਲੜਾ ਨਹੀਂ ਸਗੋਂ ਇੱਕ ਅਜਿਹੀ ਤਿੱਖੀ ਬਰਛੀ ਸੀ ਜਿਹੜੀ ਉਸ ਮੁੰਡੇ ਦੇ ਧੁਰ ਅੰਦਰ ਕਲੇਜੇ ਤੱਕ ਖੁਭ ਗਈ ਸੀ ਅੱਜ ਵੀ ਸੋਚਦਾ ਹਾਂ ਕਿ ਉਹਦੀ ਉਹ ਪੀੜ ਮੇਰੇ ਕਲੇਜੇ ਅੰਦਰ ਕਿਉਂ ਜਾਗ ਉੱਠੀ ਸੀ! ਮੇਰਾ ਜੀ ਕੀਤਾ ਇਸੇ ਪਲੜੇ ਨਾਲ ਹੀ ਤੋਲਾ ਆਖ ਦੇਵੇ ਕਿ ਸਾਡਾ ਬਣਦਾ ਹਿੱਸਾ ਜੁਖ ਗਿਆ ਹੈ

ਹਿੱਸੇ ਦੀ ਕਣਕ ਲੱਦ ਕੇ ਤੁਰੇ ਜਾਂਦੇ ਗੱਡੇ ਵਿੱਚ ਪਈਆਂ ਕਣਕ ਦੀਆਂ ਬੋਰੀਆਂ ਅਤੇ ਬਾਕੀ ਬਚੇ ਬੋਹਲ ਵੱਲ ਵਾਰ ਵਾਰ ਵੇਖਦੀਆਂ ਉਸ ਮੁੰਡੇ ਦੀਆਂ ਨਜ਼ਰਾਂ ਵਿਚਲੀ ਪੀੜ ਮੈਨੂੰ ਹੁਣ ਤੱਕ ਨਹੀਂ ਭੁੱਲੀ ਅੱਜ ਵੀ ਇਸ ਦ੍ਰਿਸ਼ ਦੀ ਕਲਪਨਾ ਕਰਦਾ ਹਾਂ ਤਾਂ ਮੇਰੀਆਂ ਅੱਖਾਂ ਸਿੱਲ੍ਹੀਆਂ ਹੋ ਜਾਂਦੀਆਂ ਹਨ

ਇੱਕ ਹੋਰ ਗੱਲ ਯਾਦ ਆਉਂਦੀ ਹੈ ਉਦੋਂ ਬੱਸਾਂ ਦੇ ਟਾਈਮ ਬੜੇ ਥੋੜ੍ਹੇ ਹੁੰਦੇ ਸਨ ਉਂਜ ਵੀ ਬੱਸਾਂ ਉਦੋਂ ਮੁਖ ਅੱਡਿਆਂ ਤੋਂ ਸਵਾਰੀਆਂ ਭਰਕੇ ਕਾਫ਼ੀ ਦੇਰ ਨਾਲ ਚੱਲਦੀਆਂ ਸਨ ਛੋਟਾ ਪੈਂਡਾ ਕਰਨ ਵਾਲਿਆਂ ਕੋਲ ਏਨਾ ਸਬਰ ਨਹੀਂ ਸੀ ਹੁੰਦਾ ਕਿ ਦੋ ਚਾਰ ਮੀਲ ਦੂਰ ਜਾਣ ਵਾਸਤੇ ਉਹ ਘੰਟਾ ਭਰ ਅੱਡੇ 'ਤੇ ਖੜੋਤੇ ਬੱਸ ਦੀ ਉਡੀਕ ਕਰਦੇ ਰਹਿਣ ਚਾਰ-ਪੰਜ ਮੀਲ ਦੂਰ ਜਾਣ ਵਾਲੇ ਤਾਂ ਬਹੁਤੇ ਪੈਦਲ ਹੀ ਤੁਰ ਪੈਂਦੇ ਕੁੱਝ ਟਾਂਗਿਆਂ ਦੀ ਸਵਾਰੀ ਕਰ ਲੈਂਦੇ ਮੈਨੂੰ ਇਹ ਵੀ ਯਾਦ ਨਹੀਂ ਕਿ ਆਪਣੇ ਪਿਤਾ ਨਾਲ ਟਾਂਗੇ ਉੱਪਰ ਬੈਠਾ ਮੈਂ ਕਿੱਥੋਂ ਕਿੱਥੇ ਜਾ ਰਿਹਾ ਸਾਂ ਏਨਾ ਯਾਦ ਹੈ ਰਾਹ ਵਿੱਚ ਤੁਰੀ ਜਾਂਦੀ ਇੱਕ ਜ਼ਨਾਨੀ ਰੁਕ ਕੇ ਪਿੱਛੇ ਪਿੱਛੇ ਤੁਰੇ ਆਉਂਦੇ ਆਪਣੇ ਪੰਜ-ਛੇ ਸਾਲ ਦੇ ਬਾਲ ਨੂੰ ਆਪਣੇ ਨਾਲ ਰਲਣ ਲਈ ਆਖ ਰਹੀ ਸੀ ਦੂਜਾ ਤਿੰਨ ਕੁ ਸਾਲ ਦਾ ਨਿਆਣਾ ਉਹਨੇ ਕੁੱਛੜ ਚੁੱਕਿਆ ਹੋਇਆ ਸੀ ਜਦੋਂ ਤੱਕ ਟਾਂਗਾ ਕੋਲ ਪੁੱਜਾ, ਉਹ ਉਦੋਂ ਕੁੱਛੜ ਵਾਲੇ ਬੱਚੇ ਨੂੰ ਵੀ ਉਤਾਰ ਕੇ, ਉਸਦੀ ਉਂਗਲੀ ਫੜ੍ਹ ਕੇ, ਥੋੜ੍ਹਾ ਜਿਹਾ ਤੁਰਨ ਲਈ ਹੱਲਾ-ਸ਼ੇਰੀ ਦੇ ਰਹੀ ਸੀ

"ਆ ਜਾਹ ਬੀਬੀ! ਆ ਜਾਹ! ਐਵੇਂ ਨਿਆਣਿਆਂ ਨੂੰ ਥਕਾਉਣ ਡਹੀਂ ਏਂ ਬਹੁਤੇ ਪੈਸੇ ਨਹੀਂ ਲੱਗਦੇ "

ਟਾਂਗੇ ਵਾਲੇ ਨੇ ਘੋੜੀ ਦੀਆਂ ਵਾਗਾਂ ਖਿੱਚੀਆਂ

ਜ਼ਨਾਨੀ ਥੱਕ ਚੁੱਕੀ ਸੀ ਪਰ ਅਜੇ ਵੀ ਉਹਦਾ ਮਨ ਟਾਂਗੇ 'ਤੇ ਸਵਾਰ ਹੋਣ ਨੂੰ ਨਹੀਂ ਸੀ ਕਰਦਾ

"ਤਾਂ ਵੀ ਕਿੰਨੇ ਪੈਸੇ ਲਵੇਂਗਾ, ਵੀਰਾ?"

"ਕੋਈ ਬਹੁਤੇ ਨਹੀਂ ਲੱਗਣ ਲੱਗੇ ਆ ਤੂੰ ਨਿਆਣਿਆਂ ਨੂੰ ਲੈ ਕੇ " ਟਾਂਗੇ ਵਾਲੇ ਨੇ ਸਵਾਰੀਆਂ ਨੂੰ ਥਾਂ ਬਣਾਉਣ ਲਈ ਆਖਿਆ ਸ਼ਾਇਦ ਉਸਨੇ ਔਰਤ ਨੂੰ ਕਿਰਾਏ ਦੇ ਪੈਸੇ ਵੀ ਦੱਸੇ

ਨਿਸ਼ਚਿਤ ਅੱਡੇ 'ਤੇ ਜਦੋਂ ਉਹ ਜ਼ਨਾਨੀ ਉੱਤਰੀ ਤਾਂ ਉਸ ਨੇ ਆਪਣੇ ਪੱਲੇ ਨਾਲ ਬੱਧਾ ਮੁੜਿਆ ਤੁੜਿਆ 'ਦੋ ਰੁਪੈ ਦਾ ਇੱਕੋ-ਇੱਕ ਨੋਟ' ਕੱਢਿਆ ਤੇ ਟਾਂਗੇ ਵਾਲੇ ਨੂੰ ਬਣਦੇ ਪੈਸੇ ਕੱਟਣ ਲਈ ਫੜਾਇਆ ਟਾਂਗੇ ਵਾਲੇ ਨੇ ਕਿਰਾਇਆ ਕੱਟ ਕੇ ਬਾਕੀ ਬਚਦੇ ਪੈਸੇ ਉਹਦੀ ਤਲੀ ਉੱਤੇ ਰੱਖੇ ਆਪਣੀ ਖੁੱਲ੍ਹੀ ਤਲੀ 'ਤੇ ਪੈਸਿਆਂ ਦਾ ਜੋੜ ਕਰਦੀ



Namdhari Elibrary NamdhariElibrary@gmail.com

ਉਸ ਜ਼ਨਾਨੀ ਨੇ ਟਾਂਗੇ ਵਾਲੇ ਨੂੰ ਆਖਿਆ, "ਵੀਰਾ! ਤੂੰ ਤਾਂ ਆਹਨਾਂ ਸੈਂ "

"ਬੀਬੀ ਉਹ ਤਾਂ ਇੱਕ ਸਵਾਰੀ ਦੇ ਆਖੇ ਸਨ ਮੁੰਡਿਆਂ ਦੇ ਨਹੀਂ ਲੱਗਣੇ?"

ਕਹਿ ਕੇ ਉਸ ਨੇ ਘੋੜੀ ਨੂੰ ਛਾਂਟ ਮਾਰੀ

ਜ਼ਨਾਨੀ ਅੱਗੋਂ ਕੁੱਝ ਨਹੀਂ ਬੋਲੀ ਬੱਚਿਆਂ ਨੂੰ ਲੈ ਕੇ ਵਾਂਢੇ ਜਾ ਰਹੀ ਸੀ ਕੋਲ ਸਿਰਫ਼ ਦੋ ਰੁਪੈ ਸਨ ਕਿਨੀਆਂ ਗਿਣਤੀਆਂ-ਮਿਣਤੀਆਂ ਕਰਕੇ ਉਹ ਘਰੋਂ ਪੈਦਲ ਤੁਰੀ ਹੋਵੇਗੀ ਬੱਚੇ ਲੈ ਕੇ ਤੁਰਨਾ ਮੁਸ਼ਕਿਲ ਵੇਖ ਕੇ ਤੇ ਟਾਂਗੇ ਵਾਲੇ ਨੂੰ ਪੈਸੇ ਪੁੱਛ ਕੇ ਕਿਨੀ ਗਿਣਤੀ-ਮਿਣਤੀ ਨਾਲ ਟਾਂਗੇ ਵਿੱਚ ਬੈਠੀ ਹੋਵੇਗੀ। ਉਸ ਵਿਚਾਰੀ ਦੀ ਤਾਂ ਇਹ ਸਾਰੀ ਗਿਣਤੀ ਉਲਟ-ਪੁਲਟ ਹੋ ਗਈ ਸੀ! ਉਸ ਨੇ ਟਾਂਗੇ ਵਾਲੇ ਨਾਲ ਕੋਈ ਝਗੜਾ ਨਹੀਂ ਕੀਤਾ ਪਰ ਆਸ ਤੋਂ ਘੱਟ ਰਹਿ ਗਏ ਪੈਸਿਆਂ ਨੂੰ ਉਹ ਆਪਣੀ ਤਲੀ 'ਤੇ ਬੜੀ ਹਸਰਤ ਨਾਲ ਨਿਹਾਰਦੀ ਰਹੀ ਮੈਂ ਪਿਛਾਂਹ ਮੁੜ ਕੇ ਵੇਖਿਆ ਉਹ ਅਜੇ ਵੀ ਓਥੇ ਖਲੋਤੀ ਸੀ ਬੱਚੇ ਉਹਦੇ ਕੋਲ ਕੋਲ ਸਨ ਅਤੇ ਉਹ ਅਜੇ ਵੀ ਤਲੀ ਉੱਤੇ ਪਏ ਪੈਸਿਆਂ ਨੂੰ ਨਿਹਾਰਦੀ ਪਈ ਸੀ ਉਹਨੂੰ ਇਜ ਨਿਰਾਸ਼ ਤੇ ਉਦਾਸ ਖਲੋਤੀ ਵੇਖ ਕੇ ਮੇਰੇ ਕਲੇਜੇ ਦਾ ਰੁੱਗ ਭਰਿਆ ਗਿਆ

ਇਹ ਝਾਕੀ ਅੱਜ ਵੀ ਮੇਰੇ ਚੇਤੇ ਵਿੱਚ ਸਥਿਰ ਖਲੋਤੀ ਹੋਈ ਹੈ ਅਤੇ ਅਜੇ ਵੀ ਮੇਰੇ ਦਿਲ ਨੂੰ ਭਿਉਂ ਜਾਂਦੀ ਹੈ

ਲਿਖਦਿਆਂ ਲਿਖਦਿਆਂ ਇਹ ਦੋ ਝਾਕੀਆਂ ਹੀ ਮੇਰੇ ਚੇਤੇ ਵਿੱਚ ਕਿਉਂ ਉੱਭਰੀਆਂ, ਜਿਨ੍ਹਾਂ ਵਿੱਚ ਆਰਥਕ ਥੁੜ ਦਾ ਚਿੱਤਰ ਪੇਸ਼ ਹੈ! ਕੀ ਇਸ ਪਿੱਛੇ ਆਰਥਕ-ਥੁੜ ਦਾ ਮੇਰਾ ਨਿੱਜੀ ਅਹਿਸਾਸ ਤਾਂ ਕੰਮ ਨਹੀਂ ਕਰ ਰਿਹਾ? ਸ਼ਾਇਦ ਇਹ ਵੀ ਇੱਕ ਕਾਰਨ ਹੋਵੇ!

ਉਸ ਵੇਲੇ ਦੇ ਆਮ ਪੇਂਡੂ ਕਿਸਾਨਾਂ ਦੇ ਬੱਚਿਆਂ ਵਾਂਗ ਸਾਡਾ ਜੀਵਨ ਕੋਈ ਐਸ਼ ਦਾ ਜੀਵਨ ਨਹੀਂ ਸੀ ਖੇਤੀ 'ਚੋਂ ਮਸਾਂ ਘਰ ਦੀਆਂ ਲੋੜਾਂ ਹੀ ਤੁਰਦੀਆਂ ਸਨ ਲੋੜ ਜੋਗੀ ਜ਼ਮੀਨ ਕੋਲ ਹੋਣ ਦੇ ਬਾਵਜੂਦ ਪੈਦਾਵਾਰ ਕੋਈ ਏਨੀ ਜ਼ਿਆਦਾ ਨਹੀਂ ਸੀ ਹੁੰਦੀ ਕਿ ਗੁਲਸ਼ੱਰੇ ਉਡਾਏ ਜਾ ਸਕਣ

ਜ਼ਾਹਿਰ ਹੈ ਜਮਾਂਦਰੂ ਤੌਰ 'ਤੇ ਹੀ ਮੇਰਾ ਮੇਰਾ ਮਨ ਅਜਿਹੀ ਜ਼ਰਖ਼ੇਜ਼ ਅਤੇ ਵੱਤਰ ਜ਼ਮੀਨ ਸੀ ਜਿਸ ਵਿੱਚ ਦੂਜਿਆਂ ਦੇ ਦੁੱਖਾਂ ਦਰਦਾਂ ਦੇ, ਲੋੜਾਂ-ਥੁੜਾਂ ਦੇ, ਖ਼ੁਸ਼ੀਆਂ-ਹਾਸਿਆਂ ਦੇ ਬੀਜ ਫੁੱਟਣ ਅਤੇ ਉੱਗਣ ਦੀ ਸੰਭਾਵਨਾ ਮੌਜੂਦ ਸੀ ਮੇਰੇ ਅੰਦਰ ਕਿਉਂਕਿ ਕਹਾਣੀ ਦੇ ਬੀਜ ਡਿੱਗਣੇ ਸਨ, ਇਸ ਲਈ ਮੇਰੇ ਆਪਣੇ ਸੁਭਾ ਵਿੱਚ ਅਤੇ ਮੇਰੇ ਮਾਹੌਲ ਵਿੱਚ ਇਹਨਾਂ ਬੀਜਾਂ ਦੇ ਸਫ਼ੁਟਿਤ ਹੋਣ ਦੀਆਂ ਅਨੇਕਾਂ ਸੰਭਾਵਨਾਵਾਂ ਵੀ ਪਈਆਂ ਹੋਈਆਂ ਸਨ ਹੱਸਾਸ ਅਤੇ ਸੰਵੇਦਨਸ਼ੀਲ ਆਪੇ ਦੇ ਨਾਲ ਮੇਰੇ ਸੁਭਾ ਦਾ ਇੱਕ ਹੋਰ ਲੱਛਣ ਵੀ ਮੇਰੇ ਲੇਖਕ ਬਣਨ ਵਿੱਚ ਕੰਮ ਆਇਆ

ਕੰਨ-ਰਸ ਬਹੁਤ ਸੀ ਮੈਨੂੰ ਬਚਪਨ ਵਿੱਚ ਹੀ ਜਿੱਥੇ ਕਿਤੇ ਵੀ ਗੱਲਾਂ ਹੋ ਰਹੀਆਂ ਹੁੰਦੀਆਂ: ਰਲ ਕੇ ਵਾਢੀ ਕਰਦਿਆਂ, ਕਮਾਦ ਛਿੱਲਦਿਆਂ, ਗੁੜ ਬਣਾਉਂਦਿਆਂ, ਖੱਗਿਆਂ 'ਚੋਂ ਛੱਲੀਆਂ ਕੱਢਦਿਆਂ, ਆਪਣੇ ਪਿਤਾ ਨਾਲ ਕਿਸੇ ਗੱਪ-ਮੰਡਲੀ ਜਾਂ ਪਰ੍ਹੇ-ਪੰਚਾਇਤ 'ਚ ਬੈਠਿਆਂ, 'ਕਾਰਖ਼ਾਨੇ' ਵਿੱਚ ਦਾਤਰੀਆਂ ਦੇ ਦੰਦੇ ਕਢਾਉਣ ਜਾਂ ਫਾਲੇ ਚੰਡਾਉਣ ਗਿਆਂ, ਵਿਆਹ ਦੇ ਮੇਲ ਵਿੱਚ ਜਾਂ ਮੇਲੇ ਮੱਸਿਆ ਜਾਂਦੇ-ਆਉਂਦੇ ਮੈਂ ਬਹੁਤ ਹੀ ਧਿਆਨ ਨਾਲ ਲੋਕਾਂ ਦੇ ਤਜਰਬੇ ਸੁਣਦਾ ਆਪਣੀ ਦਾਦੀ ਦੀਆਂ ਬਾਤਾਂ ਅਤੇ ਗੁਰਦਵਾਰੇ ਵਿੱਚ ਕੀਤੀ ਜਾਂਦੀ ਕਥਾ, ਵੱਖ ਵੱਖ ਮੇਲਿਆਂ-ਮੁਸਾਹਬਿਆਂ 'ਤੇ ਸੁਣੇ ਢਾਡੀਆਂ ਦੇ ਪ੍ਰਸੰਗਾਂ ਨੇ ਵੀ ਮੇਰੇ ਅੰਦਰ ਕਿਧਰੇ ਕਹਾਣੀ ਦਾ ਬੀਜ ਸੁੱਟ ਦਿੱਤਾ ਸੀ

ਸਾਡਾ ਘਰ ਸਾਡੇ ਪਿੰਡ ਦੇ ਬਾਜ਼ਾਰ ਵਿੱਚ ਸੀ ਦੁਕਾਨਾਂ ਰਾਤ ਦੇ ਗਿਆਰਾਂ-ਬਾਰਾਂ ਵਜੇ ਤਕ ਖੁੱਲ੍ਹੀਆਂ ਰਹਿੰਦੀਆਂ ਮੇਰਾ ਪਿਉ ਆਪਣੇ ਗੁਆਂਢੀ ਯਾਰ ਦੁਕਾਨਦਾਰਾਂ ਕੋਲ ਦੇਰ ਰਾਤ ਤੱਕ ਬੈਠਦਾ ਮੈਂ ਉਹਦੇ ਨਾਲ ਹੁੰਦਾ ਉਹ ਜੱਗ-ਜਹਾਨ ਦੀਆਂ ਗੱਲਾਂ ਕਰਦੇ ਵਰਤਮਾਨ ਦੀਆਂ, ਬੀਤੇ ਦੀਆਂ ਉਹਨਾਂ ਦੀਆਂ ਹੱਡ-ਬੀਤੀਆਂ, ਜੱਗ-ਬੀਤੀਆਂ ਦੇ ਪੂਰੇ ਪਾਤਰ ਮੇਰੇ ਸਾਹਮਣੇ ਵਿਚਰ ਰਹੇ ਲੱਗਦੇ ਹੱਸ ਰਹੇ, ਰੋ ਰਹੇ, ਗੁੱਸੇ ਹੁੰਦੇ ਜਿਉਂਦਾ-ਜਾਗਦਾ ਭਾਵਨਾਵਾਂ ਨੂੰ ਟੁੰਬਦਾ ਪੂਰੇ ਦਾ ਪੂਰਾ ਸੰਸਾਰ ਮੇਰੇ ਮਨ ਮਸਤਕ ਵਿੱਚ ਵਿਚਰ ਰਿਹਾ ਹੁੰਦਾ

ਇਸ ਅਦਭੁੱਤ ਸੰਸਾਰ ਦੇ ਬਹੁਤ ਸਾਰੇ ਸਜੀਵ ਹਿੱਸੇ ਮੈਂ ਆਪਣੇ ਅਵਚੇਤਨ ਵਿੱਚ ਜਮ੍ਹਾਂ ਕਰ ਲਏ ਤੇ ਊਠ ਦੀ ਕੋਹਾਂਡ ਵਿੱਚ ਜਮ੍ਹਾਂ ਕੀਤੇ ਭੋਜਨ ਵਾਂਗ ਲੋੜ ਪੈਣ 'ਤੇ ਇਹਨਾਂ ਅਨੁਭਵਾਂ ਨੂੰ ਆਪਣੀਆਂ ਰਚਨਾਵਾਂ ਵਿੱਚ ਵਰਤਦਾ ਰਿਹਾ

ਜੀਵਨ-ਅਨੁਭਵ ਨੂੰ ਗ੍ਰਹਿਣ ਕਰ ਸਕਣ ਦੀ ਯੋਗਤਾ ਵਿੱਚ ਮੇਰੇ ਕੰਨ-ਰਸ ਦਾ ਵੀ ਬਹੁਤ ਹਿੱਸਾ ਹੈ

ਇਹ ਗੱਲਾਂ ਪੂਰੀਆਂ ਜਾਂ ਅੰਤਮ ਸੱਚ ਨਹੀਂ ਹਨ

ਇਹ ਤਾਂ ਮੇਰੇ ਜੀਵਨ-ਇਤਿਹਾਸ ਦੀ ਧੂੜ ਵਿੱਚੋਂ ਛੋਟੇ ਛੋਟੇ ਉਹ ਕਣ ਚੁਣਨ ਦਾ ਉਪਰਾਲਾ ਹੈ, ਜਿਨ੍ਹਾਂ ਨੂੰ ਜੋੜ ਕੇ ਮੇਰੀ ਲੇਖਕੀ ਉਸਾਰੀ ਦਾ ਕੋਈ ਧੁੰਦਲਾ ਜਿਹਾ ਚਿੱਤਰ ਉਲੀਕਿਆ ਜਾ ਸਕੇ



Namdhari Elibrary NamdhariElibrary@gmail.com

# ਇਹ ਸਰਹੱਦਾਂ ਕਿਨ੍ਹਾਂ ਲਈ ਹਨ?

—ਡਾ: ਹਰਸ਼ਿੰਦਰ ਕੌਰ, ਐਮ ਡੀ,

ਕਨੇਡਾ ਦੀ ਪਾਰਲੀਮੈਂਟ ਵਿਚ ਮਾਦਾ ਭਰੂਣ ਹੱਤਿਆ ਰੋਕਣ ਲਈ ਅੰਤਰਰਾਸ਼ਟਰੀ ਪੱਧਰ ਉੱਤੇ ਕਿਹੜੇ ਕਦਮ ਪੁੱਟੇ ਜਾਣ, ਵਾਸਤੇ ਲੈਕਚਰ ਦੇਣ ਲਈ ਮੈਂ ਉਨ੍ਹਾਂ ਦੇ ਸੱਦੇ ਉੱਤੇ ੨੩ ਸਤੰਬਰ ੨੦੧੦ ਨੂੰ ਦਿੱਲੀ ਤੋਂ ਬ੍ਰਿਟਿਸ਼ ਏਅਰਲਾਈਨਜ਼ ਦਾ ਜਹਾਜ਼ ਫੜਿਆ ਤਾਂ ਉਸਨੇ ਰਸਤੇ ਵਿਚ ਕੁੱਝ ਚਿਰ ਲੰਡਨ ਹੀਥਰੋ ਏਅਰਪੋਰਟ ਉੱਤੇ ਰੁਕਣਾ ਸੀ। ਦਿੱਲੀ ਤੋਂ ਜਹਾਜ਼ ਚੜ੍ਹਨ ਲੱਗਿਆਂ ਲਾਈਨ ਵਿਚ ਅਸੀਂ ਸਾਰੇ ਖੜ੍ਹੇ ਹੋਏ ਸੀ ਤਾਂ ਬਹੁਤ ਹੀ ਪਿਆਰੀ ਖਿਲੀਆਂ ਅੱਖਾਂ ਅਤੇ ਲਾਲ ਸੁਰਖ਼ ਗੱਲਾਂ ਵਾਲੀ ਇਕ ਕੁੜੀ ਤੇਜ਼ੀ ਨਾਲ ਭੱਜ ਕੇ ਸਾਡੀ ਲਾਈਨ ਵਿਚ ਆ ਲੱਗੀ। ਉਹ ਏਨੀ ਸੋਹਣੀ ਸੀ ਕਿ ਹਰ ਇਕ ਨੇ ਇਕ ਵਾਰ ਤਾਂ ਜ਼ਰੂਰ ਸਿਰ ਘੁਮਾ ਕੇ ਉਸਨੂੰ ਨਿਹਾਰਿਆ। ਕੁੱਝ ਦਿਲ ਫੇਂਕ ਤਾਂ ਲਗਾਤਾਰ ਹੀ ਉਸਨੂੰ ਘੂਰਦੇ ਰਹੇ।

ਜਹਾਜ਼ ਵਿਚ ਚੜ੍ਹੇ ਤਾਂ ਮੈਨੂੰ ਇਸਦਾ ਉੱਕਾ ਹੀ ਪਤਾ ਨਹੀਂ ਸੀ ਕਿ ਉਹ ਬੇਹਦ ਖ਼ੂਬਸੂਰਤ ਕੁੜੀ ਮੇਰੀ ਨਾਲ ਦੀ ਸੀਟ ਉੱਤੇ ਬੈਠਣ ਵਾਲੀ ਹੈ। ਉਸਨੇ ਕਾਲੀ ਸ਼ਾਹ ਜੀਨ ਤੇ ਰੇਸ਼ਮੀ ਕਾਲੀ ਕਮੀਜ਼ ਪਾਈ ਹੋਈ ਸੀ ਤੇ ਸਿਰ ਉੱਤੇ ਕਾਲਾ ਸਕਾਰਫ਼ ਬੰਨ੍ਹਿਆ ਹੋਇਆ ਸੀ। ਸ਼ਿਸ਼ਟਾਚਾਰ ਦੀ ਬੰਨ੍ਹੀ ਨੇ ਮੈਂ ਇਕ ਵਾਰ ਹਲਕੀ ਜਿਹੀ ਗਰਦਨ ਘੁਮਾ ਕੇ ਉਸਨੂੰ ਫੇਰ ਰਤਾ ਕੁ ਨਿਹਾਰਿਆ ਤਾਂ ਜੋ ਉਸਦੀ ਖ਼ੂਬਸੂਰਤੀ ਦਿਮਾਗ਼ ਵਿਚ ਸਮੋ ਲਵਾਂ, ਤੇ ਫੇਰ ਜਹਾਜ਼ ਤੋਂ ਬਾਹਰ ਵੱਲ ਝਾਕਣ ਲੱਗ ਪਈ।

ਉਸ ਕੁੜੀ ਨੇ ਸਮਾਨ ਸੀਟ ਦੇ ਉੱਪਰ ਖਾਨੇ ਵਿਚ ਰੱਖਦੇ ਸਾਰ ਝੱਟ ਮੈਨੂੰ ਸੰਬੋਧਨ ਕਰ ਕੇ ਕਿਹਾ, " ਬਾ ਜੀ (ਵੱਡੀ ਭੈਣ) ਤੁਸੀਂ ਕਿੱਥੇ ਜਾ ਰਹੇ ਹੋ?"

ਮੈਨੂੰ ਉਸ ਵੱਲ ਇਕ ਵਾਰ ਫੇਰ ਵੇਖਣ ਦਾ ਮੌਕਾ ਮਿਲ ਗਿਆ। ਮੈਂ ਮੁਸਕੁਰਾ ਕੇ ਜਵਾਬ ਦਿੱਤਾ 'ਵੈਨਕੂਵਰ, ਤੇ ਤੁਸੀਂ?' ਉਸ ਕਿਹਾ, ਲੰਡਨ। ਤੁਹਾਡਾ ਨਾਂ ਕੀ ਹੈ?" ਮੈਂ ਆਪਣਾ ਨਾਂ ਦੱਸਿਆ ਤਾਂ ਉਸਨੇ ਫੇਰ ਪੁੱਛਿਆ, " ਕੀ ਕੰਮ ਕਰਦੇ ਹੋ?" ਮੈਂ ਦੱਸਿਆ ਕਿ ਮੈਂ ਬੱਚਿਆਂ ਦੀ ਡਾਕਟਰ ਹਾਂ, " ਬਾ ਜੀ, ਤੁਸੀਂ ਵਿਆਹੇ ਹੋਏ ਹੋ, " ਉਸਨੇ ਫੇਰ ਪੁੱਛਿਆ? ਮੈਂ ਹਾਮੀ ਭਰ ਦਿੱਤੀ ਤਾਂ ਉਹ ਫੇਰ ਬੋਲ ਪਈ, " ਤੁਹਾਡੀ ਅੰਮਾਂ ਤੇ ਵਾਲਿਦ ਕਿੱਥੇ ਰਹਿੰਦੇ ਹਨ?" ਮੈਂ ਦੱਸਿਆ ਕਿ ਉਹ ਹੁਣ ਇਸ ਦੁਨੀਆਂ ਵਿਚ ਨਹੀਂ ਹਨ। ਉਸਨੇ ਝਟ ਮੇਰਾ ਹੱਥ ਘੁਟ ਕੇ ਫੜ ਲਿਆ ਤੇ ਬੋਲੀ, " ਸੱਚੀਂ ਬਾ ਜੀ, ਅੱਲਾ ਨੇ ਮੌਮ ਡੈਡ ਤਾਂ ਸਾਨੂੰ ਬਹੁਤ ਕੀਮਤੀ ਸੌਗਾਤ ਦਿੱਤੇ ਹੋਏ ਨੇ। ਇਹ ਚੱਲੇ ਜਾਣ ਤਾਂ ਫੇਰ ਦੁਨੀਆ ਚੰਗੀ ਜਿਹੀ ਹੀ ਨਹੀਂ ਲਗਦੀ। ਕੋਈ ਫੇਰ ਉਸ ਲਾਡ ਦੇ ਨਾਂ ਨਾਲ ਬੁਲਾਉਂਦਾ ਹੀ ਨਹੀਂ। ਤੁਹਾਨੂੰ ਕਿਸ ਨਾਂ ਨਾਲ ਬੁਲਾਉਂਦੇ ਹੁੰਦੇ ਸੀ?" ਮੈਂ ਦੱਸਿਆ, " ਹਰਸ਼ਾਂ।"



" ਤੁਹਾਡੇ ਹਸਬੈਂਡ ਤੁਹਾਨੂੰ ਕਿਸ ਨਾਂ ਨਾਲ ਬੁਲਾਉਂਦੇ ਹਨ," ਉਸਨੇ ਝਟ ਪੁੱਛ ਲਿਆ? ਮੈਨੂੰ ਰਤਾ ਕੁ ਅਜੀਬ ਜਿਹਾ ਲੱਗਿਆ ਕਿ ਮੈਨੂੰ ਉਸ ਬਾਰੇ ਉੱਕਾ ਹੀ ਕੁੱਝ ਨਹੀਂ ਪਤਾ ਤੇ ਉਹ ਡੂੰਘੀ ਦੋਸਤੀ ਗੰਢਣ ਦੇ ਚੱਕਰ ਵਿਚ ਕਿਉਂ ਹੈ? ਮੈਂ ਕੋਈ ਜਵਾਬ ਨਹੀਂ ਦਿੱਤਾ ਤਾਂ ਉਸ ਕਿਹਾ, " ਮੇਰਾ ਨਾਂ ਕਿਉਂ ਨਹੀਂ ਪੁੱਛਦੇ? "

ਮੈਂ ਉਸਨੂੰ ਪੁੱਛਿਆ ਕਿ ਉਸਦਾ ਕੀ ਨਾਂ ਹੈ?

ਉਸ ਜਵਾਬ ਦਿੱਤਾ, " ਸ਼ਾਜ਼ੀਆ। ਮੇਰੀ ਇਕ ਛੋਟੀ ਭੈਣ ਤੇ ਇਕ ਉਸ ਤੋਂ ਛੋਟਾ ਭਰਾ ਹੈ। ਮੇਰੇ ਗਰੈਂਡ ਪਾ (ਦਾਦਾ ਜੀ ) ਪਾਕਿਸਤਾਨ ਤੋਂ ਲੰਡਨ ਆਏ ਸਨ ਤੇ ਬੜੀ ਮਿਹਨਤ ਕਰਕੇ ਰੋਟੀ ਕਮਾਉਂਦੇ ਰਹੇ। ਪੈਸੇ ਬਚਾਉਣ ਦੇ ਚੱਕਰ ਵਿਚ ਕਈ ਵਾਰ ਖਾਣਾ ਵੀ ਨਹੀਂ ਸੀ ਖਾਂਦੇ ਹੁੰਦੇ। ਮਜ਼ਦੂਰੀ ਵੀ ਕੀਤੀ ਤੇ ਸਟੋਰ ਵਿਚ ਵੀ ਕੰਮ ਕੀਤਾ। ਕੁੱਝ ਚਿਰ ਤਾਂ ਝਾੜੂ ਵੀ ਮਾਰਦੇ ਰਹੇ ਪਰ ਮੇਰੇ ਅੱਬਾ ਲਈ ਤੇ ਅੱਗੋਂ ਸਾਡੇ ਲਈ ਜ਼ਿੰਦਗੀ ਸੌਖੀ ਕਰ ਗਏ।"

ਉਸਨੇ ਇੱਕੋ ਪਲ ਵਿਚ ਆਪਣੀ ਸਾਰੀ ਰਾਮ ਕਹਾਣੀ ਸੁਣਾ ਦਿੱਤੀ। ਰਾਤ ਦੇ ਢਾਈ ਵੱਜੇ ਹੋਏ ਸਨ ਤੇ ਮੇਰਾ ਨੀਂਦਰ ਤੇ ਥਕਾਵਟ ਨਾਲ ਬੁਰਾ ਹਾਲ ਸੀ ਕਿਉਂਕਿ ਸਵੇਰ ਦੀ ਪਟਿਆਲਿਓਂ ਚੱਲੀ ਹੋਈ ਸੀ। ਮੈਂ ਰਤਾ ਕੁ ਪਾਸਾ ਵੱਟ ਕੇ ਸੀਟ ਉੱਤੇ ਸੌਣ ਦੀ ਕੋਸ਼ਿਸ਼ ਕੀਤੀ ਪਰ ਉਸਨੇ ਫੇਰ ਮੈਨੂੰ ਹਲਕਾ ਥਪਥਪਾ ਕੇ ਪੁੱਛਿਆ, " ਤੁਹਾਡੇ ਕਿੰਨੇ ਬੱਚੇ ਨੇ?" ਮੈਂ 'ਦੋ' ਕਹਿ ਕੇ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਫੇਰ ਪੁੱਛਿਆ, " ਇਕ ਚੁਟਕੁਲਾ ਸੁਣਾਵਾਂ?" ਰਾਤ ਨੂੰ ਢਾਈ ਵਜੇ ਚੁਟਕੁਲਾ? ਮੇਰੇ ਜਵਾਬ ਦੇਣ ਤੋਂ ਪਹਿਲਾਂ ਹੀ ਉਸਨੇ ਸੁਣਾਉਣਾ ਸ਼ੁਰੂ ਕਰ ਦਿੱਤਾ, " ਇਕ ਅੰਨ੍ਹਾ ਸੀ ਜਿਸਨੇ ਜ਼ੋਰ ਦੀ ਅਵਾਜ਼ ਮਾਰ ਕੇ ਸਭ ਨੂੰ ਬੁਲਾਇਆ ਕਿ ਉਹ ਵੇਖੋ ਇਕ ਬੰਦੇ ਨੂੰ ਅੱਗ ਲੱਗ ਗਈ ਹੈ। ਸਭ ਤੋਂ ਪਹਿਲਾਂ ਜਿਹੜਾ ਸੁਣ ਕੇ ਅਗਾਂਹ ਤੁਰਿਆ, ਉਹ ਬੋਲਾ ਸੀ ਤੇ ਪਤਾ ਜੇ ਸਭ ਤੋਂ ਤੇਜ਼ ਭੱਜ ਕੇ ਪਹਿਲਾਂ ਉਸ ਸੜ ਰਹੇ ਬੰਦੇ ਨੂੰ ਬਚਾਉਣ ਕੌਣ ਪਹੁੰਚਿਆ? ਲੰਗੜਾ ਆਦਮੀ।" ਏਨਾ ਕਹਿੰਦੇ ਸਾਰ ਉਹ ਖਿੜਖਿੜਾ ਕੇ ਹੱਸੀ ਤੇ ਆਸ ਪਾਸ ਦੇ



Namdhari Elibrary NamdhariElibrary@gmail.com

ਲੋਕ ਜਿਹੜੇ ਉਸਦੀ ਖ਼ੂਬਸੂਰਤੀ ਤੋਂ ਪਹਿਲਾਂ ਹੀ ਡੰਗੇ ਬੈਠੇ ਸਨ, ਉਸਦੇ ਟੁਣਕਦੇ ਹਾਸੇ ਦੇ ਵੀ ਸ਼ਿਕਾਰ ਹੋ ਗਏ।

ਇਕ ਹੋਰ ਚੁਟਕੁਲਾ ਸੁਣੋ, " ਇਕ ਬੱਚੇ ਨੂੰ ਉਸਦੇ ਉਸਤਾਦ ਨੇ ਪੁੱਛਿਆ ਕਿ ਉਸਦੇ ਅੱਬਾ ਕੋਲੋਂ ਉਸਦੀ ਅੰਮੀ ਨੇ ਉਸਦੀ ਜੇਬ ਵਿਚਲੇ ਤਿੰਨ ਹਜ਼ਾਰ ਰੁਪਈਆਂ ਵਿੱਚੋਂ ਸੌਲਾਂ ਸੌ ਤੀਹ ਰੁਪੈ ਮੰਗੇ ਤਾਂ ਉਸ ਕੋਲ ਬਾਕੀ ਕਿੰਨੇ ਬਚੇ? ਬੱਚੇ ਨੇ ਝਟ ਜਵਾਬ ਦਿੱਤਾ, ਇਕ ਵੀ ਨਹੀਂ ਕਿਉਂਕਿ ਅੰਮੀ ਤਾਂ ਅੱਬਾ ਦੀ ਜੇਬ ਰੋਜ਼ ਸਾਫ਼ ਕਰਦੀ ਰਹਿੰਦੀ ਹੈ ਤੇ ਇਕ ਵੀ ਪੈਸਾ ਉਸ ਕੋਲ ਨਹੀਂ ਛੱਡਦੀ।"

ਉਸ ਤੋਂ ਬਾਅਦ ਉਹ ਲਗਾਤਾਰ ਸੋਲਾਂ ਸਤਾਰਾਂ ਚੁਟਕੁਲੇ ਸੁਣਾ ਗਈ ਤੇ ਮੈਨੂੰ ਉਹ ਚੁਲਬੁਲੀ ਖ਼ੂਬਸੂਰਤ ਕੁੜੀ ਆਪਣੀ ਨੇੜੇ ਦੀ ਰਿਸ਼ਤੇਦਾਰ ਜਿਹੀ ਹੀ ਜਾਪਣ ਲੱਗ ਪਈ।

ਕੁੱਝ ਚਿਰ ਬਾਅਦ ਉਸਨੇ ਫੇਰ ਪੁੱਛਿਆ, " ਹੁਣ ਤਾਂ ਦਸ ਦਿਓ ਤੁਹਾਡੇ ਖਾਵੰਦ (ਪਤੀ) ਤੁਹਾਨੂੰ ਕਿਸ ਨਾਂ ਨਾਲ ਬੁਲਾਉਂਦੇ ਹਨ? "

ਮੈਂ ਦੱਸਿਆ, " ਲਾਡੋ।"

" ਹਾਏ ਅੱਲਾ, ਏਨਾ ਖ਼ੂਬਸੂਰਤ ਨਾਂ! ਮੈਂ ਤਾਂ ਤੁਹਾਡੇ ਖ਼ਾਵੰਦ ਨੂੰ ਜ਼ਰੂਰ ਮਿਲਣਾ ਚਾਹੁੰਦੀ ਹਾਂ। ਮੈਂ ਅਸਲਮ ਨੂੰ ਕਹਾਂਗੀ ਕਿ ਮੈਨੂੰ ਵੀ ਇਸੇ ਨਾਂ ਨਾਲ ਬੁਲਾਇਆ ਕਰੇ, " ਉਹ ਬੋਲੀ।

" ਅਸਲਮ ਕੌਣ," ਮੈਂ ਪੁੱਛਿਆ? " ਮੈਂ ਅਠਾਰਾਂ ਵਰ੍ਹਿਆਂ ਦੀ ਹਾਂ ਤੇ ਇਸ ਉਮਰ ਵਿਚ ਇਕ ਬੁਆਏ ਫਰੈਂਡ ਜ਼ਰੂਰ ਹੋਣਾ ਚਾਹੀਦਾ ਹੈ। ਉਹ ਤਾਂ ਮੇਰੇ ਨਾਲ ਨਿਕਾਹ ਕਰਨ ਲਈ ਪਾਗਲ ਹੋਇਆ ਪਿਆ ਹੈ," ਉਸ ਦੱਸਿਆ, " ਉਹ ਮੈਨੂੰ ਪਿਆਰ ਨਾਲ 'ਸ਼ਾਜ਼' ਕਹਿੰਦਾ ਹੈ ਪਰ ਹੁਣ ਮੈਂ ਕਹਾਂਗੀ ਕਿ ਮੈਨੂੰ ਲਾਡੋ ਕਿਹਾ ਕਰੇ।"

ਉਸ ਦੱਸਿਆ ਕਿ ਉਹ ਅੱਧੀ ਦੁਨੀਆ ਘੁੰਮ ਚੁੱਕੀ ਹੈ ਤੇ ਹੁਣ ਹਿੰਦੁਸਤਾਨ ਘੁੰਮ ਕੇ ਵਾਪਸ ਪਰਤ ਰਹੀ ਹੈ। ਮੈਨੂੰ ਲੱਗਿਆ ਕਿ ਉਹ ਕਾਫ਼ੀ ਹਿੰਮਤੀ ਕੁੜੀ ਹੈ ਜਿਹੜੀ ਇਕੱਲੇ ਹੀ ਸਭ ਪਾਸੇ ਘੁੰਮਦੀ ਫਿਰ ਰਹੀ ਹੈ।

ਉਸਦੀਆਂ ਗੱਲਾਂ ਖ਼ਤਮ ਹੀ ਨਹੀਂ ਸੀ ਹੋ ਰਹੀਆਂ। ਕਦੇ ਤਾਜ ਮਹਿਲ, ਕਦੇ ਲਾਲ ਕਿਲਾ ਤੇ ਕਦੇ ਪਾਕਿਸਤਾਨ ਬਾਰੇ ਗੱਲਾਂ, ਕਦੇ ਲੰਡਨ ਦੀਆਂ ਗੱਲਾਂ ਤੇ ਵਿਚ ਵਿਚ ਚੁਟਕੁਲੇ ਸੁਣਾ ਕੇ ਉਹ ਲਗਾਤਾਰ ਹਸਾਉਂਦੀ ਰਹੀ।

ਮੇਰੀ ਨੀਂਦਰ ਉੱਡ ਪੁਡ ਗਈ ਸੀ ਤੇ ਮੈਨੂੰ ਉਹ ਪਿਆਰੀ ਜਿਹੀ ਗੁੱਡੀ ਜਾਪ ਰਹੀ ਸੀ ਜਿਸਨੇ ਬਦੋਬਦੀ ਦਿਲ ਦਾ ਇਕ ਕੋਨਾ ਮਲ ਲਿਆ ਸੀ। " ਲਾਡੋ ਬਾਜੀ ਮੈਨੂੰ ਬੜਾ ਮਜ਼ਾ ਆਉਂਦਾ ਹੈ ਜਦ ਮੁੰਡੇ ਮੈਨੂੰ ਵੇਖ ਕੇ ਦਿਲ ਉੱਤੇ ਹੱਥ ਧਰ ਕੇ ਲੰਬੇ ਸਾਹ ਖਿਚਦੇ ਹਨ। ਇਸਦਾ ਮਤਲਬ ਹੈ ਮੈਂ ਬੇਹਦ ਖ਼ੂਬਸੂਰਤ ਹਾਂ। ਹਾਂ ਕਿ ਨਹੀਂ, ਤੁਸੀਂ ਦੱਸੋ ਨਾ," ਉਸਨੇ ਮਚਲਦਿਆਂ ਪੁੱਛਿਆ?

ਮੈਂ ਸਿਰ ਹਿਲਾ ਕੇ ਮੁਸਕੁਰਾ ਪਈ। ਉਹ ਫਿਰ ਬੋਲੀ, " ਤੁਸੀਂ ਦੁਪੱਟੇ ਨਾਲ ਸਿਰ ਢਕੋ ਤੇ ਫੇਰ ਮੈਂ ਯਕੀਨ ਨਾਲ ਕਹਿ ਸਕਦੀ ਹਾਂ ਕਿ ਕੋਈ ਬੁੱਝ ਹੀ ਨਹੀਂ ਸਕੇਗਾ ਕਿ ਤੁਸੀਂ ਹਿੰਦੁਸਤਾਨੀ ਹੋ ਕਿ ਪਾਕਿਸਤਾਨੀ। ਮੈਨੂੰ ਤਾਂ ਬਿਲਕੁਲ ਤੁਸੀ ਆਪਣੀ ਵੱਡੀ ਭੈਣ ਹੀ ਲੱਗਦੇ ਹੋ।"

ਮੈਂ ਕਿਹਾ," ਹੁਣ ਝਲ ਵਲੱਲੀਆਂ ਮਾਰਨੀਆਂ ਛੱਡ ਕੇ ਸੌਣ ਦੀ ਕੋਸ਼ਿਸ਼ ਕਰ।" ਉਸ ਝਟ ਕਿਹਾ, " ਨਾ ਬਈ, ਸੌਂ ਕੇ ਮੈਂ ਏਨੀ ਖ਼ੂਬਸੂਰਤ ਜ਼ਿੰਦਗੀ ਦੇ ਪਲ ਗੁਆਉਣਾ ਨਹੀਂ ਚਾਹੁੰਦੀ। ਮੈਂ ਤਾਂ ਜ਼ਿੰਦਗੀ ਦਾ ਹਰ ਪਲ ਜੀਉਣਾ ਹੈ ਤੇ ਰਜ ਕੇ ਜੀਉਣਾ ਹੈ ਤਾਂ ਜੋ ਕੋਈ ਤਮੰਨਾ ਬਾਕੀ ਨਾ ਰਹੇ।"

ਮੈਂ ਉਸਨੂੰ ਕਿਹਾ ਬਈ ਤੂੰ ਜੀਅ ਲੈ ਜ਼ਿੰਦਗੀ ਪਰ ਮੈਨੂੰ ਸੌਂ ਲੈਣ ਦੇ। ਮੇਰੀ ਪਿਠ ਮੋੜਨ ਦੀ ਦੇਰ ਸੀ ਕਿ ਉਹ ਫੇਰ ਮੇਰਾ ਮੋਢਾ ਹਲੂਣ ਕੇ ਬੋਲੀ, " ਲਾਡੋ ਭੈਣਜੀ ਉਹ ਜੂਸ ਵੰਡਣ ਆ ਗਏ ਨੇ। ਪੀ ਲਓ ਫੇਰ ਸੌਂ ਜਾਇਓ। ਤੁਸੀਂ ਆਪਣੇ ਖਾਵੰਦ ਦਾ ਨਾਂ ਹੀ ਨਹੀਂ ਦੱਸਿਆ?" ਮੈਂ ਕੋਈ ਜਵਾਬ ਨਹੀਂ ਦਿੱਤਾ ਤਾਂ ਉਸ ਦੁਬਾਰਾ ਇਹੀ ਸਵਾਲ ਪੁੱਛਿਆ। ਮੈਂ ਦੱਸਿਆ, " ਡਾ: ਗੁਰਪਾਲ ਸਿਘ।" ਮੇਰੀ ਗਲ ਮੁੱਕਣ ਤੋਂ ਪਹਿਲਾਂ ਹੀ ਉਹ ਫੇਰ ਬੋਲ ਪਈ, " ਤੁਸੀਂ ਉਨ੍ਹਾਂ ਨੂੰ ਪਿਆਰ ਨਾਲ ਕਿਸ ਨਾਂ ਨਾਲ ਬੁਲਾਉਂਦੇ ਹੋ?" ਮੈਂ ਕਿਹਾ, " ਤੂੰ ਜੂਸ ਪੀ ਤੇ ਮੇਰਾ ਖਹਿੜਾ ਛੱਡ।" ਉਹ ਪਿੱਛੇ ਹੀ ਪੈ ਗਈ ਤਾਂ ਮੈਂ ਕਿਹਾ, " ਹਨੀ।" " ਓਹੋ ਕਿੰਨਾ ਮਿੱਠਾ ਤੇ ਚਿਪਚਿਪਾ ਜਿਹਾ ਘਸਿਆ ਪਿਟਿਆ ਨਾਂ ਹੈ। ਉਹ ਕਿੰਨੇ ਪਿਆਰ ਨਾਲ ਲਾਡੋ ਕਹਿੰਦੇ ਹਨ ਤੇ ਤੁਸੀਂ ਵੀ ' ਜਾਨ', 'ਜਾਨੂੰ' ਜਾਂ ' ਮਿੰਨੂ' ਕਿਹਾ ਕਰੋ," ਉਸਨੇ ਮਚਲਦਿਆਂ ਕਿਹਾ।

"ਤੂੰ ਅਸਲਮ ਨੂੰ ਇਸ ਨਾਂ ਨਾਲ ਬੁਲਾ ਲਵੀਂ। ਹੁਣ ਮੈਨੂੰ ਸੌਣ ਵੀ ਦੇ। ਮੈਂ ਅੱਗੋਂ ਬਾਰਾਂ ਘੰਟੇ ਫੇਰ ਜਹਾਜ਼ ਉੱਤੇ ਸਫਰ ਕਰਨਾ ਹੈ ਵੈਨਕੂਵਰ ਲਈ," ਮੈਂ ਤਰਲਾ ਜਿਹਾ ਲਿਆ।

ਉਸ ਮੇਰਾ ਹੱਥ ਫੜ ਲਿਆ ਤੇ ਚੁੰਮ ਕੇ ਬੋਲੀ, " ਤੁਸੀਂ ਮੈਨੂੰ ਯਾਦ ਰੱਖੋਗੇ? ਭੁੱਲ ਤਾਂ ਨਹੀਂ ਜਾਵੋਗੇ? ਮੈਂ ਚਾਹੁੰਦੀ ਹਾਂ ਕਿ ਜਿੰਨੀ ਵੀ ਜ਼ਿੰਦਗੀ ਹੈ, ਪਿਆਰ ਵੰਡਦੀ ਰਹਾਂ ਤੇ ਹਰ ਇਕ ਨੂੰ ਖੁਸ਼ ਵੇਖਾਂ।"

ਉਸਨੇ ਚੁੱਪ ਨਾ ਕਰਨ ਦੀ ਸੌਹ ਖਾ ਰੱਖੀ ਸੀ, ਇਸ ਲਈ ਮੇਰਾ ਸੌਣਾ ਨਾਮੁਮਕਿਨ ਸੀ। ਮੈਂ ਉਸਦੇ ਚੁਟਕੁਲੇ ਸੁਣ ਸੁਣ ਕੇ ਹਸਦੀ ਰਹੀ ਤੇ ਵਿਚ ਵਿਚ ਜਦੋਂ ਵੀ ਅੱਖ ਝਪਕੀ ਜਾਂਦੀ ਉਹ ਫੇਰ ਮੇਰਾ ਮੋਢਾ ਹਲੂਣ ਦਿੰਦੀ।

ਮੈਂ ਧੜਕਦੀ ਜ਼ਿੰਦਗੀ ਦਾ ਪ੍ਰਤੱਖ ਰੂਪ ਵੇਖ ਰਹੀ ਸੀ। ਮੈਂ ਕਿਹਾ " ਰਬ ਤੈਨੂੰ ਕੋਈ ਦੁਖ ਨਾ ਦੇਵੇ। ਹਾਲੇ ਤੇਰੀ ਉਮਰ ਹੀ ਕੁੱਝ ਨਹੀਂ। ਪਰ ਅੱਗੋਂ ਜ਼ਿੰਮੇਵਾਰੀਆਂ ਜਦੋਂ ਪੈਂਦੀਆਂ ਹਨ ਤਾਂ ਫੇਰ ਇਹ ਖ਼ੁਸ਼ੀ ਕਾਫ਼ੂਰ ਹੋ ਜਾਂਦੀ ਹੈ। ਜ਼ਿੰਦਗੀ ਵਿਚ ਇੱਕੋ ਜਿਹਾ ਸਮਾਂ ਕਦੇ ਨਹੀਂ ਰਹਿੰਦਾ। ਚੰਗੀ ਗੱਲ ਹੈ ਕਿ ਤੂੰ ਖੁਸ਼ਮਿਜ਼ਾਜ ਹੈਂ ਤੇ ਖੇੜਾ ਵੰਡਦੀ ਫਿਰ ਰਹੀ ਹੈਂ। ਰੱਬ ਤੈਨੂੰ



Namdhari Elibrary NamdhariElibrary@gmail.com

ਲੰਮੀ ਉਮਰ ਦੇਵੇ।"

ਉਹ ਮੁਸਕੁਰਾ ਪਈ ਤੇ ਉਸਨੇ ਪਹਿਲੀ ਵਾਰ ਮੂੰਹ ਝਟ ਮੇਰੇ ਕੋਲੋਂ ਪਰ੍ਹਾਂ ਨੂੰ ਘੁਮਾ ਲਿਆ। ਮੈਨੂੰ ਇਉਂ ਜਾਪਿਆ ਜਿਵੇਂ ਸ਼ਾਇਦ ਹੰਝੂ ਪੂੰਝ ਰਹੀ ਹੋਵੇ। ਐਵੇਂ ਸ਼ੱਕ ਜਿਹਾ ਹੀ ਸੋਚ ਕੇ ਮੈਂ ਫੇਰ ਪਾਸਾ ਲੈ ਕੇ ਸੌਣ ਦੀ ਕੋਸ਼ਿਸ਼ ਕੀਤੀ। ਇਸ ਵਾਰ ਉਸ ਨੇ ਟੋਕਿਆ ਨਹੀਂ ਤੇ ਮੈਂ ਪੌਣਾ ਘੰਟਾ ਸੁੱਤੀ ਰਹੀ।

ਏਨੇ ਨੂੰ ਏਅਰ ਹੋਸਟੇਸ ਖਾਣਾ ਲੈ ਕੇ ਆ ਗਈ। ਮੈਂ ਜਾਗੀ ਤਾਂ ਉਹ ਫੇਰ ਚਹਿਕ ਰਹੀ ਸੀ। ਪਰਲੇ ਪਾਸੇ ਦੀ ਸੀਟ ਉੱਤੇ ਬੈਠੀ ਬਜ਼ੁਰਗ ਔਰਤ ਨੂੰ ਹੁਣ ਤੱਕ ਉਸਨੇ ਅੰਮੀ ਬਣਾ ਲਿਆ ਹੋਇਆ ਸੀ।

ਜਦੋਂ ਲੰਡਨ ਏਅਰਪੋਰਟ ਉੱਤੇ ਉਤਰੇ ਤਾਂ ਉਸਨੇ ਮੇਰਾ ਪਤਾ ਅਤੇ ਫ਼ੋਨ ਨੰਬਰ ਲੈ ਲਿਆ। ਮੈਂ ਉਸਤੋਂ ਉਸਦਾ ਫ਼ੋਨ ਨੰਬਰ ਤੇ ਪਤਾ ਮੰਗਿਆ ਤਾਂ ਉਸਨੇ ਕਾਗਜ਼ ਉੱਤੇ ਕੁੱਝ ਲਿਖ ਕੇ ਫੜ੍ਹਾ ਦਿੱਤਾ। ਮੈਂ ਪੜ੍ਹਿਆ ਤਾਂ ਲਿਖਿਆ ਸੀ, " ਹੈਵਨ (ਸਵਰਗ) ।"

ਮੈਂ ਹਸ ਕੇ ਕਿਹਾ, " ਲੰਡਨ ਤੇਰੇ ਲਈ ਸਵਰਗ ਹੋਵੇਗਾ। ਮੈਨੂੰ ਤਾਂ ਆਪਣਾ ਦੇਸ ਸਭ ਤੋਂ ਪਿਆਰਾ ਲਗਦਾ ਹੈ। ਮੈਨੂੰ ਤੂੰ ਆਪਣਾ ਸਹੀ ਪਤਾ ਲਿਖ ਕੇ ਦੇ ਤਾਂ ਜੋ ਅਗਲੇ ਸਾਲ ਮੈਂ ਤੈਨੂੰ ਮਿਲ ਕੇ ਜਾਵਾਂ ਤੇ ਹਰ ਮਹੀਨੇ ਫ਼ੋਨ ਉੱਤੇ ਗਲ ਕਰ ਕੇ ਤੇਰੇ ਵਾਂਗ ਤੇਰਾ ਵੀ ਸਿਰ ਖਾਵਾਂ।"

ਉਹ ਮੁਸਕੁਰਾ ਕੇ ਬੋਲੀ , " ਬਾਜੀ, ਮੈਨੂੰ ਫੈਲਿਆ ਹੋਇਆ ਲਹੂ ਦਾ ਕੈਂਸਰ ਹੈ ਤੇ ਡਾਕਟਰ ਨੇ ਮੈਨੂੰ ਕੁਲ ਛੇ ਮਹੀਨੇ ਦੀ ਉਮਰ ਦੱਸੀ ਹੈ। ਅਗਲੇ ਸਾਲ ਮੈਂ ਵਾਕਈ ਉੱਥੇ ਹੀ ਹੋਵਾਂਗੀ ਕਿਉਂਕਿ ਮੈਂ ਕਿਸੇ ਦਾ ਦਿਲ ਦੁਖਾਉਂਦੀ ਹੀ ਨਹੀਂ ਤੇ ਅੱਲਾ ਬਹੁਤ ਚੰਗਾ ਹੈ। ਉਹ ਮੈਨੂੰ ਹੈਵਨ ਵਿਚ ਹੀ ਥਾਂ ਦੇਵੇਗਾ। ਤੁਸੀਂ ਏਨੇ ਚੰਗੇ ਹੋ ਸੋ ਮੈਨੂੰ ਪਤਾ ਹੈ ਕਿ ਤੁਸੀਂ ਵੀ ਕਦੇ ਨਾ ਕਦੇ ਉੱਥੇ ਹੀ ਆਵੋਗੇ। ਅੱਲਾ ਕਰੇ ਤੁਸੀਂ ਸੌ ਸਾਲ ਬਾਅਦ ਉੱਥੇ ਆਵੋ ਪਰ ਮੈਂ ਤੁਹਾਨੂੰ ਉੱਥੇ ਹੀ ਉਡੀਕਦੀ ਮਿਲਾਂਗੀ ਤੇ ਫੇਰ ਤੁਹਾਡਾ ਸਿਰ ਖਾਵਾਂਗੀ ਤੇ ਤੁਹਾਨੂੰ ਚੁਟਕੁਲੇ ਸੁਣਾਵਾਂਗੀ।"

ਏਨਾ ਕਹਿ ਕੇ ਉਸਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ। ਮੈਨੂੰ ਇਉਂ ਜਾਪਿਆ ਜਿਵੇਂ ਮੇਰੇ ਸਰੀਰ ਵਿੱਚੋਂ ਕਿਸੇ ਨੇ ਸਾਰਾ ਰਤ ਨਿਚੋੜ ਲਿਆ ਹੋਵੇ ਤੇ ਮੇਰੇ ਹੱਥੋਂ ਮੇਰਾ ਬੈਗ ਹੇਠਾਂ ਡਿਗ ਪਿਆ ਜਿਵੇਂ ਸਾਹ ਸਤ ਹੀ ਨਾ ਰਿਹਾ ਹੋਵੇ। ਮੈਂ ਉਸਨੂੰ ਘੁੱਟ ਕੇ ਜੱਫੀ ਵਿਚ ਲੈ ਲਿਆ ਜਿਵੇਂ ਦਿਲ ਦਾ ਕੋਈ ਹਿੱਸਾ ਵੱਢ ਕੇ ਲਿਜਾ ਰਿਹਾ ਹੋਵੇ। ਭਾਵੇਂ ਕੁੱਝ ਘੰਟਿਆਂ ਦਾ ਸਾਡਾ ਸਾਥ ਸੀ ਪਰ ਹੁਣ ਇਕ ਅਜੀਬ ਰਿਸ਼ਤਾ ਬਣ ਗਿਆ ਸੀ ਜਿਸ ਵਿਚ ਕੋਈ ਧਰਮ ਜਾਂ ਦੇਸ ਦੀਆਂ ਸਰਹੱਦਾਂ ਨਹੀਂ ਸੀ, ਸਿਰਫ਼ ਕੁੱਝ ਖ਼ਾਰੇ ਹੰਝੂ ਜੋ ਉਹਦੀਆਂ ਤੇ ਮੇਰੀਆਂ ਅੱਖਾਂ ਵਿਚ ਸਨ।

ਸਰਹੱਦਾਂ ਤਾਂ ਰਾਜ ਕਰਨ ਵਾਲਿਆਂ ਨੇ ਆਪਣੀ ਲੋੜ ਲਈ ਬਣਾ ਲਈਆਂ ਹੋਈਆਂ ਹਨ ਕਿ ਉਨ੍ਹਾਂ ਦਾ ਰਾਜ ਕਿੱਥੋਂ ਤੋਂ ਕਿੱਥੇ ਤੱਕ ਫੈਲਿਆ ਹੋਇਆ ਹੈ। ਏਸੇ ਹੀ ਤਰ੍ਹਾਂ ਇਨਸਾਨੀਅਤ ਨੂੰ ਪਛਾੜ ਕੇ ਧਰਮ ਦੀਆਂ ਵਲਗਣਾਂ ਹੇਠ ਜਿੰਨੀ ਨਫ਼ਰਤ ਅਸੀਂ ਫੈਲਾ ਚੁੱਕੇ ਹਾਂ, ਮੈਨੂੰ ਤਾਂ ਉਹ ਚਾਰ ਖ਼ਾਰੇ ਹੰਝੂਆਂ ਹੇਠਾਂ ਫਨਾਹ ਹੋ ਗਈ ਜਾਪੀ।

ਕਿਹੜਾ ਪਾਕਿਸਤਾਨੀ ਤੇ ਕਿਹੜਾ ਹਿੰਦੁਸਤਾਨੀ? ਕਿਹੜਾ ਸਿੱਖ, ਹਿੰਦੂ ਜਾਂ ਮੁਸਲਮਾਨ? ਮੇਰੇ ਤੋਂ ਅੱਧ ਦੀ ਉਮਰ ਦੀ ਖੜੀ ਉਹ ਬੱਚੀ ਮੈਨੂੰ ਤਾਂ ਆਪਣੇ ਹੀ ਦਿਲ ਦਾ ਇਕ ਹਿੱਸਾ ਜਾਪ ਰਹੀ ਸੀ ਜਿਸ ਦੀ ਮਿਸਾਲ ਮੈਂ ਬਾਕੀਆਂ ਨੂੰ ਦਿੱਤੇ ਬਿਨ੍ਹਾਂ ਰਹਿ ਨਹੀਂ ਸਕਦੀ। ਕਿੰਨੀ ਖ਼ੂਬਸੂਰਤੀ ਨਾਲ ਉਸਨੇ ਆਪਣਾ ਦਰਦ ਛੁਪਾ ਲਿਆ ਹੋਇਆ ਸੀ ਤੇ ਏਨੀ ਛੋਟੀ ਉਮਰ ਵਿਚ ਉਹ ਕੁੱਝ ਸਿਖ ਗਈ ਸੀ ਜੋ ਕਈ ਵਾਰ ਪੂਰੀ ਉਮਰ ਲੰਘਾ ਕੇ ਵੀ ਬੰਦਾ ਨਹੀਂ ਸਮਝਦਾ ਕਿ ਜ਼ਿੰਦਗੀ ਕਿਸ ਤਰ੍ਹਾਂ ਜੀਵੀਦੀ ਹੈ।

ਉਸ ਜੱਫੀ ਵਿੱਚੋਂ ਬਾਹਰ ਨਿਕਲਦਿਆਂ ਹੀ ਹੰਝੂ ਪੂੰਝ ਕੇ ਮੁਸਕੁਰਾ ਕੇ ਅੰਗਰੇਜ਼ੀ ਵਿਚ ਕਿਹਾ, " ਮੈਂ ਤੁਹਾਨੂੰ ਦੁੱਖ ਨਹੀਂ ਦੇਣਾ। ਮੈਂ ਤਾਂ ਆਪਣੀ ਮਰਜ਼ੀ ਨਾਲ ਇਹ ਫੈਸਲਾ ਲਿਆ ਹੈ ਕਿ ਮਰਨਾ ਤਾਂ ਹੈ ਹੀ ਪਰ ਟੀਕੇ ਲੁਆ ਕੇ, ਵਾਲ ਲੁਹਾ ਕੇ, ਬਦਸੂਰਤ ਬਣ ਕੇ, ਹਸਪਤਾਲ ਵਿਚ ਅੱਡੀਆਂ ਰਗੜ ਕੇ ਨਹੀਂ ਮਰਨਾ ਬਲਕਿ ਜਿੰਨੀ ਵੀ ਜ਼ਿੰਦਗੀ ਬਚੀ ਹੈ, ਰਜ ਕੇ ਜੀਉਣਾ ਹੈ ਤੇ ਢੇਰ ਸਾਰੀਆਂ ਦੋਸਤੀਆਂ ਗੰਢਣੀਆਂ ਹਨ। ਅਸਲਮ ਮੇਰੇ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ ਪਰ ਮੈਂ ਉਸਦੀ ਜ਼ਿੰਦਗੀ ਖ਼ਰਾਬ ਨਹੀਂ ਕਰਨਾ ਚਾਹੁੰਦੀ ਕਿ ਮੇਰੇ ਤੁਰ ਜਾਣ ਬਾਅਦ ਉਹ ਰੋਂਦਾ ਰਹੇ । ਤੁਸੀਂ ਉਦਾਸ ਨਾ ਹੋਣਾ। ਸਿਰਫ਼ ਮੈਨੂੰ ਯਾਦ ਰੱਖਿਓ। ਚਲੋ ਹੁਣ ਮੁਸਕੁਰਾ ਦਿਓ।"

ਏਨਾ ਕਹਿ ਕੇ ਉਹ ਹਵਾ ਵਾਂਗ ਉਡਦੀ ਪਰ੍ਹਾਂ ਏਅਰਪੋਰਟ ਦੀਆਂ ਦੁਕਾਨਾਂ ਦੀ ਭੀੜ ਵਿੱਚੋਂ ਲੰਘ ਗਈ ਤੇ ਮੋੜ ਮੁੜ ਕੇ ਲੋਪ ਹੋਣ ਤੋਂ ਪਹਿਲਾਂ ਫੇਰ ਘੁੰਮੀ ਤੇ ਹੱਥ ਹਿਲਾ ਕੇ ਜ਼ੋਰ ਦੀ ਬੋਲੀ, " ਮੈਨੂੰ ਭੁੱਲਿਓ ਨਾ। 'ਹਨੀ' ਦੀ ਥਾਂ ਡਾਕਟਰ ਸਾਹਿਬ ਨੂੰ ' ਜਾਨੂ ' ਜਾਂ 'ਮਿੱਠੂ' ਕਹਿ ਕੇ ਬੁਲਾ ਕੇ ਵੇਖਿਓ ਜ਼ਰੂਰ। ਤੁਸੀਂ ਬੱਚਿਆਂ ਦੇ ਡਾਕਟਰ ਹੋ। ਕਿਸੇ ਹੋਰ ਬੱਚੇ ਨੂੰ ਇਸ ਬੀਮਾਰੀ ਨਾਲ ਨਾ ਮਰਨ ਦੇਣਾ। ਸੱਚੀਂ ਇਸ ਬੀਮਾਰੀ ਦਾ ਦਰਦ ਬਰਦਾਸ਼ਤ ਨਹੀਂ ਹੁੰਦਾ। ਕਈ ਵਾਰ ਤਾਂ ਹੰਝੂ ਬਹੁਤ ਮੁਸ਼ਕਲ ਰੁਕਦੇ ਹਨ।" ਤੇ ਉਹ ਭੀੜ ਵਿਚ ਲੋਪ ਹੋ ਗਈ।

ਮੇਰੀ ਅਗਲੀ ਉਡਾਨ ਵਿਚ ਹਾਲੇ ਚਾਰ ਘੰਟੇ ਸਨ। ਮੈਂ ਉਸੇ ਵੇਲੇ ਆਪਣੇ ਬੈਗ ਵਿੱਚੋਂ ਕਾਗਜ਼ ਕੱਢ ਕੇ ਉੱਥੇ ਹੀ ਕੁਰਸੀ ਉੱਤੇ ਬਹਿ ਕੇ ਉਸਦੀ ਯਾਦ ਲਿਖਣੀ ਸ਼ੁਰੂ ਕਰ ਦਿੱਤੀ।

ਮੈਂ ਤਾਂ ਸ਼ੇਰ ਬਾਜ਼ੀਆ ਨੂੰ ਕੀ ਭੁੱਲ ਸਕਦੀ ਹਾਂ ਪਰ ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਮੇਰੇ ਇਸ ਲੇਖ ਨੂੰ ਪੜ੍ਹਨ ਸੁਣਨ ਵਾਲਿਆਂ ਵਿੱਚੋਂ ਜਿਸਦੇ ਵੀ ਦਿਲ ਵਿਚ ਇਨਸਾਨੀਅਤ ਹਾਲੇ ਜ਼ਿੰਦਾ ਹੈ ਤੇ ਮਨੁੱਖਤਾ ਲਈ ਦਰਦ



Namdhari Elibrary NamdhariElibrary@gmail.com

ਮੌਜੂਦ ਹੈ, ਉਹ ਵੀ ਸ਼ਾਜ਼ੀਆ ਨੂੰ ਸੌਖਿਆਂ ਭੁੱਲ ਨਹੀਂ ਸਕਣ ਲੱਗਾ।

ਜੇ ਅਜਿਹੇ ਦਸ ਬੰਦੇ ਵੀ ਹਨ ਤਾਂ ਯਕੀਨਨ ਉਹ ਸ਼ਾਜ਼ੀਆ ਦੀ ਸਿਹਤਯਾਬੀ ਲਈ ਅਰਦਾਸ ਕਰਨਗੇ ਤੇ ਇਹੀ ਦਸ ਹੀ ਧਰਮ ਅਤੇ ਸਰਹੱਦਾਂ ਦੇ ਪਾਏ ਪਾੜ ਨੂੰ ਭਰਨ ਲਈ ਸਹਾਈ ਵੀ ਹੋਣਗੇ ਤਾਂ ਜੋ ਆਮ ਲੋਕ ਆਪੋ ਵਿਚ ਪਿਆਰ ਨਾਲ ਰਹਿ ਸਕਣ ਤੇ ਅਮਨ ਅਮਾਨ ਦਾ ਸੰਦੇਸ਼ ਫੈਲਾ ਸਕਣ।

ਜਿਸ ਦਿਨ ਇਹ ਸਮਝ ਵੱਡੀ ਪੱਧਰ ਉੱਤੇ ਆ ਗਈ ਕਿ ਕੋਈ ਧਰਮ ਨਫ਼ਰਤ ਫੈਲਾਉਣਾ ਨਹੀਂ ਸਿਖਾਉਂਦਾ ਬਲਕਿ ਇਹ ਤਾਂ ਕੁੱਝ ਵਿਗੜੀ ਸੋਚ ਵਾਲੇ ਬੰਦਿਆਂ ਦਾ ਹੀ ਕੰਮ ਹੈ, ਤਾਂ ਸਰਹੱਦਾਂ ਤੋਂ ਪਾਰ ਅਤੇ ਦੇਸਾਂ ਦੇ ਅੰਦਰ ਫੈਲ ਰਹੀ ਵਖੋ ਵੱਖ ਧਰਮ ਦੇ ਲੋਕਾਂ ਵਿਚਲੀ ਨਫ਼ਰਤ ਵਿਚ ਵੀ ਠੱਲ ਪੈ ਜਾਵੇਗੀ।

ਸੁਣਾਇਆ ਕਰਦੀ ਸੀ ਦਾਦੀ ਮੇਰੀ,
ਜਿਸ ਲਾਹੌਰ ਨਹੀਂ ਵੇਖਿਆ ਉਹ ਜੰਮਿਆ ਨਹੀਂ।
ਉਹ ਕਾਲੇ ਬੁਰਕੇ ਤੇ ਗੋਰੀਆਂ ਬਾਹਾਂ,
ਵੀਣੀਆਂ ਤੇ ਛਣਕਦੀਆਂ ਰੰਗੀਲੀਆਂ ਚੂੜੀਆਂ,
ਉਹ ਦਾਖਾਂ ਤੇ ਕਾਜੂ,
ਉਹ ਢਾਕੇ ਦੀ ਮਲਮਲ,
ਉਹੀ ਅੱਡੀ ਸਟਾਪੂ,
ਤੇ ਪਰਦੇ ਪਿੱਛੇ ਲੰਘਦੀ ਔਰਤਾਂ ਦੀ ਸਾਰੀ ਜ਼ਿੰਦਗੀ।
ਫਿਰ ਮੇਰੀ ਮਾਂ ਨੇ ਸੁਣਾਇਆ
ਹਿੰਦੁਸਤਾਨ ਤੇ ਪਾਕਿਸਤਾਨ ਦੀ ਵੰਡ ਦਾ ਕਿੱਸਾ।
ਕਿਵੇਂ ਲਹੂ ਵਿਚ ਲਥਪਥ ਲਾਸ਼ਾਂ ਦੀਆਂ
ਭਰੀਆਂ ਪਹੁੰਚਦੀਆਂ ਸਨ ਗੱਡੀਆਂ।
ਵੈਣ ਲਾਹੌਰ ਵਾਲਿਆਂ ਦੇ ਵੀ ਓਨੇ ਹੀ ਉੱਚੇ ਸਨ
ਜਿੰਨੇ ਦਿੱਲੀ ਵਾਲਿਆਂ ਦੇ।
ਔਰਤਾਂ ਦੀ ਪੱਤ ਪਾਕਿਸਤਾਨ ਵਿਚ ਵੀ
ਓਨੀ ਹੀ ਲੁੱਟੀ ਗਈ
ਜਿੰਨੀ ਹਿੰਦੁਸਤਾਨ ਵਿਚ।
ਉਹ ਉਜੜੇ ਘਰ, ਵਿਧਵਾ ਔਰਤਾਂ
ਤੇ ਬੇਸਹਾਰਾ ਬੱਚੇ।
ਨਾ ਟੀ ਨਾ ਟਬੰਾ,
ਭੁੰਜੇ ਪੈਣ ਨੂੰ ਧਰਤੀ
ਤੇ ਸਿਰ 'ਤੇ ਛੱਤ ਦੇ ਨਾਮ ਤੇ ਖੁੱਲ੍ਹਾ ਅਸਮਾਨ।
ਫਿਰ ਸੁਣਾਈਆਂ ਗਈਆਂ,
ਮੈਨੂੰ ਜੰਗ ਦੀਆਂ ਕਹਾਣੀਆਂ।
ਰੋਜ਼ ਮਰਦੇ ਸਨ ਫੌਜੀ।
ਵਿਧਵਾ ਔਰਤਾਂ ਦੇ ਢੇਰ ਦੋਵੇਂ ਪਾਸੇ ਸੀ।
ਡੁੱਲਿਆ ਇਨਸਾਨੀ ਲਹੂ ਵੀ ਇੱਕੋ ਰੰਗ ਦਾ ਹੀ ਸੀ।
ਬਣਤਰ ਵੀ ਦੋਨਾਂ ਪਾਸਿਆਂ ਦੀਆਂ,
ਲਾਸ਼ਾਂ ਦੀ ਇੱਕੋ ਜਿਹੀ ਸੀ।
ਮੇਰਾ ਨਾਸਮਝ ਮਨ ਇਹ ਸਮਝ ਹੀ ਨਹੀਂ ਸਕਿਆ
ਕਿ ਮੇਰੀ ਦਾਦੀ ਦੀ ਭੈਣ
ਜੋ ਪਾਕਿਸਤਾਨ ਵਿਚ ਹੈ,
ਉਸ ਦਾ ਟੱਬਰ ਤੇ ਸਾਡਾ ਟੱਬਰ ਕਿਉਂ ਲੜ ਰਿਹਾ ਹੈ?
ਅੱਜ ਸਮਝ ਆਉਣ ਤੇ ਵੀ
ਮੈਂ ਸਮਝਾ ਨਹੀਂ ਸਕੀ
ਆਪਣੀ ਬੇਟੀ ਨੂੰ
ਕਿ ਤੂੰ ਲਾਹੌਰ ਵਿਚ ਕੁੱਝ ਅਲੱਗ ਕੀ ਵੇਖੇਂਗੀ
ਜੋ ਦਿੱਲੀ ਵਿਚ ਨਹੀਂ।
ਨਾ ਬਲਾਤਕਾਰਾਂ ਦੀ ਕਮੀ ਹੈ ਕਿਸੇ ਪਾਸੇ
ਨਾ ਭਰੂਣ ਹੱਤਿਆ ਵਿਚ ਕੋਈ ਪਿੱਛੇ ਹੈ।
ਖ਼ਾਨਦਾਨ ਦੀ ਅਖੌਤੀ ਇੱਜ਼ਤ ਲਈ,
ਬੇਟੀਆਂ ਦੋਨਾਂ ਪਾਸੇ ਹੁੰਦੀਆਂ ਨੇ ਕੁਰਬਾਨ।
ਜੇ ਸ਼ੋਸ਼ਣ ਔਰਤਾਂ ਦਾ ਹੈ ਬਰਾਬਰ
ਤਾਂ ਹੱਦਾਂ ਵੰਡਣ ਦੀ ਲੋੜ ਕੀ ਹੈ?
ਆਓ ਦੋਨਾਂ ਪਾਸਿਆਂ ਦੀਆਂ
ਅੱਜ ਸਭ ਔਰਤਾਂ ਰੱਲ ਬੈਠੀਏ,
ਤੇ ਆਪਣੀ ਧਰਤੀ ਮਾਂ 'ਤੇ
ਆਪਣਿਆਂ ਦੇ ਡੁੱਲੇ ਲਹੂ ਨੂੰ ਹੱਥ ਵਿਚ
ਚੁੱਕ ਸਭ ਨੂੰ ਵਿਖਾਈਏ।
ਜਿਸ ਮਾਂ ਦੇ ਸੀਨੇ ਨੂੰ
ਚੀਰਿਆ ਗਿਆ ਸੀ,
ਓਸ ਧਰਤੀ ਮਾਂ ਦਾ ਵੈਣ ਵੀ
ਅੱਜ ਰਲ ਕੇ ਸੁਣੀਏ।
ਜੋ ਆਪਣੇ ਹਜ਼ਾਰਾਂ ਪੁੱਤਰਾਂ ਦਾ ਲਹੂ
ਆਪਣੀ ਗੋਦ ਵਿਚ ਸਮੋਈ ਬੈਠੀ ਹੈ।
ਤੇ ਆਓ, ਓਸ ਦੇ ਭਖਦੇ ਹੋਏ ਦਿਲ ਵਿਚ
ਅੱਜ ਇੱਕ ਪਿਆਰ ਦਾ ਬੀਜ ਬੋਈਏ,
ਜੋ ਪੁੰਗਰ ਕੇ,
ਕੱਲ ਏਨਾ ਸੰਘਣਾ ਦਰਖ਼ਤ ਬਣ ਜਾਏ
ਜਿਸ ਥੱਲੇ ਦੋਨੋਂ ਦੇਸ ਠੰਢੀ ਛਾਂ ਮਾਣ ਸਕਣ।
ਕੋਈ ਇੱਕ ਤਾਂ ਏਸ ਹਜੂਮ ਵਿੱਚੋਂ
ਮੇਰੇ ਨਾਲ ਦੁਆ ਕਰੋ
ਕਿ ਮੇਰੀ ਬੇਟੀ ਦੀ ਬੇਟੀ
ਤਾਂ ਪਟਿਆਲਿਓਂ ਲਾਹੌਰ
ਓਸੇ ਤਰ੍ਹਾਂ ਜਾਏ
ਜਿਵੇਂ ਪਟਿਆਲਿਓਂ ਦਿੱਲੀ ਜਾਈਦੈ।

*੨੮, ਪ੍ਰੀਤ ਨਗਰ, ਲੋਅਰ ਮਾਲ,*
*ਪਟਿਆਲਾ, ਫੋਨ ਨੰ: ੦੧੭੫-੨੨੧੬੭੨੮*


Namdhari Elibrary NamdhariElibrary@gmail.com

# ਸਿਰਜਣਾ ਅਤੇ ਸਿਰਜਣਾ-ਪ੍ਰਕ੍ਰਿਆ

—ਡਾ. ਨਰੇਸ਼

ਸਿਰਜਣਾ ਇੱਕ ਅਸਾਧਾਰਨ ਕਰਮ ਹੈ। ਕੁਝ ਵੀ ਸਿਰਜਣ ਲਈ ਰਚਨਾਕਾਰ ਨੂੰ ਸਾਧਾਰਨ ਤੋਂ ਅਸਾਧਾਰਨ ਹੋਣਾ ਪੈਂਦਾ ਹੈ। ਪਰ ਇਸ 'ਅਸਾਧਾਰਨ' ਨੂੰ 'ਅਚੇਤ' ਨਹੀਂ ਹੋਣ ਦੇਣਾ ਚਾਹੀਦਾ। ਸਿਰਜਣਾ ਦਾ ਕਰਮ ਜੇਕਰ ਅਚੇਤ ਹੋ ਜਾਵੇਗਾ ਤਾਂ ਨਾ ਤਾਂ ਰਚਨਾਕਾਰ ਹੀ ਰਚਨਾ ਨਾਲ ਨਿਆਂ ਕਰ ਸਕੇਗਾ ਤੇ ਨਾ ਰਚਨਾ ਹੀ ਅਰਥ-ਸੰਚਾਰ ਦੀ ਬੁਲੰਦੀ ਨੂੰ ਛੋਹ ਸਕੇਗੀ। ਗ਼ਾਲਿਬ ਨੇ ਜਦੋਂ ਰਚਨਾ-ਕਰਮ ਦੀ ਪਰਿਭਾਸ਼ਾ 'ਆਤੇ ਹੈ ਗ਼ੈਬ ਸੇ ਯੇ ਮਜ਼ਾਮੀਂ ਖ਼ਿਆਲ ਮੇਂ'' ਆਖ ਕੇ ਦਿੱਤੀ ਸੀ ਤਾਂ ਉਸਦਾ ਮੰਤਵ ਹਰਗਿਜ਼ ਇਹ ਕਹਿਣਾ ਨਹੀਂ ਸੀ ਕਿ ਸਿਰਜਣਾ ਪ੍ਰਕ੍ਰਿਆ ਵਿਚ ਨਾ ਅਧਿਐਨ-ਅਨੁਭਵ ਦਾ ਕੋਈ ਯੋਗਦਾਨ ਹੁੰਦਾ ਹੈ ਤੇ ਨਾ ਚਿੰਤਨ ਉਦਮ ਦਾ, ਬਸ ਜੋ ਕੁਝ ਖ਼ੁਦਾ ਸੁਝਾ ਦਿੰਦਾ ਹੈ, ਉਹ ਲਿਖ ਦਿੱਤਾ ਜਾਂਦਾ ਹੈ।

ਗ਼ਾਲਿਬ ਦੇ ਇਸ 'ਗ਼ੈਬ' ਨੂੰ ਸਮਝਣ ਦ ਲੋੜ ਹੈ। ਇਸ ਨੂੰ ਸਮਝੇ ਬਿਨਾਂ ਇਸ ਤੱਥਪੂਰਨ ਮਿਸਰੇ ਦੇ ਅਰਥਾਂ ਤੱਕ ਪੁੱਜਣਾ ਸੰਭਵ ਨਹੀਂ ਹੈ। ਇਹ ਗ਼ੈਬ, ਅਸਲ ਵਿਚ, ਰਚਨਾਕਾਰ ਦਾ ਉਹ ਗ਼ੈਰ ਮਾਮੂਲੀ ਪਹਿਲੂ ਹੈ, ਜਿਸਦਾ ਨਿਰਮਾਣ ਉਸਦੇ ਵਰ੍ਹਿਆਂ ਦੇ ਅਨੁਭਵ ਅਤੇ ਅਧਿਐਨ ਨੇ ਕੀਤਾ ਹੁੰਦਾ ਹੈ। ਇਹ ਪਹਿਲੂ ਉਸਦੇ ਚੇਤਨ ਦਾ ਉਹ ਹਿੱਸਾ ਹੈ, ਜਿਸਨੂੰ ਮਨੋਵਿਗਿਆਨ ਦੀ ਭਾਸ਼ਾ ਵਿਚ 'ਅਰਧ ਚੇਤਨ' ਆਖਿਆ ਜਾਂਦਾ ਹੈ।

ਅਸੀਂ ਜੋ ਕੁਝ ਵੀ ਆਪਣੇ ਆਲੇ-ਦੁਆਲੇ ਵਾਪਰਦਾ ਵੇਖਦੇ ਹਾਂ, ਉਹ ਸਭ ਸਾਡੇ ਅਚੇਤਨ ਵਿਚ ਇਕੱਤਰ ਹੁੰਦਾ ਰਹਿੰਦਾ ਹੈ। ਇਸ ਵਿਚੋਂ ਬਹੁਤ ਕੁਝ ਤਾਂ ਅਚੇਤਨ ਵਿਚ ਹੀ ਦਮ ਤੋੜ ਦਿੰਦਾ ਹੈ ਪਰ ਕੁਝ ਨਾ ਕੁਝ ਕਾਫੀ ਸਮਾਂ ਅਚੇਤਨ ਵਿਚ ਰਹਿਣ ਮਗਰੋਂ ਅਰਧ ਚੇਤਨ ਵਿਚ ਆ ਜਾਂਦਾ ਹੈ ਇਸੇ ਨੂੰ ਚਿੰਤਨ ਆਖਦੇ ਹਨ। ਚਿੰਤਨ ਸਾਡੇ ਅਚੇਤਨ ਦੀਆਂ ਪਰਤਾਂ ਖੋਲ੍ਹਦਾ ਹੈ ਤੇ ਕੁਝ ਨਾ ਕੁਝ ਅਰਧ ਚੇਤਨ ਵਿਚ ਲੈ ਆਉਂਦਾ ਹੈ। ਉੱਦਮ ਇਸ ਪ੍ਰਾਪਤੀ ਨੂੰ ਅਰਧ ਚੇਤਨ ਤੋਂ ਚੇਤਨ ਵਿਚ ਲੈ ਆਉਂਦਾ ਹੈ। ਚੇਤਨ ਵਿਚ ਆਉਂਦਿਆਂ ਹੀ ਇਹ ਚੀਜ਼ਾਂ ਕੋਈ ਨਾ ਕੋਈ ਰੂਪ ਧਾਰਨ ਕਰਨ ਲਗਦੀਆਂ ਹਨ। ਇੱਕ ਸਾਹਿਤਕਾਰ ਦੀ ਕਲਮ ਤੋਂ ਇਹ ਕਵਿਤਾ-ਕਹਾਣੀ ਬਣ ਜਾਂਦੀਆਂ ਹਨ, ਇੱਕ ਚਿੱਤਰਕਾਰ ਦੇ ਹੱਥੋਂ ਚਿੱਤਰ ਵਿਚ ਢਲ ਜਾਂਦੀਆਂ ਹਨ ਤੇ ਇੱਕ ਬੁਤਘਾੜੇ ਦੇ ਹੱਥੋਂ ਮੂਰਤੀ ਬਣ ਜਾਂਦੀਆਂ ਹਨ।



ਅਨੁਭਵ ਦੇ ਅਚੇਤਨ ਤੋਂ ਅਰਧ ਚੇਤਨ ਵਿਚ ਤੇ ਅਰਧ ਚੇਤਨ ਤੋਂ ਚੇਤਨ ਵਿਚ ਆਉਣ ਦਾ ਸਿਲਸਿਲਾ ਹਮੇਸ਼ਾ ਜਾਰੀ ਰਹਿੰਦਾ ਹੈ। ਤੁਸੀਂ ਵਰ੍ਹਿਆਂ ਪਹਿਲਾਂ, ਸ਼ਾਇਦ ਨਿੱਕੇ ਹੁੰਦਿਆਂ, ਕਾਫੀ ਵੇਖਿਆ ਸੀ ਕਿ ਇੱਕ ਪੰਛੀ ਬਿਜਲੀ ਦੀ ਤਾਰ 'ਤੇ ਬੈਠਦਿਆ ਸਾਰ ਕਰੰਟ ਖਾ ਕੇ ਡਿੱਗਾ ਸੀ ਤੇ ਛਟਪਟਾ ਕੇ ਦਮ ਤੋੜ ਗਿਆ ਸੀ। ਇਹ ਘਟਨਾ ਤੁਸੀਂ ਵੇਖੀ ਸੀ, ਇਸ ਲਈ ਤੁਹਾਡੇ ਅਚੇਤਨ ਵਿਚ ਚਲੀ ਗਈ ਸੀ। ਹੋ ਸਕਦਾ ਹੈ ਕਿ ਇਹ ਘਟਨਾ ਤੁਹਾਡੇ ਅਚੇਤਨ ਵਿਚ ਹੀ ਦਮ ਤੋੜ ਦਿੰਦੀ। ਇਸ ਸਥਿਤੀ ਚਿ ਯਾਦ ਕਰਾਉਣ ਤੇ ਵੀ ਤੁਹਾਨੂੰ ਯਾਦ ਨਹੀਂ ਸੀ ਆਉਣਾ ਤੇ ਤੁਸੀਂ ਸਿਰਿਓਂ ਹੀ ਭੁੱਲ ਗਏ ਹੋਣਾ ਸੀ ਕਿ ਤੁਸੀਂ ਕਦੇ ਕਿਸੇ ਪੰਛੀ ਨੂੰ ਛਟਪਟਾ ਕੇ ਮਰਦਿਆਂ ਵੇਖਿਆ ਸੀ। ਪਰ ਕਿਉਂਕਿ ਇਹ ਘਟਨਾ ਤੁਹਾਡੇ ਅਚੇਤਨ ਵਿਚ ਮੋਈ ਨਹੀਂ ਸੀ, ਇਸ ਲਈ ਉਥੋਂ ਉੱਠ ਕੇ ਤੁਹਾਡੇ ਅਰਧ ਚੇਤਨ ਵਿਚ ਆ ਗਈ ਸੀ। ਫਿਰ ਕਈ ਵਰ੍ਹਿਆਂ ਮਗਰੋਂ ਤੁਸੀਂ ਇੱਕ ਮਨੁੱਖ ਨੂੰ ਬਿਜਲੀ ਦਾ ਕਰੰਟ ਖਾ ਕੇ ਡਿਗਦਿਆਂ ਤੇ ਛਟਪਟਾ ਕੇ ਜਾਨ ਦਿੰਦਿਆਂ ਵੇਖਿਆ ਤਾਂ ਬਚਪਨ ਵਿਚ ਦੇਖੀ ਹੋਈ ਘਟਨਾ ਦੌਰਾਨ ਤੁਹਾਡੇ ਦਿਮਾਗ਼ ਦੇ ਪਰਦੇ ਉਤੇ ਉਭਰ ਆਈ ਤੇ ਤੁਸੀਂ ਜਦੋਂ ਪਹਿਲੀ ਵਾਰੀ ਕਿਸੇ ਨੂੰ ਇਸ ਘਟਨਾ ਬਾਰੇ ਦੱਸਿਆ ਹੋਵੇਗਾ ਤਾਂ ਪੰਛੀ ਵਾਲੀ ਘਟਨਾ ਦਾ ਹਵਾਲਾ ਵੀ ਜ਼ਰੂਰ ਦਿੱਤਾ ਹੋਵੇਗਾ। ਗ਼ਾਲਿਬ ਦੀ ਭਾਸ਼ਾ ਵਿਚ ਆਖੀਏ ਤਾਂ ਉਹ ਘਟਨਾ, ਜੋ ਵਰ੍ਹਿਆਂ ਤੋਂ ਤੁਹਾਡੇ 'ਗ਼ੈਬ' ਅੰਦਰ ਪਈ ਹੋਈ ਸੀ, ਸਮਰੂਪਤਾ ਦਾ ਮੌਕਾ ਮਿਲਦਿਆਂ ਹੀ ਸੁਰਜੀਤ ਹੋ ਬੈਠੀ। ਇਸਦੇ ਸੁਰਜੀਤ ਹੋਣ ਵਿਚ ਚੇਤਨ ਜਾਂ ਅਚੇਤਨ ਤੌਰ 'ਤੇ ਤੁਹਾਡੇ ਉਦਮ ਦਾ ਹੱਥ ਹੁੰਦਾ ਹੈ। ਉਦਮ ਅਚੇਤ ਵੀ ਹੋਵੇ, ਤਾਂ ਵੀ ਤੁਹਾਡਾ ਦਿਮਾਗ਼ ਇਹ ਤਾਂ ਲੱਭ ਹੀ ਰਿਹਾ ਸੀ ਕਿ ਅਜਿਹਾ ਵਾਪਰਦਾ ਹੈ, ਵਾਪਰ ਸਕਦਾ ਹੈ ? ਤੇ ਸਿੱਟੇ ਵਜੋਂ ਪਹਿਲਾਂ ਵਾਪਰਿਆ ਹੋਇਆ ਵਾਕਿਆ ਤੁਹਾਨੂੰ ਯਾਦ ਆ ਗਿਆ।

ਤੁਸੀਂ ਇਹ ਦੋਵੇਂ ਘਟਨਾਵਾਂ ਅਖੀਂ ਵੇਖੀਆਂ ਸਨ। ਹੁਣ ਮੰਨ ਲਵੋ ਕਿ ਇਕ ਕਹਾਣੀਕਾਰ ਕਹਾਣੀ ਲਿਖ ਰਿਹਾ ਹੈ,



Namdhari Elibrary NamdhariElibrary@gmail.com

ਜਿਸ ਵਿਚ ਉਸਦੇ ਇੱਕ ਪਾਤਰ ਨੇ ਬਿਜਲੀ ਦਾ ਕਰੰਟ ਲੱਗਣ ਨਾਲ ਮਰਨਾ ਹੈ। ਜਦੋਂ ਉਹ ਆਪਣੇ ਪਾਤਰ ਦੀ ਮੌਤ 'ਤੇ ਪੁੱਜੇਗਾ ਤਾਂ ਉਸਦੇ ਵਰਨਣ ਵਿਚ ਪੰਛੀ ਦੇ ਤੜਫਣ ਵਾਲੀ ਘਟਨਾ ਦਾ ਜ਼ਿਕਰ ਆਪ-ਮੁਹਾਰੇ ਹੀ ਰਲੇਗਾ ਤੇ ਉਹ ਕਿਸੇ ਨਾ ਕਿਸੇ ਰੂਪ ਵਿਚ ਇਸਦਾ ਹਵਾਲਾ ਜ਼ਰੂਰ ਦੇਵੇਗਾ। ਉਸਦਾ ਹਵਾਲਾ ਰਤਾ ਵਿਸਥਾਰ ਵੀ ਲੈ ਕਦਾ ਹੈ ਤੇ ਬਹੁਤ ਸੰਖੇਪ ਵੀ ਹੋ ਸਕਦਾ ਹੈ ਕਿ, 'ਅਖੀਰ ਉਸਨੇ ਇੱਕ ਪੰਛੀ ਵਾਂਗ ਛਟਪਟਾ ਕੇ ਦਮ ਤੋੜ ਦਿੱਤਾ।" ਇੱਥੇ ਮਨੁਖ ਦਾ ਛਟਪਟਾ ਕੇ ਦਮ ਤੋੜਣਾ ਉਸਦੀ ਕਹਾਣੀ ਦਾ ਤਕਾਜ਼ਾ ਸੀ ਪਰ ਪੰਛੀ ਛਟਪਟਾਉਣ ਦਾ ਰੂਪਕ ਉਸਦੇ 'ਗ਼ੈਬ' ਤੋਂ ਆਇਆ ਸੀ। ਅਰਥਾਤ ਉਸਦਾ ਅਨੁਭਵ ਵਰ੍ਹਿਆਂ ਲੰਮਾ ਪੈਂਡਾ ਮਾਰ ਕੇ ਅਚੇਤਨ ਤੋਂ ਅਰਧ ਚੇਤਨ ਹੁੰਦਾ ਹੋਇਆ ਚੇਤਨ ਵਿਚ ਆ ਗਿਆ ਸੀ, ਜਿੱਥੋਂ ਉਠ ਕੇ ਉਹ ਕਹਾਣੀ ਦੀ ਬੁਣਤੀ ਵਿਚ ਆ ਗਿਆ ਸੀ।

ਭਾਵ ਇਹ ਕਿ 'ਗ਼ੈਬ' ਕੋਈ ਅਣਡਿੱਠੀ, ਅਣਜਾਣੀ ਚੀਜ਼ ਨਹੀਂ ਹੁੰਦੀ ਸਗੋਂ ਇਸਦਾ ਨਿਰਮਾਣ ਸਾਡਾ ਅਧਿਐਨ ਅਤੇ ਸਾਡਾ ਅਨੁਭਵ ਕਰਦਾ ਹੈ। ਜਿਸ ਰਚਨਾਕਾਰ ਦਾ ਅਨੁਭਵ ਜਿੰਨਾ ਵੱਧ ਵਿਸ਼ਾਲ ਹੋਵੇਗਾ, ਉਸਦੀ ਰਚਨਾ ਉਨੀ ਹੀ ਨਰੋਈ ਤੇ ਜਵਾਨ ਹੋਵਗੀ। ਅਧਿਐਨ ਤੇ ਅਨੁਭਵ ਨੂੰ ਤਿਆਗ ਕੇ ਇਕਾਂਤਵਾਸੀ ਹੋਇਆ ਸਾਹਿਤਕਾਰ ਕੁਝ ਸਮੇਂ ਮਗਰੋਂ ਆਪਣੇ ਆਪ ਨੂੰ ਦੁਹਰਾਉਣ ਲਗਦਾ ਹੈ ਕਿਉਂਕਿ ਉਸਦੇ 'ਗ਼ੈਬ' ਵਿਚ ਨਵੀਆਂ ਗੱਲਾਂ, ਨਵੇਂ ਵਿਚਾਰਾਂ ਦੀ ਆਮਦ ਦਾ ਸਿਲਸਿਲਾ ਬੰਦ ਹੋ ਜਾਣ ਕਰਕੇ ਉਹ ਉਸੇ ਖ਼ਜ਼ਾਨੇ ਨੂੰ ਵਰਤਦਾ ਰਹਿੰਦਾ ਹੈ, ਜੋ ਉਸਨੇ ਕਦੀ ਜਮ੍ਹਾਂ ਕਰ ਲਿਆ ਸੀ। ਆਪਣੇ ਆਪ ਨੂੰ ਦੁਹਰਾਉਣਾ ਸਾਹਿਤਕਾਰ ਦੀ ਰਚਨਾਤਮਕ ਜ਼ਿੰਦਗੀ ਦੇ ਅੰਤ ਦਾ ਸੂਚਕ ਹੁੰਦਾ ਹੈ ਕਿਉਂਕਿ ਪਾਠਕ ਸਾਹਿਤਕਾਰ ਤੋਂ ਹਰ ਸਮੇਂ ਕੁਝ ਨਵਾਂ ਮੰਗਦਾ ਹੈ। ਚਿੱਥੀਆਂ ਹੋਈਆਂ ਗਰਾਹੀਆਂ ਨਾਲ ਉਸਦੀ ਜਿਗਿਆਸਾ ਦੀ ਭੁੱਖ ਨਹੀਂ ਮਿਟਾਈ ਜਾ ਸਕਦੀ।

ਰਚਨਾਕਾਰ ਕੋਲ ਆਖਣ ਲਈ ਕੋਈ ਗੱਲ ਹੁੰਦੀ ਹੈ ਤੇ ਉਸ ਗੱਲ ਨੂੰ ਆਖਣ ਦੀ ਕਲਾ ਵੀ। ਉਸਦਾ ਇਹ ਗੁਣ ਰੱਬੀ ਬਖ਼ਸ਼ਿਸ਼ ਹੁੰਦਾ ਹੈ ਪਰ ਜੇਕਰ ਰਚਨਾਕਾਰ ਰੱਬੀ ਦਾਤ ਦੇ ਆਸਰੇ ਹੀ ਬੈਠਾ ਰਹੇਗਾ ਤਾਂ ਆਪਣੀ ਗੱਲ ਇੱਕ ਵਾਰੀ ਕਹਿ ਲੈਣ ਮਗਰੋਂ ਉਸਦਾ ਭੰਡਾਰ ਖ਼ਤਮ ਹੋ ਜਾਵੇਗਾ ਤੇ ਉਹ ਕੋਈ ਨਵੀਂ ਰਚਨਾ ਸਿਰਜਣ ਤੋਂ ਅਸਮਰਥ ਹੋ ਜਾਵੇਗਾ। ਸਾਹਿਤਕਾਰ ਦੇ ਤੌਰ 'ਤੇ ਜ਼ਿੰਦਾ ਰਹਿਣ ਲਈ ਉਹ ਲਿਖਣਾ ਜਾਰੀ ਰੱਖੇਗਾ ਤਾਂ ਇੱਥੋਂ ਹੀ ਉਸਦਾ ਦੁਹਰਾਓ ਆਰੰਭ ਹੋ ਜਾਵੇਗਾ। ਸਪਸ਼ਟ ਹੈ ਕਿ ਦੁਹਰਾਓ ਅਸਲ ਨਾਲੋਂ ਬਿਹਤਰ ਨਹੀਂ ਹੋ ਸਕਦਾ ਇਸ ਲਈ ਇਸ ਤੋਂ ਮਗਰੋਂ ਉਸਦੀ ਰਚਨਾ ਦਾ ਪੱਧਰ ਵੀ ਲਗਾਤਾਰ ਡਿੱਗਦਾ ਚਲਿਆ ਜਾਵੇਗਾ। ਫਿਰ ਇਕ ਸਮਾਂ ਅਜਿਹਾ ਆਵੇਗਾ ਕਿ ਉਹ ਆਪ ਹੀ ਆਪਣੇ ਦੁਹਰਾਓ ਤੋਂ ਤੰਗ ਆ ਕੇ ਲਿਖਣਾ ਛੱਡ ਦੇਵੇਗਾ ਤੇ ਆਪਣੀ ਜ਼ਿੰਦਗੀ ਵਿਚ ਹੀ ਆਪਣੇ ਰਚਨਾਕਾਰ ਦੀ ਮੌਤ ਦਾ ਦੁਖਾਂਤ ਵੇਖ ਲਵੇਗਾ।

ਇਸ ਲਈ ਹਰ ਰਚਨਾਕਾਰ ਲਈ ਜ਼ਰੂਰੀ ਹੈ ਕਿ ਉਹ ਆਪਣੇ ਦਿਲ-ਦਿਮਾਗ ਦੀਆਂ ਬਾਰੀਆਂ ਖੋਲ੍ਹ ਕੇ ਰੱਖੇ ਤਾਂ ਜੋ ਬਾਹਰਲੀ ਦੁਨੀਆਂ ਦੀ ਤਾਜ਼ੀ ਹਵਾ ਉਸਨੂੰ ਪ੍ਰਾਪਤ ਹੁੰਦੀ ਰਹੇ। ਬਾਹਰਲੀ ਹਵਾ ਦੀ ਇਹੋ ਤਾਜ਼ਗੀ ਉਸਦੀ ਰਚਨਾ ਵਿਚ ਤਾਜ਼ਾਪਨ ਭਰਦੀ ਹੈ ਤੇ ਉਸਦੀ ਰਚਨਾ ਵਿਚ ਪ੍ਰਭਾਵਸ਼ੀਲਤਾ ਦਾ ਉਹ ਗੁਣ ਭਰ ਦਿੰਦੀ ਹੈ, ਜਿਸਦੀ ਘਾਟ ਰਚਨਾ ਦੀ ਲੰਮੇਰੀ ਉਮਰ ਲਈ ਹਾਨੀਕਾਰ ਹੁੰਦੀ ਹੈ।

ਕਿਸੇ ਵੀ ਗੱਲ ਨੂੰ ਆਖਣ ਦੀ ਪ੍ਰਤਿਭਾ ਰੱਬੀ ਬਖ਼ਸ਼ਿਸ਼ ਹੁੰਦੀ ਹੈ ਪਰ ਗੱਲ ਰੱਬੀ ਦਾਤ ਨਹੀਂ ਹੁੰਦੀ। ਗੱਲ ਦਾ ਆਧਾਰ ਆਪ ਬੀਤੀ ਹੁੰਦਾ ਹੈ ਜਾਂ ਜੱਗਬੀਤੀ। ਇਹ ਜ਼ਰੂਰੀ ਨਹੀਂ ਕਿ ਆਪ ਬੀਤੀ ਤੇ ਜੱਗਬੀਤੀ ਨੂੰ ਵੱਖ-ਵੱਖਰੇ ਖ਼ਾਨਿਆਂ ਵਿਚ ਵੰਡ ਕੇ ਰੱਖਿਆ ਜਾਵੇ। ਇਹ ਦੋਵੇਂ ਗਲਗੱਡ ਵੀ ਹੋ ਸਕਦੀਆਂ ਹਨ ਤੇ ਇਕ ਦਾ ਦੂਜੀ ਵਿਚ ਰਲਾਅ ਵੀ ਹੋ ਸਕਦਾ ਹੈ। ਰਚਨਾਕਾਰ ਆਪਣੇ ਮਾਹੌਲ ਤੋਂ, ਆਪਣੇ ਸੰਪਰਕ ਵਿਚ ਆਉਣ ਵਾਲੇ ਵਿਅਕਤੀਆਂ ਤੋਂ ਆਪਣੇ ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਤੋਂ ਆਪਣੇ ਸਮੇਂ ਦੇ ਉਤਾਰ-ਚੜ੍ਹਾਅ ਤੋਂ ਅਚਨਚੇਤ ਹੀ ਪ੍ਰਭਾਵ ਗ੍ਰਹਿਣ ਕਰਦਾ ਰਹਿੰਦਾ ਹੈ। ਸਾਹਿਤ ਦੀ ਸਿਰਜਣਾ ਦਾ ਉਦੇਸ਼ ਹੀ ਇਹ ਹੈ ਕਿ ਉਹ ਸਮਾਜ ਦਾ ਦਰਪਣ ਬਣੇ ਤੇ ਸਮਾਜ ਨੂੰ ਆਈਨਾ ਵਿਖਾਉਣ ਵਾਲੀ ਰਚਨਾ ਆਕਰਸ਼ਕ ਹੁੰਦੀ ਹੈ। ਆਕਰਸ਼ਕ ਰਚਨਾ ਪਾਠਕ ਨੂੰ ਸੋਚਣ 'ਤੇ ਮਜਬੂਰ ਕਰ ਨਹੀਂ ਸਕਦੀ ਸਗੋਂ ਉਸਨੂੰ ਮਸਲੇ ਦਾ ਬਣਿਆ-ਬਣਾਇਆ ਹੱਲ ਫੜਾ ਦਿੰਦੀ ਹੈ। ਯਥਾਰਥਕ ਰਚਨਾ ਪਾਠਕ ਨੂੰ ਸਮੱਸਿਆ ਨਾਲ ਦੋ-ਚਾਰ ਕਰਕੇ ਉਸਨੂੰ ਹੱਲ ਤਲਾਸ਼ ਕਰਨ ਲਈ ਪ੍ਰੇਰਦੀ ਹੈ। ਜੋ ਰਚਨਾ ਜਿੰਨਾ ਵੱਧ ਪਾਠਕ ਨੂੰ ਆਪਣੇ ਵੱਲ ਖਿੱਚਣ ਦੀ ਸਮਰਥਾ ਰੱਖਦੀ ਹੈ, ਉਸਨੂੰ ਉਨੀ ਹੀ ਸਫਲ ਰਚਨਾ ਆਖਿਆ ਜਾ ਸਕਦਾ ਹੈ।

ਇਹ ਸਿਰਜਣਾ-ਪ੍ਰਕ੍ਰਿਆ ਦਾ ਇੱਕ ਪੱਖ ਸੀ, ਜਿਸਨੂੰ ਵਿਸ਼ੇ ਦੀ ਭਾਲ ਆਖਿਆ ਜਾ ਸਕਦਾ ਹੈ। ਇਸਦਾ ਦੂਜਾ ਮਹੱਤਵਪੂਰਨ ਅਭੀਵਿਅਕਤੀ ਹੈ। ਅਭੀਵਿਅਕਤੀ ਲਈ ਸਭ ਤੋਂ ਪਹਿਲੀ ਚੀਜ਼, ਜਿਸਦੀ ਲੋੜ ਸਾਹਿਤਕਾਰ ਨੂੰ ਹੁੰਦੀ ਹੈ, ਭਾਸ਼ਾ ਹੈ। ਭਾਸ਼ਾ ਰੱਬ ਨੇ ਨਹੀਂ ਬਣਾਈ, ਇਨਸਾਨ ਦੀ ਬਣਾਈ ਹੋਈ ਹੈ। ਇਸ ਲਈ ਪ੍ਰਤਿਭਾ ਵਾਂਗ ਭਾਸ਼ਾ ਖ਼ੁਦਾਦਾਦ



Namdhari Elibrary NamdhariElibrary@gmail.com

ਸਿਰਫ਼ ਆਵਾਜ਼ ਹੁੰਦੀ ਹੈ। ਖ਼ੁਦਾ ਨੇ ਜਿਸ ਵਿਅਕਤੀ ਨੂੰ ਆਵਾਜ਼ ਨਹੀਂ ਬਖ਼ਸ਼ੀ, ਉਸਨੂੰ ਬੋਲਣਾ ਨਹੀਂ ਸਿਖਾਇਆ ਜਾ ਸਕਦਾ ਪਰ ਜਿਸ ਨੂੰ ਬੋਲਣਾ ਆਉਂਦਾ, ਉਸਨੂੰ ਚੰਗਾ ਬੋਲਣਾ, ਬਿਹਤਰ ਢੰਗ ਨਾਲ ਬੋਲਣਾ, ਸਿਖਾਇਆ ਜਾ ਸਕਦਾ ਹੈ ਪਰ ਜਿਸ ਨੂੰ ਆਵਾਜ਼ ਹੀ ਨਹੀਂ ਬਖ਼ਸ਼ੀ, ਉਸਨੂੰ ਬੋਲਣਾ ਨਹੀਂ ਸਿਖਾਇਆ ਜਾ ਸਕਦਾ। ਸਾਹਿਤ ਰਚਨਾ ਵਿਚ ਭਾਸ਼ਾ ਦੀ ਅਮੀਰੀ ਬਹੁਤ ਕੰਮ ਆਉਂਦੀ ਹੈ। ਸ਼ਬਦਾਂ ਦੀ ਸਹੀ ਵਰਤੋਂ, ਮੁਹਾਵਰਿਆਂ ਦਾ ਢੁੱਕਵਾਂ ਪ੍ਰਯੋਗ ਤੇ ਮੌਕੇ-ਮਹਿਲ ਅਨੁਸਾਰ ਵਾਕ-ਰਚਨਾ ਕਿਸੇ ਦੀ ਰਚਨਾ ਨੂੰ ਆਕਰਸ਼ਕ ਬਣਾ ਸਕਦੀ ਹੈ। ਸਾਹਿਤਕਾਰ ਨੂੰ ਭਾਸ਼ਾ ਤੇ ਜਿੰਨਾ ਵੱਧ ਅਧਿਕਾਰ ਹੋਵੇਗਾ, ਉਸਦੀ ਰਚਨਾ ਦੀ ਪ੍ਰਭਾਵਸ਼ੀਲਤਾ ਵੀ ਓਨੀ ਹੀ ਵੱਧ ਹੋਵੇਗੀ।

ਭਾਸ਼ਾ ਗਿਆਨ ਦੇ ਨਾਲ-ਨਾਲ ਰਚਨਾਕਾਰ ਨੂੰ ਬਿਆਨ 'ਤੇ ਵੀ ਕੁਰਬਤ ਹਾਸਲ ਹੋਣੀ ਚਾਹੀਦੀ ਹੈ। ਬਿਆਨ ਦੀ ਦ੍ਰਿਸ਼ਟੀ ਤੋਂ, ਸਭ ਤੋਂ ਪਹਿਲੀ ਗੱਲ ਇਹ ਹੈ ਕਿ ਰਚਨਾਕਾਰ ਨੂੰ ਸਾਹਿਤ ਦੇ ਉਸ ਰੂਪ ਬਾਰੇ ਪੂਰਨ ਜਾਣਕਾਰੀ ਹੋਣੀ ਚਾਹੀਦੀ ਹੈ, ਜਿਸਨੂੰ ਉਹ ਆਪਣੇ ਪ੍ਰਗਟਾਅ ਦਾ ਮਾਧਿਅਮ ਬਣਾਉਣਾ ਚਾਹੁੰਦਾ ਹੈ। ਗ਼ਜ਼ਲ ਲਿਖਣ ਦੀ ਤਾਂਘ ਰੱਖਣ ਵਾਲੇ ਕਵੀ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਗ਼ਜ਼ਲ ਕੀ ਹੁੰਦੀ ਹੈ, ਕਾਫ਼ੀਆ-ਰਦੀਫ਼ ਕਿਸਨੂੰ ਆਖਦੇ ਹਨ, ਬਹਿਰ-ਵਜ਼ਨ ਕੀ ਹੁੰਦੇ ਹਨ ਤੇ ਕਦੋਂ ਜਾ ਕੇ ਦੋ ਮਿਸਰੇ ਸ਼ਿਅਰ ਅਖਵਾਉਣ ਦੇ ਹਕਦਾਰ ਬਣਦੇ ਹਨ। ਇਹਨਾਂ ਤਕਾਜ਼ਿਆਂ ਦੀ ਜਾਣਕਾਰੀ ਤੋਂ ਬਿਨਾਂ ਗ਼ਜ਼ਲ ਲਿਖਣ ਦੀ ਕੋਸ਼ਿਸ਼ ਕਦੀ ਸਫਲ ਨਹੀਂ ਹੋ ਸਕਦੀ। ਇਹੋ ਸਥਿਤੀ ਦੀਆਂ ਹੋਰਨਾਂ ਵੰਨਗੀਆਂ ਜਿਵੇਂ ਨਾਵਲ, ਕਹਾਣੀ, ਨਾਟਕ ਆਦਿ ਦੀ ਹੈ। ਜਦੋਂ ਤੱਕ ਸਾਹਿਤ ਦੀ ਕਿਸੇ ਵੰਨਗੀ ਦੇ ਸਮੂਹ ਤਕਾਜ਼ਿਆਂ ਬਾਰੇ ਪੂਰਨ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ, ਉਦੋਂ ਤੱਕ ਰਚਨਾਕਾਰ ਦਾ ਉਸਦੇ ਨਾਲ ਨਿਆਂ ਕਰਨਾ ਸੰਭਵ ਨਹੀਂ ਹੈ।

ਭਾਵ ਇਹ ਕਿ ਸਿਰਜਣਾ ਦੀ ਕਲਾ ਵਿਚ ਪਰਿਪੱਕ ਹੋਣ ਲਈ ਇਹ ਜ਼ਰੂਰੀ ਹੈ ਕਿ ਲੇਖਕ ਹਮੇਸ਼ਾ ਆਪਣੇ ਅਧਿਐਨ ਅਤੇ ਆਪਣੇ ਅਨੁਭਵ ਦਾ ਘੇਰਾ ਮੋਕਲਾ ਕਰਦਾ ਰਹੇ, ਭਾਸ਼ਾ ਅਤੇ ਬਿਆਨ ਦੀਆਂ ਬਰੀਕੀਆਂ ਨੂੰ ਸਮਝਣ ਦਾ ਸ਼ੌਕ ਬਣਾਈ ਰੱਖੇ ਤੇ ਇਹ ਮਹਿਸੂਸ ਕਰਦਾ ਰਹੇ ਕਿ ਜੋ ਕੁਝ ਉਹ ਰਚ ਚੁੱਕਾ ਹੈ, ਉਸ ਤੋਂ ਬਿਹਤਰ ਰਚਨਾ ਅਜੇ ਬਾਕੀ ਹੈ।

*੧੬੯, ਸੈਕਟਰ-੧੭,*
*ਪੰਚਕੂਲਾ।*

# ਮਰੇ ਨੂੰ ਜਿਊਂਦਾ ਰੱਖਣਾ ਮੁਸ਼ਕਲ ਏ
# ਸ. ਸੋਭਾ ਸਿੰਘ ਆਰਟਿਸਟ ਦੀ ਗੱਲ ਕੀਤੀ ਏ

*—ਹਰਭਜਨ ਸਿੰਘ ਬਾਜਵਾ*

੨੨ ਅਗਸਤ ਨੂੰ ਸ. ਸੋਭਾ ਸਿੰਘ ਆਰਟਿਸਟ ਦੀ ਬਰਸੀ ਏ। ਸ. ਸੋਭਾ ਸਿੰਘ ਉਹ ਮਨੁੱਖ ਸੀ, ਜਿਸ ਨੂੰ ਜਿਊਂਦਿਆਂ ਜੁੱਤੀਆਂ ਗੰਢਣ ਵਾਲੇ ਮੋਚੀ ਤੋਂ ਲੈ ਕੇ ਰਾਸ਼ਟਰਪਤੀ ਤੱਕ ਦੇ ਮਨੁੱਖਾਂ ਕੋਲੋਂ ਪਿਆਰ ਤੇ ਇਜ਼ਤ ਮਾਣ ਮਿਲਿਆ ਏ। ਜੋਹੜਾ ਮੈਂ ਆਪਣੀ ਅੱਖੀਂ ਵੇਖਿਆ ਸੀ।

ਕਿਉਂਕਿ ਸ. ਸੋਭਾ ਸਿੰਘ ਹਿਮਾਚਲ ਵਿਚ ਪਾਲਮਪੁਰ ਦੇ ਨੇੜੇ ਹੀ ਅੰਦਰੇਟੇ ਪਿੰਡ ਵਿਚ ਰਹਿੰਦਾ ਸੀ। ਤੇ ਉਸ ਵਕਤ ਅੰਦਰੇਟੇ ਪਿੰਡ ਦੇ ਲੋਕ ਅਮੀਰ ਤੋਂ ਲੈ ਕੇ ਗਰੀਬ ਤੱਕ ਸਾਰੇ ਪਿਆਰ ਕਰਦੇ ਸਨ। ਤੇ ਸ. ਜੀ ਦੇ ਜਨਮ ਦਿਨ ਤੇ ਸਵੇਰ ਤੋਂ ਵਧਾਈਆਂ ਦੇਣ ਵਾਲੇ ਆਉਣੇ ਸ਼ੁਰੂ ਹੋ ਜਾਂਦੇ ਸਨ। ਸ. ਸੋਭਾ ਸਿੰਘ ਨੇ ਵੀ ਕਿਸੇ ਮਨੁੱਖ ਨੂੰ ਸੁਚੇ ਮੂੰਹ ਨਹੀਂ ਮੋੜਿਆ। ਖਾਣ ਪੀਣ ਲਈ ਦੇ ਕੇ ਹੀ ਤੋਰਿਆ।

ਸੰਤ ਹਰਚੰਦ ਸਿੰਘ ਲੌਂਗੋਵਾਲ ਘੱਟ ਹੀ ਕਿਸੇ ਲੀਡਰ ਜਾਂ ਸੰਤ ਦੇ ਜਨਮ ਦਿਨ ਤੇ ਜਾਂਦੇ ਸਨ। ਪਰ ਸ. ਸੋਭਾ ਸਿੰਘ ਦੇ ਜਨਮ ਦਿਨ ਤੇ ਦੋ ਤਿੰਨ ਵਾਰੀ ਅੰਦਰੇਟੇ ਗਏ ਸੀ। ਸਵੇਰੇ ਸਵਖਤੇ ਜਾਣਾ ਤੇ ਸ਼ਾਮ ਪੈਣ ਤੋਂ ਪਹਿਲਾਂ ਮੁੜ ਆਉਂਦੇ ਸਨ। ਕਿਉਂਕਿ ਸੰਤ ਲੌਂਗੋਵਾਲ ਇਕਲੇ ਨਹੀਂ ਸੀ ਜਾਂਦੇ। ਉਹਨਾਂ ਦੇ ਨਾਲ ਉਹਨਾਂ ਦੇ ਦੋ ਚਾਰ ਹੋਰ ਮਿੱਤਰ ਵੀ ਜਾਂਦੇ ਸਨ। ਤੇ ਸ. ਸੋਭਾ ਸਿੰਘ ਦਾ ਜਨਮ ਦਿਨ ਮਨਾ ਕੇ ਆਉਂਦੇ ਸਨ।

ਸ. ਸੋਭਾ ਸਿੰਘ ਦੇ ਜਿਊਂਦਿਆਂ ਉਹਨਾਂ ਦੇ ਜਨਮ ਸਥਾਨ ਸ੍ਰੀ ਹਰਿਗੋਬਿੰਦਪੁਰ ਦੇ ਵਸਨੀਕਾਂ ਨੇ ਕੁਝ ਨਹੀਂ ਕੀਤਾ। ਸ. ਸੋਭਾ ਸਿੰਘ ਨੇ ਮੈਨੂੰ ਆਪਣਾ ਘਰ ਵੀ ਦੋ ਤਿੰਨ ਵਾਰੀ ਵਿਖਾਇਆ ਸੀ। ਉਹਨਾਂ ਦਾ ਘਰ ਨਿੱਕਾ ਜਿਹਾ ਸੀ। ਬਹੁਤ ਵੱਡੀ ਹਵੇਲੀ ਨਹੀਂ ਸੀ। ਪਰ ਉਸ ਨਿੱਕੇ ਜਿਹੇ ਘਰ ਨੂੰ ਵੀ ਸ੍ਰੀ ਹਰਿ ਗੋਬਿੰਦਪੁਰ ਦੇ ਲੋਕ ਸੰਭਾਲ ਕੇ ਨਹੀਂ ਰੱਖ ਸਕੇ। ਹੁਣ ਤਾਂ ਉਸਦੇ ਘਰ ਦਾ ਨਾਮ ਨਿਸ਼ਾਨ ਹੀ ਮਿਟਾ ਦਿੱਤਾ ਏ। ਇਹ ਦੇਣ ਉਸ ਦੀ ਜਨਮ ਭੂਮੀ ਦੇ ਲੋਕਾਂ ਨੇ ਦਿੱਤੀ ਏ। ਜਿਸ



Namdhari Elibrary NamdhariElibrary@gmail.com



ਸ. ਸੋਭਾ ਸਿੰਘ

ਮਨੁੱਖ ਨੇ ਸ੍ਰੀ ਹਰਿਗੋਬਿੰਦਪੁਰ ਦਾ ਨਾਮ ਸਾਰੇ ਸੰਸਾਰ ਵਿਚ ਪੈਦਾ ਕਰ ਦਿੱਤਾ ਸੀ ਉਸ ਦੀ ਜਨਮ ਭੂਮੀ ਤੇ ਸ. ਸੋਭਾ ਸਿੰਘ ਦੀ ਕੋਈ ਯਾਦਗਾਰ ਨਹੀਂ ਹੈ। ਜਿਸਨੂੰ ਵੇਖ ਕੇ ਮਾਣ ਨਾਲ ਆਖ ਸਕੀਏ ਕਿ ਇਹ ਯਾਦਗਾਰ ਸ. ਸੋਭਾ ਸਿੰਘ ਦੀ ਯਾਦ ਵਿਚ ਬਣਾਈ ਗਈ ਏ।

ਜੇਕਰ ੧੯੮੬ ਵਿਚ ਸ. ਸੋਭਾ ਸਿੰਘ ਦੀ ਯਾਦ ਵਿਚ ਇਕ ਆਰਟ ਗੈਲਰੀ ਬਨਾਈ ਗਈ ਸੀ ਤਾਂ ਉਸ ਆਰਟ ਗੈਲਰੀ ਨੂੰ ਬਨਾਉਣ ਵਾਲਿਆਂ ਨੇ ਕੋਈ ਚੰਗੀ ਥਾਂ ਨਹੀਂ ਲੱਭੀ। ਸਗੋਂ ਡੂੰਘੇ ਜਿਹੇ ਥਾਂ ਤੇ ਆਰਟ ਗੈਲਰੀ ਕਾਹਦੀ ਬਨਾਈ ਸੀ ਸਗੋਂ ਇਕ ਸਟੋਰ ਦੀ ਸ਼ਕਲ ਦੀ ਬਿਲਡਿੰਗ ਖੜ੍ਹੀ ਕਰ ਦਿੱਤੀ ਸੀ। ਉਹ ਬਿਲਡਿੰਗ ਸ. ਸੋਭਾ ਸਿੰਘ ਦੀ ਸੋਚ ਨੂੰ ਰੱਖ ਕੇ ਨਹੀਂ ਸੀ ਬਣਾਈ ਗਈ, ਸਗੋਂ ਸਰਕਾਰੀ ਪੈਸੇ ਹਜ਼ਮ ਕਰਨ ਲਈ ਬਣਾਈ ਗਈ ਸੀ।

ਉਸ ਆਰਟ ਗੈਲਰੀ ਦਾ ਉਦਘਾਟਨ ਜਦੋਂ ਉਸ ਵਕਤ ਪੰਜਾਬ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਕੀਤਾ ਸੀ ਤਾਂ ਉਸਨੇ ਆਖਿਆ ਸੀ "ਜੇਕਰ ਅੱਜ ਸ. ਸੋਭਾ ਸਿੰਘ ਜਿਊਂਦਾ ਹੁੰਦਾ ਤਾਂ ਉਸਨੇ ਆਖਣਾ ਸੀ ਇਹ ਆਰਟ ਗੈਲਰੀ ਬਣਾਈ ਏ ਜਾਂ ਫੇਰ ਆਲੂ ਰੱਖਣ ਵਾਲਾ ਸਟੋਰ ਬਣਾਇਆ ਏ।" ਕਿਉਂਕਿ ਸ. ਸੁਰਜੀਤ ਸਿੰਘ ਬਰਨਾਲਾ ਵੀ ਸ. ਸੋਭਾ ਸਿੰਘ ਦੀ ਸੋਚ ਨੂੰ ਜਾਣਦਾ ਸੀ। ਇਸ ਕਰਕੇ ਉਸਨੇ ਇਹ ਗੱਲ ਆਖੀ ਸੀ।

ਉਸ ਆਰਟ ਗੈਲਰੀ ਦਾ ਹਾਲ ਇਹ ਹੋਇਆ ਕਿ ਸ. ਸੋਭਾ ਸਿੰਘ ਦੀਆਂ ਪੇਂਟਿੰਗਾਂ ਦੀਆਂ ਕਾਪੀਆਂ ਲਾਹ ਕੇ ਲੋਕ ਲੈ ਗਏ, ਤੇ ਉਹ ਆਰਟ ਗੈਲਰੀ ਲਾ-ਵਾਰਸ ਹੋ ਗਈ। ਉਸ ਆਰਟ ਗੈਲਰੀ ਵਿਚ ਟੱਪਰੀਵਾਸਾਂ ਦਾ ਤੇ ਉਹਨਾਂ ਦੀਆਂ ਖੋਤੀਆਂ ਦਾ ਵਾਸਾ ਹੋ ਗਿਆ ਸੀ। ਉਹਨਾਂ ਤੋਂ ਆਰਟ ਗੈਲਰੀ ਖਾਲੀ ਕਰਵਾਈ ਤਾਂ ਸ਼ਾਮ ਸਵੇਰੇ ਦਾਰੂ ਪੀਣ ਵਾਲਿਆਂ ਦਾ ਡੇਰਾ ਆਰਟ ਗੈਲਰੀ ਬਣ ਗਈ। ਜਦੋਂ ਸ੍ਰੀ ਹਰਿਗੋਬਿੰਦਪੁਰ ਸਬ ਤਸੀਲ ਬਣੀ ਤਾਂ ਪਟਵਾਰੀਆਂ ਤੇ ਕਲਰਕਾਂ ਦੇ ਵੱਸ ਆਰਟ ਗੈਲਰੀ ਪੈ ਗਈ। ਇਹ ਗੱਲ ਪੰਜਾਬ ਸਰਕਾਰ ਨੇ ਸ. ਸੋਭਾ ਸਿੰਘ ਦਾ ਸਨਮਾਨ ਉਸ ਦੀ ਜਨਮ ਭੂਮੀ ਤੇ ਕੀਤਾ ਏ। ਉਸ ਤਰ੍ਹਾਂ ਪੰਜਾਬ ਸਰਕਾਰ ੨੦੦੧ ਵਿਚ ਸ. ਸੋਭਾ ਸਿੰਘ ਦਾ ਸੌ ਸਾਲਾ ਜਨਮ ਦਿਨ ਮਨਾ ਚੁਕੀ ਏ, ਪਰ ਉਸ ਦੀ ਜਨਮ ਭੂਮੀ ਤੇ ਉਸਦੀ ਕੋਈ ਯਾਦਗਾਰ ਨਹੀਂ ਬਣਾ ਸਕੀ।

ਇਸ ਤੋਂ ਸਿੱਧ ਹੁੰਦਾ ਏ ਕਿ ਸਰਕਾਰਾਂ ਆਰਟਿਸਟਾਂ, ਕਲਾਕਾਰ ਤੇ ਸਾਹਿਤਕਾਰਾਂ ਨੂੰ ਜਿਊਂਦਿਆਂ ਕਿਸ ਤਰ੍ਹਾਂ ਸਨਮਾਨ ਦਿੰਦੀਆਂ ਹਨ। ਤੇ ਮਰਨ ਤੋਂ ਬਾਦ ਕਿਸ ਤਰ੍ਹਾਂ ਯਾਦ ਰੱਖ ਕੇ ਉਹਨਾਂ ਦੀਆਂ ਯਾਦਗਾਰਾਂ ਬਨਾਉਂਦੀਆਂ ਹਨ। ਅਜੇ ਸ. ਸੋਭਾ ਸਿੰਘ ਪਦਮ ਸ੍ਰੀ ਸਨਮਾਨਤ ਸਨ। ਜੇਕਰ ਪਦਮ ਸ੍ਰੀ ਸਨਮਾਨਤਾਂ ਦਾ ਏਹ ਹਾਲ ਏ ਤਾਂ ਏ ਮਰਨ ਤੋਂ ਬਾਦ ਉਹਨਾਂ ਦੀ ਵਿਰਾਸਤ ਨੂੰ ਕੋਈ ਜਿਊਂਦਾ ਨਹੀਂ ਰੱਖ ਸਕੀ– ਸਰਕਾਰ ਜਾਂ ਫੇਰ ਉਸ ਦੀ ਜਨਮ ਭੂਮੀ ਦੇ ਲੋਕ, ਤਾਂ ਦੂਸਰੇ ਕਲਾਕਾਰਾਂ ਤੇ ਸਾਹਿਤਕਾਰਾਂ ਨੂੰ ਕੌਣ ਯਾਦ ਰਖੇਗਾ। ਇਹਨਾਂ ਲੋਕਾਂ ਨੂੰ ਸਮਾਜ ਹੀ ਜਿਊਂਦਾ ਰੱਖ ਸਕਦਾ ਏ। ਸਰਕਾਰ ਕੋਈ ਜਿਊਂਦਾ ਨਹੀਂ ਰੱਖ ਸਕਦੀ। ਇਸ ਕਰਕੇ ਮਰਿਆਂ ਨੂੰ ਜਿਊਂਦਾ ਰੱਖਣਾ ਬਹੁਤ ਮੁਸ਼ਕਲ ਏ। ਉਹ ਭਾਗਾਂ ਵਾਲਾ ਹੀ ਮਨੁੱਖ ਸਾਹਿਤਕਾਰ, ਆਰਟਿਸਟ ਜਾਂ ਫੇਰ ਕਲਾਕਾਰ ਹੋਏਗਾ ਜੇਹੜਾ ਮਰਨ ਤੋਂ ਬਾਦ ਜਿਊਂਦਾ ਰਹਿੰਦਾ ਏ। ਲੀਡਰ ਵੀ ਕੋਈ ਕੋਈ ਮਰਨ ਤੋਂ ਬਾਦ ਜਿਊਂਦਾ ਰਹਿੰਦਾ ਏ। ਸਾਧ, ਸੰਤ ਤੇ ਬਾਬੇ ਸਾਰੇ ਮਰਨ ਤੋਂ ਬਾਦ ਜਿਊਂਦੇ ਰਹਿੰਦੇ ਹਨ। ਕਿਉਂਕਿ ਇਹਨਾ ਸਾਰਿਆਂ ਨੂੰ ਜਿਊਂਦਿਆਂ ਵੀ ਮਾਇਆ ਨਾਲ ਮਥੇ ਟੇਕੇ ਜਾਂਦੇ ਹਨ। ਤੇ ਮਰਨ ਤੋਂ ਬਾਦ ਸਗੋਂ ਵੱਧ ਮਥੇ ਟੇਕੇ ਜਾਂਦੇ ਹਨ।

ਸ. ਸੋਭਾ ਸਿੰਘ ਆਰਟਿਸਟ ਦੇ ਸਵਰਗਵਾਸ ਹੋਣ ਤੋਂ ਬਾਦ ਬਹੁਤ ਸਾਰੇ ਲੋਕਾਂ ਨੇ ਉਹਨਾਂ ਦੇ ਨਾਮ ਤੇ ਵੱਖ ਵੱਖ ਸੰਸਥਾਵਾਂ ਬਣਾ ਲਈਆਂ ਹਨ। ਪਰ ਉਹਨਾਂ ਸੰਸਥਾਵਾਂ ਨੇ ਆਪਣਾ ਤਾਂ ਹਲਵਾ ਮੰਡਾ ਜ਼ਰੂਰ ਚਲਾਇਆ ਹੋਵੇਗਾ ਤੇ ਚਲਾ ਰਹੀਆਂ ਹਨ। ਪਰ ਸ. ਸੋਭਾ ਸਿੰਘ ਨੂੰ ਜਿਊਂਦਾ ਰੱਖਣ ਵਾਸਤੇ ਕੋਈ ਠੋਸ ਕੰਮ ਨਹੀਂ ਕੀਤਾ। ਜਿਸ ਤੋਂ ਸਮਾਜ ਨੂੰ ਇਹ ਮਾਲੂਸ ਹੋਵੇ ਕਿ ਇਸ ਸੰਸਥਾ ਨੇ ਸ. ਸੋਭਾ ਸਿੰਘ ਦੇ ਨਾਮ ਨੂੰ ਜਿਊਂਦਾ ਰੱਖਿਆ ਏ। ਉਸ ਸੰਸਥਾ ਦੇ ਕੰਮ ਨੂੰ ਵੇਖ ਕੇ ਹਰ ਮਨੁੱਖ ਨੂੰ ਇਹ ਮਹਿਸੂਸ ਹੋਵੇ ਕੇ ਸ. ਸੋਭਾ ਸਿੰਘ ਇਹਨਾਂ ਕਿਰਤਾਂ ਅੰਦਰ ਜਿਊਂਦਾ ਦਿਸ ਰਿਹਾ ਏ। ਤੇ ਸ. ਸੋਭਾ ਸਿੰਘ ਸਾਡੇ ਨਾਲ ਹੀ ਹੈ। ਸਾਥੋਂ ਦੂਰ ਨਹੀਂ ਗਿਆ। ਸ. ਸੋਭਾ ਸਿੰਘ ਨੂੰ ਇਹ ਹੀ ਅਸਲੀ ਸ਼ਰਧਾਂਜਲੀ ਏ। ਉਸ ਦੀ ਕਲਾ ਨੂੰ ਤੇ ਉਸਦੀਆਂ ਲਿਖਤਾਂ ਨੂੰ ਜਿਊਂਦਾ ਰੱਖਿਆ ਜਾਵੇ। ....ਪਰ ਮਰਿਆਂ ਨੂੰ ਜਿਊਂਦਾ ਰੱਖਣਾ ਬਹੁਤ ਔਖਾ ਹੁੰਦਾ ਏ।

ਡਾ. ਗੌਰਮਿੰਟ ਪੌਲੀਟੈਕਨਿਕ
ਬਟਾਲਾ-੧੪੩੫੦੬
ਫੋਨ- ੯੮੭੬੭-੪੧੨੩੪



Namdhari Elibrary NamdhariElibrary@gmail.com

# .ਗ਼ਜ਼ਲ

—ਤ੍ਰੈਲੋਚਨ ਲੋਚੀ

ਅੱਧੀ ਰਾਤੀਂ ਉੱਠਿਆ ਕੋਈ,
ਉੱਠਿਆ ਕੂਕਾਂ ਮਾਰ।
ਜਾਂ ਤਾਂ ਉਸਦੇ ਵੇਹੜੇ ਧੀਆਂ,
ਜਾਂ ਕੋਈ ਰੂਹ 'ਤੇ ਭਾਰ।

ਏਸ ਨਗਰ ਦੇ ਲੋਕਾਂ 'ਤੇ ਹੁਣ,
ਕਿੰਜ ਕਰੀਏ ਇਤਬਾਰ।
ਹੱਥਾਂ ਵਿੱਚ ਗੁਲਦਸਤੇ ਰੱਖਣ,
ਬੁੱਕਲ ਵਿੱਚ ਕਟਾਰ।

ਸਾਜ਼ਾਂ ਦੀ ਤੌਹੀਨ ਦੇਖ ਕੇ,
ਹੁੰਦਾ ਬਹੁਤ ਖੁਆਰ।
ਮੇਰੇ ਅੰਦਰ ਨਿੱਤ ਹੀ ਰੋਂਦਾ,
ਰੋਂਦਾ ਇਕ ਛਨਕਾਰ।

ਅੱਜ ਵੀ ਸਾਰਾ ਦਿਨ ਤੂੰ ਦੇਖੀਂ,
ਰਹਿਣਾ ਮਨ 'ਤੇ ਭਾਰ।
ਡਿੱਗੀ ਹੈ ਦਹਿਲੀਜ਼ 'ਤੇ ਆਕੇ,
ਰੱਤ ਭਿੱਜੀ ਅਖ਼ਬਾਰ।

ਨਾ ਮੈਥੋਂ ਇਨਕਾਰੀ ਏਂ ਤੂੰ,
ਨਾ ਕਰਦੈਂ ਇਕਰਾਰ
ਭੋਲੇ ਪੰਛੀ ਆਪਣੀ ਰੂਹ ਨੂੰ,
ਏਦਾਂ ਤਾਂ ਨਾ ਮਾਰ

ਦੁੱਖ ਤੇ ਸੁੱਖ ਦੀ ਮੰਡੀ ਲੱਗੀ,
ਭਰਿਆ ਦੇਖ ਬਾਜ਼ਾਰ।
ਅੰਦਰੋਂ ਬਾਹਰ ਆਜਾ ਤੂੰ ਵੀ,
ਮਨ ਤੋਂ ਭਾਰ ਉਤਾਰ।

ਉੱਡਣ ਦੇ ਏਹਨਾਂ ਨੂੰ ਹੁਣ ਤੂੰ,
ਘਰ ਰਖਕੇ ਨਾ ਮਾਰ।
ਤੇਰੀਆਂ ਗ਼ਜ਼ਲਾਂ ਜੀਕੂੰ 'ਲੋਚੀ'
ਕੂੰਜੜੀਆਂ ਦੀ ਡਾਰ।

*-੨੦ ਸੈਕਿੰਡ ਫਲੋਰ, ਐੱਚ. ਆਈ. ਜੀ
ਰਾਜ ਗੁਰੂ ਨਗਰ - ਲੁਧਿਆਣਾ
ਮੋਬਾ. ੯੮੧੪੨-੫੩੩੧੫*

ਨਜ਼ਮ

# ਅਨਪੜ੍ਹ ਦਾਦੀ

—ਤ੍ਰੈਲੋਚਨ ਲੋਚੀ

ਅਨਪੜ੍ਹ ਸੀ
ਮੇਰੀ ਦਾਦੀ
ਕੋਰੀ ਅਨਪੜ੍ਹ

ਯਾਦ ਹੈ ਮੈਨੂੰ
ਅੱਜ ਤੀਕ ਵੀ
ਅਨਪੜ੍ਹ ਹੁੰਦਿਆਂ ਵੀ
ਵੇਹੜੇ ਵਿੱਚ ਬੈਠੀ
ਆਪਣੀਆਂ ਉਂਗਲਾਂ ਨਾਲ
ਮਾਰਦੀ ਰਹਿੰਦੀ
ਧਰਤੀ ਦੇ ਸੀਨੇ 'ਤੇ ਲੀਕਾਂ
ਜਿਵੇਂ
ਲਿਖ ਰਹੀ ਹੋਵੇ
ਕੁਝ ਨਾ ਕੁਛ
ਧਰਤੀ ਦੇ ਸੀਨੇ 'ਤੇ

ਮੈਂ ਸੋਚਦਾ
ਕੀ ਲਿਖਦੀ ਹੈ
ਅਨਪੜ੍ਹ ਦਾਦੀ
ਧਰਤੀ ਦੇ ਸੀਨੇ 'ਤੇ
ਉਦੋਂ ..........
ਮੈਂ ਹੈਰਾਨ ਹੁੰਦਾ

ਅੱਜ ਸੋਚਦਾਂ
ਸ਼ਾਇਦ..
ਯੁਗਾਂ-ਯੁਗਾਂਤਰਾਂ ਤੋਂ ਹੀ

ਇੱਕ ਮਾਂ
ਇਸੇ ਤਰ੍ਹਾਂ ਹੀ
ਦੱਸਦੀ ਹੋਵੇਗੀ
ਦੂਜੀ ਮਾਂ ਨੂੰ

ਆਪਣੇ ਦਿਲ ਦਾ ਦੁਖੜਾ
ਆਪਣੇ
ਮਨ
ਦੀ ਪੀੜ

ਅਨਪੜ੍ਹ ਸੀ
ਮੇਰੀ ਦਾਦੀ
ਕੋਰੀ ਅਨਪੜ੍ਹ



Namdhari Elibrary NamdhariElibrary@gmail.com

# ਹਰਬੰਸ ਸਿੰਘ ਬਾਠ ਦੀਆਂ ਕਾਵਿ-ਰਚਨਾਵਾਂ

ਅਦੀਬਾਂ ਦੇ ਯਾਰ ਅਦੀਬ ਹੁੰਦੇ ਨੇ।
ਗ਼ਰੀਬਾਂ ਦੇ ਯਾਰ ਗ਼ਰੀਬ ਹੁੰਦੇ ਨੇ।
'ਬਾਠ' ਗ਼ਰੀਬੀ ਹੈ ਫ਼ਕੀਰਾਂ ਦਾ ਗਹਿਣਾ
ਫ਼ੱਕਰ ਹੀ ਖ਼ੁਦਾ ਦੇ ਕਰੀਬ ਹੁੰਦੇ ਨੇ।

ਗਿਆ ਬਚਪਨ, ਗਈ ਜਵਾਨੀ ਯਾਰੋ।
ਪਈ ਨਾ ਪੱਲੇ ਦੁਆਨੀ ਯਾਰੋ।
'ਬਾਠ' ਬੁਢਾਪਾ ਮਗਰੋਂ ਨਹੀਂ ਲਹਿੰਦਾ,
ਤੰਗ ਆ ਗਈ ਜ਼ਿੰਦਗਾਨੀ ਯਾਰੋ।

ਪੁੱਤਰ ਜਿੱਤਦੇ, ਮਾਪੇ ਹਾਰਦੇ ਨੇ।
ਹੁਣ ਪੁੱਤਰ ਮਾਪਿਆਂ ਨੂੰ ਚਾਰਦੇ ਨੇ।
'ਪੁੱਤਰ-ਮੋਹ' 'ਚ ਫਸੇ ਹੋਏ 'ਬਾਠ' ਜੀ।
ਮਾਪੇ ਅਕਸਰ ਸਭ ਕੁਝ ਸਹਾਰਦੇ ਨੇ।

ਦੇਸ਼ ਮੇਰੇ ਦੀਆਂ ਕੁੜੀਆਂ ਯਾਰੋ!
ਹੁਣ ਫੈਸ਼ਨ ਦੇ ਵਿਚ ਰੁੜ੍ਹੀਆਂ ਯਾਰੋ!
ਪੂਰਬ ਦੀਆਂ ਧੀਆਂ ਹੋ ਕੇ ਵੀ 'ਬਾਠ',
ਕਿਉਂ ਪੱਛਮ ਦੇ ਨਾਲ ਜੁੜੀਆਂ ਯਾਰੋ!

ਭਰਾ ਦੇ ਨਾਲ ਨਾ ਬੋਲੇ ਭਾਈ।
ਨਣਦ ਨਾਲ ਨਾ ਬੋਲੇ ਭਰਜਾਈ।
ਚਾਚੀ ਨਾਲ ਨਾਲ ਤਾਈ ਬੋਲੇ,
'ਬਾਠ' ਬਜ਼ੁਰਗਾਂ ਦੀ ਸ਼ਾਮਤ ਆਈ।

ਗੀਤਾਂ ਬਦਲ ਜਾਂਦੀਆਂ ਨੇ ਬਾਠ!
ਨੀਤਾਂ ਬਦਲ ਜਾਂਦੀਆਂ ਨੇ ਬਾਠ!
ਸਭ ਵਕਤ ਦੀਆਂ ਮੁਥਾਜ ਨੇ ਬਾਠ!
ਪ੍ਰੀਤਾਂ ਬਦਲ ਜਾਂਦੀਆਂ ਨੇ ਬਾਠ!

ਮੋ-੯੮੧੫੧-੬੨੫੮੭

# ਗ਼ਜ਼ਲ

—ਸੁਖਦੇਵ ਸਿੰਘ ਗਰੇਵਾਲ

ਇਸਤਰ੍ਹਾਂ ਕਦ ਆਓਗੇ।
ਆ ਕੇ ਜਦ ਨਾ ਜਾਓਗੇ।

ਜਦ ਕਰੋਗੇ ਯਾਦ ਮੈਨੂੰ
ਕੋਲ ਆਪਣੇ ਪਾਓਗੇ।

ਪਿਆਰ ਸਭ ਨੂੰ ਕਰੋਗੇ
ਤਾਂ ਖ਼ੁਦਾ ਕਹਿਲਾਓਗੇ।

ਬਣ ਗਏ ਜੇ ਕੁਝ ਤੁਸੀਂ
ਖ਼ੁਦ ਨਜ਼ਰ ਆ ਜਾਓਗੇ।

ਬਣ ਕੇ ਭਾਂਬੜ ਜਲੋਗੇ
ਅੱਗ ਜੇ ਸੁਲਗਾਓਗੇ।

ਰੋਜ ਜੇ ਆਇਆ ਕਰੋ
ਤਾਂ ਨਹੀਂ ਘਬਰਾਓਗੇ।

ਬਿਜਲੀ ਦੀ ਗੱਲ ਕਰਦੇ ਹੋ।
ਬੱਦਲਾਂ ਕੋਲੋਂ ਡਰਦੇ ਹੋ।

ਸ਼ੁਰੂ ਸ਼ੁਰੂ ਵਿਚ ਜਿੱਤ ਕੇ ਵੀ
ਆਖਰ ਨੂੰ ਕਿਉਂ ਹਰਦੇ ਹੋ।

ਥਾਂ ਥਾਂ ਚੋਗ ਚੁਗੇਂਦੇ ਹੋ
ਫਿਰ ਵੀ ਰਹਿੰਦੇ ਘਰਦੇ ਹੋ।

ਸਾਗਰ ਦਾ ਥਾਹ ਪਾਵਣ ਨੂੰ
ਰੇਤੇ ਉੱਪਰ ਤਰਦੇ ਹੋ।

ਰੁੱਸ ਕੇ ਵੀ ਨਾ ਰੁੱਸਦੇ ਹੋ
ਏਸ ਲਈ ਕਿ ਘਰ ਦੇ ਹੋ।

ਨਾ ਏਧਰ ਨਾ ਓਧਰ ਦੇ
ਨਾ ਜੀਂਦੇ ਨਾ ਮਰਦੇ ਹੋ।

੬੦੯, ਗਰੇਵਾਲ ਹਾਊਸ
ਪਾਂਡੂਸਰ, ਨਾਭਾ
ਮੋਬ-੯੯੮੮੦-੧੮੫੫੦



Namdhari Elibrary NamdhariElibrary@gmail.com

## ਗੀਤ

*—ਅਮਰਜੀਤ ਕੌਰ 'ਹਿਰਦੇ'*

ਮੇਰੇ ਪੰਜਾਬੀ ਵੀਰੋ, ਧਰਤੀ ਮਾਂ ਦੀ ਹਿੱਕ ਨਾ ਚੀਰੋ,
ਰੁੱਖਾਂ ਦੇ ਨਾਲ ਪਿਆਰ ਕਰੋ, ਦਰਵੇਸ਼ਾਂ ਦਾ ਸਤਿਕਾਰ ਕਰੋ।

ਫਕੀਰਾਂ ਜੇਹਾ ਜੇਰਾ ਰੱਖਦੇ, ਨੰਗੇ ਪਿੰਡੇ ਠਰਦੇ-ਤਪਦੇ,
ਝੱਖੜ-ਜਾੜੇ ਸਿਰ ਤੇ ਸਹਿੰਦੇ, ਨਿਓਂ-ਨਿਓਂ ਸਿੱਜਦੇ ਕਰਦੇ।
ਮਾਰਾਂ ਖਾ-ਖਾ ਦੇਣ ਸੌਗਾਤਾਂ, ਕਿਉਂ ਏਹਨਾਂ ਨਾਲ ਮਾਰ ਕਰੋ,

ਕਰਨ ਬਹਾਰਾਂ ਦੀਆਂ ਉਡੀਕਾਂ, ਮਾਵਾਂ ਵਾਂਗਰ ਛਾਵਾਂ ਕਰਦੇ।
ਧੀਆਂ ਵਾਂਗਰ ਦੁੱਖ ਵੰਡਾਉਂਦੇ, ਭੁੱਖੇ ਜੀਵਾਂ ਦਾ ਢਿੱਡ ਭਰਦੇ।
ਧੀਆਂ ਵਾਂਗੂ ਰੱਖੋ ਸੰਭਾਲ, ਪੁੱਤਾਂ ਵਾਂਗ ਪਿਆਰ ਕਰੋ।

ਕੋਰੇ ਕਾਗਜ਼ ਅਤੇ ਕਾਨੀਆਂ, ਨਾਲ ਸਿਆਹੀ ਵੀ ਨੇ ਭਰਦੇ।
ਗਿਆਨੀ ਫਿਰ ਲਿਖਣ ਕਤੇਬਾਂ, ਗਿਆਨ ਜੋਤ ਮੱਥਿਆਂ ਤੇ ਧਰਦੇ।
ਇਹਨਾਂ ਦਾ ਨਾ ਘਾਤ ਕਰੋ, ਰੌਸ਼ਨ ਕੁੱਲ ਸੰਸਾਰ ਕਰੋ।

ਜਨੌਰਾਂ ਦੀ ਕਲਾ-ਕ੍ਰਿਤ ਆਲ੍ਹਣੇ, ਕੁਦਰਤ ਦੇ ਜੋ ਨੇੜੇ ਵੱਸਦੇ।
ਗਰੀਬ ਦੀ ਰੋਜ਼ੀ-ਰੋਟੀ ਨੇ ਰੁੱਖ, ਢਿੱਡ ਦੀ ਅੱਗ ਲਈ ਚੁੱਲ੍ਹੇ ਮੱਘਦੇ।
ਭੁੱਖੇ ਢਿੱਡਾਂ ਤੇ ਰਹਿਮ ਕਰੋ, ਨਾ ਕੁਦਰਤ ਦਾ ਸੰਘਾਰ ਕਰੋ।

ਚੰਗੀ ਸਿਹਤ ਲਈ ਦਾਰੂ ਦਿੰਦੇ, ਪੌਣ-ਪਾਣੀ ਨੂੰ ਸ਼ੁੱਧ ਨੇ ਕਰਦੇ।
ਹਾਕਾਂ ਮਾਰਨ ਬੱਦਲਾਂ ਤਾਈਂ, ਪਿਆਸੀ ਧਰਤੀ ਜਲ-ਥਲ ਕਰਦੇ।
ਕਿਉਂ ਇਹਨਾਂ ਦਾ ਹਰਨ ਕਰੋ, ਹਿਰਦੇ ਨਾਲ ਯਾਰ-ਮਾਰ ਕਰੋ।

*੫੦੬, ਪੰਜਵੀਂ ਮੰਜ਼ਿਲ*
*ਆਈਵਰੀ ਟਾਵਰ।*
*ਐਸ. ਏ. ਐਸ ਨਗਰ (ਮੋਹਾਲੀ)*

## ਗੀਤ / *—ਕਰਨੈਲ ਸਿੰਘ ਅਸਪਾਲ*

ਰਖੜੀ ਦੇ ਵਿਚ ਭੇਦ ਛੁਪੇ ਬੇਸ਼ੁਮਾਰ ਵੇ,
ਭੈਣ ਤੇ ਭਰਾ ਦਾ ਗੂਹੜਾ ਗੁੰਦਿਆ ਪਿਆਰ ਵੇ,

ਭੈਣਾਂ ਕਦੇ ਹਥੀਂ ਆਪ ਰਖੜੀ ਬਣਾਉਂਦੀਆਂ
ਸਤਰੰਗੀ ਲੋਗੜੀ ਸਜਾ ਕੇ ਫੁੱਲ ਲਾਉਂਦੀਆਂ

ਵੀਰਾਂ ਦੇ ਇਹ ਗੁਟਾਂ ਤਾਈਂ ਦਿੰਦੀਆਂ ਸ਼ਿਗਾਰ ਵੇ-
ਭੈਣ ਤੇ ਭਰਾ ਦਾ...........

ਸੱਚੇ ਸੁੱਚੇ ਪਿਆਰ ਦੀ ਇਹ ਰੀਤ ਚਲੀ ਆਈ ਏ
ਵੀਰਾਂ ਦੀ ਇਹ ਰੱਖ ਲਈ ਰੱਖੜੀ ਬਣਾਈ ਏ,

ਵੀਰਾਂ ਲਈ ਭੈਣਾਂ ਦਾ ਇਹ ਦਿਲੋਂ ਸਤਿਕਾਰ ਵੇ,
ਭੈਣ ਤੇ ਭਰਾ ਦਾ..........

ਜੰਗ ਦੇ ਮੈਦਾਨਾਂ ਵਿਚ ਵੀਰੇ ਜਦੋਂ ਜਾਂਵਦੇ,
ਰਾਖੀ ਬੰਨੇ ਭੈਣ ਜੰਗ ਜਿੱਤਕੇ ਉਹ ਆਵਦੇ,

ਕੱਚੇ ਧਾਗੇ ਸਦਿਕਾ ਨ ਹੋਵੇ ਕਦੀ ਹਾਰ ਵੇ,
ਭੈਣ ਤੇ ਭਰਾ ਦਾ..........

ਉਲਟਾ ਜ਼ਮਾਨਾ ਸਾਡੇ ਦੇਸ਼ ਵਿਚ ਚੱਲਿਆ,
ਕੁੱਖਾਂ ਵਿਚ ਧੀਆਂ ਦਾ ਕਤਿਲ ਜੇ ਨ ਠੱਲਿਆ,

ਨਾਨੀ-ਮਾਸੀ ਰਹਿਣੀਆਂ ਨਾ ਵਿਚ ਸੰਸਾਰ ਵੇ,
ਭੈਣ ਤੇ ਭਰਾ ਦਾ..............................

*ਵੀ. ਪੀ. ਓ. ਕਰੀਵਾਲਾ*
*ਸਿਰਸਾ-੧੨੫੦੭੫*

## ਰੁਬਾਈਆਂ / *—ਪ੍ਰਿੰ. ਨਵਰਾਹੀ ਘੁਗਿਆਣਵੀ*

ਧਰਮ ਨੂੰ ਆਪਣੇ ਮਤਲਬ ਦੇ ਲਈ, ਵਰਤੇ ਚਤੁਰ ਸਿਆਸਤ।
ਏਸੇ ਕਰਕੇ ਜਨ ਜੀਵਨ ਨੂੰ, ਹਾਸਿਲ ਹੋਏ ਨਾ ਰਾਹਤ।
ਮਾਨਵਤਾ ਦੇ ਭਾਅ ਦੀ ਬਣਦੀ, ਪੇਸ਼ ਨਾ ਜਾਵੇ ਕਾਈ;
'ਨਵਰਾਹੀ' ਬੇਦਰਦਾਂ ਹੱਥੀਂ, ਆ ਨਾ ਜਾਵੇ ਤਾਕਤ।

ਬੀਰ ਬਹਾਦਰ, ਅਣਖੀ ਯੋਧੇ, ਦੇਸ਼ ਕੌਮ ਲਈ ਮਰਦੇ।
ਸੀਸ ਤਲੀ 'ਤੇ ਰੱਖ ਅਲਬੇਲੇ, ਪੀੜ ਪਰਾਈ ਜਰਦੇ।
ਹਟਦੇ ਨਹੀਂ ਵਰਿਆਮ ਪਿਛਾਹਾਂ, ਘੜਦੇ ਨਹੀਂ ਬਹਾਨੇ;
'ਨਵਰਾਹੀ' ਬਲਵੰਤ ਸੂਰਮੇ, ਹਰ ਭਵਸਾਗਰ ਤਰਦੇ।

ਜਿਨ੍ਹਾਂ ਦਾ ਇਖ਼ਲਾਕ ਉਚੇਰਾ, ਨਹੀਂ ਤਸ਼ੱਦਦ ਕਰਦੇ।
ਹਨ ਜੋ ਅਸਲੀ ਬੰਦੇ ਰੱਬ ਦੇ, ਕੇਵਲ ਰੱਬ ਤੋਂ ਡਰਦੇ।
ਧਰਮ ਦਾ ਮੰਤਵ, ਦਇਆ, ਮੁਹੱਬਤ, ਚਾਨਣ, ਮਹਿਕ, ਫ਼ਕੀਰੀ;
'ਨਵਰਾਹੀ' ਵਿਸ਼ਵਾਸੀ ਰੱਤੇ, ਮਰ ਕੇ ਵੀ ਨਾ ਮਰਦੇ।

ਪਿਆਰ ਨਾਲ ਦਰਵਾਜ਼ੇ ਖੁੱਲ੍ਹਦੇ, ਮਿਲਦਾ ਖ਼ੂਬ ਸੁਆਗਤ।
ਅਮਲਾਂ ਦੀ ਕਸਵੱਟੀ ਉੱਤੇ, ਪਰਖੀ ਜਾਏ ਲਿਆਕਤ।
ਹੰਕਾਰੀ ਨੂੰ ਬੜਾ ਭੁਲੇਖਾ, ਹੈ ਉਹ ਪੁੱਜ ਕੇ ਡਾਢਾ;
'ਨਵਰਾਹੀ' ਮੂਰਖ ਨਾ ਜਾਣੇ, ਨਿੰਮਰਤਾ ਦੀ ਤਾਕਤ।

*ਨਵਾਂ ਹਰਿੰਦਰ ਨਗਰ, ਫ਼ਰੀਦਕੋਟ-੧੫੧੨੦੩*
*ਫੋਨ-੯੮੧੫੦-੦੨੩੦੨*



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54 Library Road, Azad Market, Delhi-110006

Phone Office : 011-23516689, 011-23614784

Mobile Phone : *S. Charanjit Singh 98105-56398*
*S. Satvinder Singh 9811655210*



Namdhari Elibrary NamdhariElibrary@gmail.com

ਕਿਸ਼ਤ-੮ (ਅੰਤਮ)

# ਬ੍ਰਹਮਗਿਆਨ, ਭਗਤੀ ਅਤੇ ਗੁਰਬਾਣੀ

—ਸਵਾਮੀ ਬ੍ਰਹਮਦੇਵ 'ਉਦਾਸੀ'

..."ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ॥

(ਗੁਰੂ ਗ੍ਰੰਥ ਸਾਹਿਬ, ਪੰਨਾ ੭੨੭)

ਇਹ ਗੁਸਲ, ਇਹ ਇਸ਼ਨਾਨ ਜਨਮਾਂ ਜਨਮਾਂ ਦੀ ਮੈਲ ਦਾ ਨਾਸ਼ ਕਰਨ ਵਾਲਾ ਹੈ। ਇਸਦਾ ਪਤਾ ਕਲਮ ਨਹੀਂ ਲਿਖ ਕੇ ਦੱਸ ਸਕਦੀ। ਇਹ ਅੱਖਾਂ ਬਾਝੋਂ ਵੇਖਣਾ ਤੇ ਕੰਨਾਂ ਤੋਂ ਬਿਨਾਂ ਸ੍ਰਵਣ ਕਰਨ ਦੀ ਖੇਡ ਹੈ। ਤਲੀ ਉੱਪਰ ਸਿਰ ਰੱਖੇ ਬਿਨਾਂ ਇਸ ਗਲੀ ਵਿੱਚ ਪ੍ਰਵੇਸ਼ ਵਰਜਿਤ ਹੈ। "ਗੂੰਗੇ ਦੀ ਮਠਿਆਈ" ਏਸੇ ਨੂੰ ਹੀ ਆਖਦੇ ਹਨ। ਬੱਸ ਇਸ ਤੋਂ ਵੱਧ ਵਿਆਖਿਆ ਦਾਸ ਨਹੀਂ ਕਰ ਸਕਦਾ।

ਫਿਰ ਇਹ ਨਵੇਂ ਬਣੇ ਗੁਰਮਤਿ ਦੇ ਵਿਸ਼ੇਸ਼ ਗਿਆਤਾ ਗਿਆਨੀ ਇਸ ਗੱਲ ਉੱਪਰ ਬਹੁਤਾ ਜ਼ੋਰ ਦਿੰਦੇ ਹਨ ਕਿ ਜਿਸ ਵਿਚਾਰਧਾਰਾ ਦੀ ਗੁਰਬਾਣੀ ਪੁਸ਼ਟੀ ਨਹੀਂ ਕਰਦੀ ਅਸੀਂ ਉਸਨੂੰ ਨਹੀਂ ਮੰਨਦੇ। ਇਸ ਲਈ ਇਹਨਾਂ ਦੀ ਤਸੱਲੀ ਵਾਸਤੇ ਅਸੀਂ ਮਹਾਂਰਾਸ਼ਟਰ ਦੇ ਪਿੰਡ ਨਰਸੀ ਬਮਨੀ ਚੱਲਦੇ ਹਾਂ ਕਿ ਇਕ ਭੋਲੇ ਭਾਲੇ ਪੰਜ ਸੱਤ ਸਾਲ ਦੇ ਬੱਚੇ ਨੂੰ ਉਸਦਾ ਨਾਨਾ ਠਾਕੁਰਾਂ ਦੀ ਸੇਵਾ ਸੌਂਪਦਾ ਹੈ ਤੇ ਵਿਧੀ ਇਹ ਦੱਸ ਜਾਂਦਾ ਹੈ ਕਿ ਕਟੋਰੇ ਵਿੱਚ ਦੁੱਧ ਪਾ ਲੈਣਾ ਤੇ ਕੋਲੇ ਜਲ ਦਾ ਗੜਵਾ ਰੱਖ ਲੈਣਾ। ਤੇ ਦੋਵੇਂ ਹੱਥ ਜੋੜ ਕੇ ਭਗਵਾਨ ਦੇ ਚਰਨਾਂ ਵਿੱਚ ਬੇਨਤੀ ਕਰਨੀ ਹੈ ਕਿ ਆਪ ਜੀ ਇਸ ਗਰੀਬਾਂ ਵੱਲੋਂ ਅਰਪਿਤ ਕੀਤੇ ਸ਼ਰਧਾਮਈ ਦੁੱਧ ਨੂੰ ਅੰਗੀਕਾਰ ਕਰਕੇ ਸਾਨੂੰ ਕ੍ਰਿਤਾਰਥ ਕਰ ਦਿਓ। ਪਰ ਨਾ ਤਾਂ ਓਥੇ ਕੋਈ ਸਾਲਗ੍ਰਾਮ ਸੀ, ਨਾ ਹੀ ਕਿਸੇ ਦੇਵਤੇ ਦਾ ਮੰਦਿਰ ਤੇ ਨਾ ਮੂਰਤ। ਸਭ ਤੋਂ ਉਲਝਣ ਵਾਲੀ ਗੱਲ ਇਹ ਕਿ ਬਜ਼ੁਰਗ ਇਹ ਭੇਦ ਵੀ ਨਾ ਦੱਸ ਕੇ ਗਏ ਕਿ ਕਿਸੇ ਠਾਕੁਰ ਨੇ ਆਉਣਾ ਨਹੀਂ, ਭੋਗ ਲਗਾਉਣਾ ਨਹੀਂ, ਆਪਾਂ ਵੇਖਣਾ ਨਹੀਂ, ਉਹਨੇ ਦਰਸ਼ਨ ਦੇਣੇ ਨਹੀਂ, ਆਪਾਂ ਉਹ ਨੂਰੀ ਝਲਕਾਰੇ ਵੇਖਣੇ ਵੀ ਨਹੀਂ, ਬੱਸ ਜ਼ੁਬਾਨੀ ਕਲਾਮੀ ਜਮ੍ਹਾ ਖਰਚ ਵਾਲੀ ਗੱਲ ਹੈ। ਤੇ ਇਸ ਅਬੋਧ ਮਾਸੂਮ ਭਗਤ ਦਾ ਨਾਮ ਸੀ 'ਨਾਮਦੇਵ'। ਜਾਤ ਛੀਂਬਾ, ਵਾਸ ਨਾਨਕੇ ਘਰ। ਲੇਕਿਨ ਦੱਸੀ ਵਿਧੀ ਮੁਤਾਬਿਕ ਭੋਗ ਲੱਗਣ ਦੀ ਤਿਆਰੀ ਹੋ ਗਈ ਪਰ ਜੇ ਕੋਈ ਦਿਸਦਾ ਠਾਕੁਰ ਹੋਵੇ ਤਾਂ ਭੋਗ ਲਾਵੇ। ਪਰ ਗੁਰਬਾਣੀ ਦਾ ਕਥਨ ਹੈ ਕਿ ਭਗਤ ਦੀ ਨਿਰਛਲ, ਕਪਟ ਰਹਿਤ, ਸੱਚੀ ਭਾਵਨਾ ਤੇ ਬੀਠੁਲ ਜੋ ਭਗਵਾਨ ਕ੍ਰਿਸ਼ਨ ਦਾ ਹੀ ਨਾਮ ਹੈ ਅਤੇ ਉਹਨਾਂ ਦੀ ਦੀਨ ਦਿਆਲਤਾ। ਸੋ ਭੋਗ ਲੱਗਿਆ, ਠਾਕੁਰ, ਪ੍ਰਤੱਖ ਹੋਇਆ, ਆਸ਼ਕਾਂ ਨੂੰ ਆਪਣੇ ਪਿਆਰੇ ਮਹਿਬੂਬ ਦੇ ਦਰਸ਼ਨ ਹੋਏ, ਸਰਕਾਰ ਜਲਵਾਗਾਰ ਹੋਈ, ਉਹ ਹੁਸਨੁਲ ਚਿਰਾਗ, ਸਾਹਿਬ ਦਿਮਾਗ, ਭਗਤ ਵੱਛਲ, ਨੀਲਕੰਠ, ਨਿਰਜੁਰ, ਨਿੰਦ੍ਰਾਬਿਨ, ਨੀਲਵਸਨ, ਬਨਵਾਰੀ ਦੇ ਝਲਕਾਰੇ ਝਲਕੇ ਤੇ ਰੱਬ ਲੋਕ ਰੱਬ ਦੇ ਹਿਰਦੇ ਪ੍ਰੇਮ ਦੇ ਸਮੁੰਦਰਾਂ ਵਿੱਚ ਨਹਾਤੇ। ਦੀਦੜੇ ਜਨਮਾਂ ਜਨਮਾਂ ਦੇ ਭੁੱਖੇ ਤ੍ਰਿਪਤ ਹੋ ਗਏ। ਪਵਿੱਤਰ ਗੁਰਬਾਣੀ ਦਾ ਵਾਕ ਹੈ :

"ਦੂਧੁ ਕਟੋਰੈ ਗਡਵੈ ਪਾਨੀ॥ ਕਪਲ ਗਾਇ ਨਾਮੈ ਦੁਹਿ ਆਨੀ॥੧॥ ਦੂਧੁ ਪੀਉ ਗੋਬਿੰਦੇ ਰਾਇ॥ ਦੂਧੁ ਪੀਉ ਮੇਰੋ ਮਨੁ ਪਤੀਆਇ॥ ਨਾਹੀ ਤ ਘਰ ਕੋ ਬਾਪੁ ਰਿਸਾਇ॥੧॥ ਰਹਾਉ॥ ਸੋੁਇਨ ਕਟੋਰੀ ਅੰਮ੍ਰਿਤ ਭਰੀ॥ ਲੈ ਨਾਮੈ ਹਰਿ ਆਗੈ ਧਰੀ॥੨॥ ਏਕੁ ਭਗਤੁ ਮੇਰੇ ਹਿਰਦੇ ਬਸੈ॥ ਨਾਮੇ ਦੇਖਿ ਨਰਾਇਨੁ ਹਸੈ॥੩॥ ਦੂਧੁ ਪੀਆਇ ਭਗਤੁ ਘਰਿ ਗਇਆ॥ ਨਾਮੇ ਹਰਿ ਕਾ ਦਰਸਨੁ ਭਇਆ॥ (ਪੰਨਾ ੧੧੬੩)

ਫੇਰ ਏਸੇ ਭਗਤ ਨੂੰ ਸ਼ੂਦਰ ਸਮਝ ਕੇ ਓਥੋਂ ਦੇ ਬ੍ਰਾਹਮਣਾਂ ਨੇ ਮੰਦਿਰ ਵਿੱਚੋਂ ਬਾਹਰ ਕੱਢ ਦਿੱਤਾ, ਲੇਕਿਨ ਜਦੋਂ ਨਾਮਦੇਵ ਜੀ ਦੇਹੁਰੇ (ਮੰਦਰ) ਦੇ ਪਿਛਵਾੜੇ ਜਾਕੇ ਬੈਠੇ ਤਾਂ ਮੰਦਿਰ ਦਾ ਮੁੱਖ ਉਸ ਤਰਫ ਘੁੰਮ ਗਿਆ ਜਾਣੀ ਦੇਹੁਰਾ ਭਗਤ ਦੇ ਪਿੱਛੇ ਹੋ ਤੁਰਿਆ। ਦੱਸੋ ਇਥੇ ਕਿਹੜੀ ਬੁੱਤ ਪ੍ਰਸਤੀ ਹੋ ਰਹੀ ਸੀ ਇਹੋ ਕਿ ਪਿਆਰਿਆਂ ਦੇ ਪ੍ਰੇਮ ਦੀਆਂ ਡੋਰਾਂ ਪ੍ਰੀਤਮ ਨੂੰ ਖਿੱਚ ਰਹੀਆਂ ਸਨ। ਗੁਰਬਾਣੀ ਦੀ ਗਵਾਹੀ ਹਾਜ਼ਿਰ ਹੈ :-

"ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥੧॥ ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥੧॥ ਰਹਾਉ॥ ਲੈ ਕਮਲੀ ਚਲਿਓ ਪਲਟਾਇ॥ ਦੇਹੁਰੈ ਪਾਛੈ ਬੈਠਾ ਜਾਇ॥ ੨॥ ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾਂ ਕਉ ਦੇਹੁਰਾ ਫਿਰੈ॥ (ਪੰਨਾ ੧੧੬੪)

ਅੱਗੇ ਚੱਲਕੇ ਨਾਮ ਦੇਵ ਨਾਲ ਪੁਰੋਹਿਤ ਸਮਾਜ ਤੇ ਮੁੱਲਾਂ ਲੋਕ ਈਰਖਾ ਕਰਦੇ ਹਨ। ਬਾਦਸ਼ਾਹ ਪਾਸ ਸ਼ਿਕਾਇਤ ਹੁੰਦੀ ਹੈ। ਨਾਮਦੇਵ ਨੂੰ ਮੁਰਦਾ ਗਊ ਜਿੰਦਾ ਕਰਨ ਲਈ ਆਖਿਆ ਜਾਂਦਾ ਹੈ ਤੇ ਸ਼ਰਤ ਇਹ ਲਾਈ ਜਾਂਦੀ ਹੈ ਕਿ ਜੇ ਤੁਸੀਂ ਮੋਈ ਗਊ ਨੂੰ ਜੀਵਨ ਦਾਨ ਨਾ ਦੇ ਸਕੇ ਤਾਂ ਤੁਹਾਡੇ ਲਈ ਮੌਤ ਦੀ ਸਜ਼ਾ ਮੁਕੱਰਰ ਕੀਤੀ ਜਾਂਦੀ ਹੈ ਅਥਵਾ ਤੁਸੀਂ ਹਿੰਦੂ ਧਰਮ ਤਿਆਗੋ, ਰਾਮ



Namdhari Elibrary NamdhariElibrary@gmail.com

ਦਾ ਨਾਮ ਛੱਡੋ, ਇਸਲਾਮ ਕਬੂਲੋ ਤੇ ਅੱਲ੍ਹਾ ਦੇ ਨਾਮ ਦੀ ਬੰਦਗੀ ਕਰੋ। ਪਰ ਭਗਤ ਜੀ ਜਬਰ, ਅਨਿਆਏ ਤੇ ਜ਼ੁਲਮ ਦੇ ਅੱਗੇ ਨਹੀਂ ਝੁਕੇ। ਭਾਵੇਂ ਕਿ ਉਹ ਸਮਝਦੇ ਹਨ ਕਿ ਅੱਲ੍ਹਾ ਤੇ ਰਾਮ ਵਿੱਚ ਕੋਈ ਫਰਕ ਨਹੀਂ ਪਰ ਜਿਸ ਤਰ੍ਹਾਂ ਕੱਟੜਪੰਥੀ ਮਨਵਾਉਣਾ ਚਾਹੁੰਦੇ ਹਨ ਉਸ ਰਸਤੇ ਨੂੰ ਰੱਬ ਦੇ ਬੰਦੇ, ਹਰੀ ਦੇ ਸੰਤ ਨਹੀਂ ਅਪਣਾਉਂਦੇ। ਸਾਰੀ ਵਾਰਤਾ ਭਗਤ ਜੀ ਇਉਂ ਬਿਆਨ ਕਰਦੇ ਹਨ:

"ਸੁਲਤਾਨੁ ਪੂਛੈ ਸੁਨੁ ਬੇ ਨਾਮਾ॥ ਦੇਖਉ ਰਾਮ ਤੁਮ੍ਹਾਰੇ ਕਾਮਾ॥ ੧॥ ਨਾਮਾ ਸੁਲਤਾਨੇ ਬਾਧਿਲਾ॥ ਦੇਖਉ ਤੇਰਾ ਹਰਿ ਬੀਠੁਲਾ॥੧॥ ਰਹਾਉ॥ ਬਿਸਮਿਲਿ ਗਊ ਦੇਹੁ ਜੀਵਾਇ॥ ਨਾਤਰੁ ਗਰਦਨਿ ਮਾਰਉ ਠਾਂਇ॥੨॥ ਬਾਦਿਸਾਹ ਐਸੀ ਕਿਉ ਹੋਇ॥ ਬਿਸਮਿਲਿ ਕੀਆ ਨ ਜੀਵੈ ਕੋਇ॥ ੩॥ ਮੇਰਾ ਕੀਆ ਕਛੂ ਨ ਹੋਇ॥ ਕਰਿ ਹੈ ਰਾਮੁ ਹੋਇ ਹੈ ਸੋਇ॥ ੪॥ ਬਾਦਿਸਾਹੁ ਚੜ੍ਹਿਓ ਅਹੰਕਾਰਿ॥ ਗਜ ਹਸਤੀ ਦੀਨੋ ਚਮਕਾਰਿ॥ ੫॥ ਰੁਦਨੁ ਕਰੈ ਨਾਮੇ ਦੀ ਮਾਇ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ॥੬॥ ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥ ਪਿੰਡੁ ਪੜੈ ਤਉ ਹਰਿ ਗੁਨ ਗਾਇ॥ ੭॥ ਕਰੈ ਗਜਿੰਦੁ ਸੁੰਡ ਕੀ ਚੋਟ॥ ਨਾਮਾ ਉਬਰੈ ਹਰਿ ਕੀ ਓਟ॥੮॥ ਕਾਜੀ ਮੁਲਾਂ ਕਰਹਿ ਸਲਾਮੁ॥ ਇਨਿ ਹਿੰਦੂ ਮੇਰਾ ਮਲਿਆ ਮਾਨੁ॥੯॥ ਬਦਿਸਾਹ ਬੇਨਤੀ ਸੁਨੇਹੁ॥ ਨਾਮੇ ਸਰ ਭਰਿ ਸੋਨਾ ਲੇਹੁ॥ ੧੦॥ ਮਾਲੁ ਲੇਉ ਤਉ ਦੋਜਕਿ ਪਰਉ॥ ਦੀਨੁ ਛੋਡਿ ਦੁਨੀਆ ਕਉ ਭਰਉ॥ ੧੧॥ ਪਾਵਹੁ ਬੇੜੀ ਹਾਥਹੁ ਤਾਲ॥ ਨਾਮਾ ਗਾਵੈ ਗੁਨ ਗੋਪਾਲ॥ ੧੨॥ ਗੰਗ ਜਮੁਨ ਜਉ ਉਲਟੀ ਬਹੈ॥ ਤਉ ਨਾਮਾ ਹਰਿ ਕਰਤਾ ਰਹੈ॥ ੧੩॥ ਸਾਤ ਘੜੀ ਜਬ ਬੀਤੀ ਸੁਣੀ॥ ਅਜਹੁ ਨ ਆਇਓ ਤ੍ਰਿਭਵਣ ਧਣੀ॥ ੧੪॥ ਪਾਖੰਤਣ ਬਾਜ ਬਜਾਇਲਾ॥ ਗਰੁੜ ਚੜ੍ਹੇ ਗੋਬਿੰਦ ਆਇਲਾ॥ ੧੫॥ ਅਪਨੇ ਭਗਤ ਪਰਿ ਕਰਿ ਕੀ ਪ੍ਰਤਿਪਾਲ॥ ਗਰੁੜ ਚੜ੍ਹੇ ਆਏ ਗੋਪਾਲ॥ ਕਹਹਿ ਤ ਧਰਣਿ ਇਕੋੜੀ ਕਰਉ॥ ਕਹਿਤ ਤ ਲੇ ਕਰਿ ਊਪਰਿ ਧਰਉ॥ ੧੭॥ ਕਹਹਿ ਤ ਮੁਈ ਗਊ ਦੇਉ ਜੀਆਇ॥ ਸਭੁ ਕੋਈ ਦੇਖੈ ਪਤੀਆਇ॥ ੧੮॥ ਨਾਮਾ ਪ੍ਰਣਵੈ ਸੇਲ ਮਸੇਲ॥ ਗਊ ਦੁਹਾਈ ਬਛਰਾ ਮੇਲਿ॥ ੧੯॥ ਦੂਧਹਿ ਦੁਹਿ ਜਬ ਮਟੁਕੀ ਭਰੀ॥ ਲੇ ਬਾਦਿਸਾਹ ਕੇ ਆਗੇ ਧਰੀ॥ ੨੦॥ (ਪੰਨਾ ੧੧੬੫)

ਸੋ ਅਸੀਂ ਇੱਕ ਉਦਾਹਰਣ ਪੇਸ਼ ਕੀਤਾ ਹੈ ਇਸ ਪ੍ਰਕਾਰ ਦੇ ਅਨੇਕਾਂ ਉਦਾਹਰਣ ਗੁਰਬਾਣੀ ਵਿੱਚੋਂ ਦੱਸੇ ਜਾ ਸਕਦੇ ਹਨ। ਅਸਲ ਵਿੱਚ ਗੱਲ ਇਹ ਹੈ ਕਿ ਮੂਰਤੀ ਦਾ ਅਕਾਰ ਧਰਮ ਸ਼ਾਸਤਰਾਂ ਨੇ ਅੱਠ ਪ੍ਰਕਾਰ ਦਾ ਮੰਨਿਆ ਹੈ। ਉਸ ਵਿੱਚੋਂ ਇੱਕ ਹੈ ਮਨ ਦੀ ਮੂਰਤਿ, ਜਿਸ ਬਾਰੇ ਗੋਂਡ ਰਾਗ ਵਿੱਚ ਪੰਜਵੇਂ ਸਤਿਗੁਰੂ ਫੁਰਮਾਉਂਦੇ ਹਨ—

"ਗੋਂਡ ਮਹਲਾ ੫॥ ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥ ਗੁਰ ਕੇ ਚਰਨ ਰਿਦੈ ਲੈ ਧਾਰਉ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥ ੧॥ ਮਤ ਕੋ ਭਰਮਿ ਭੁਲੈ ਸੰਸਾਰਿ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ॥ ੧॥ ਰਹਾਉ॥ ਭੂਲੇ ਕਉ ਗੁਰਿ ਮਾਰਗਿ ਪਾਇਆ॥ ਅਵਰ ਤਿਆਗਿ ਹਰਿ ਭਗਤੀ ਲਾਇਆ॥ ਜਨਮ ਮਰਨ ਕੀ ਤ੍ਰਾਸ ਮਿਟਾਈ॥ ਗੁਰ ਪੂਰੇ ਕੀ ਬੇਅੰਤ ਵਡਾਈ॥੨॥ ਗੁਰ ਪ੍ਰਸਾਦਿ ਊਰਧ ਕਮਲ ਬਿਗਾਸ॥ ਅੰਧਕਾਰ ਮਹਿ ਭਇਆ ਪ੍ਰਗਾਸ॥ ਜਿਨਿ ਕੀਆ ਸੋ ਗੁਰ ਤੇ ਜਾਨਿਆ। ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ॥ ੩॥ ਗੁਰੁ ਕਰਤਾ ਗੁਰੁ ਕਰਣੈ ਜੋਗੁ॥ ਗੁਰੁ ਪਰਮੇਸਰੁ ਹੈ ਭੀ ਹੋਗੁ॥ ਕਹੁ ਨਾਨਕ ਪ੍ਰਭਿ ਇਹੈ ਜਨਾਈ॥ ਬਿਨੁ ਗੁਰ ਮੁਕਤਿ ਨ ਪਾਈਐ। ਭਾਈ॥ ੪॥ ੫॥ ੭॥ (ਪੰਨਾ ੮੬੪)"

ਇਸ ਪੂਜਾ ਦਾ ਨਾਂ ਹੈ ਮਾਨਸੀ ਪੂਜਾ। ਤੇ ਸ਼ਾਸਤਰ ਦੀ ਭਾਸ਼ਾ ਵਿਚ ਇਸਨੂੰ ਕਹਿੰਦੇ ਹਨ "ਮਨੋਮਈ ਪ੍ਰਤਿਮਾ ਦੀ ਸਾਧਨਾ"। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਨਵਧਾ ਭਗਤੀ ਨੂੰ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਵਡਿਆਇਆ ਹੈ, ਸਵੀਕਾਰਿਆ ਹੈ ਪਰ ਸਤਿਗੁਰਾਂ ਦਾ ਆਪਣਾ ਸਿਧਾਂਤ ਉਸ ਪਰਮ ਪਿਤਾ ਪ੍ਰਮਾਤਮਾ ਦੀ ਮਾਨਸਿਕ ਪੂਜਾ ਦਾ ਹੈ। ਏਸੇ ਲਈ ਉਹਨਾਂ ਨੇ ਉਸ ਮਾਲਕ ਦੀ ਪ੍ਰਸੰਨਤਾ ਜਾਂ ਪ੍ਰਾਪਤੀ ਲਈ ਕੀਤੇ ਜਾਂਦੇ ਕਿਸੇ ਵੀ ਉੱਦਮ ਨੂੰ ਛੋਟਾ ਜਾਂ ਨੀਵਾਂ ਕਰਕੇ ਨਹੀਂ ਵੇਖਿਆ ਸਗੋਂ ਉਸਦੇ ਨਮਿੱਤ ਸਾਰੇ ਹੀ ਪ੍ਰਯਤਨ ਸਲਾਹੇ ਹਨ। ਜਿਵੇਂ ਕਿ ਸ੍ਰੀ ਮਦ ਭਾਗਵਤ ਮਹਾਂਪੁਰਾਣ ਦੇ ਦੂਜੇ ਸਕੰਧ ਦੇ ਅਧਿਆਇ ੩ ਦੇ ਸ਼ਲੋਕ ੨੦ ਤੋਂ ਸ਼ੁਰੂ ਕਰਕੇ ੨੪ ਤੱਕ ਵੇਦ ਵਿਆਸ ਜੀ ਕਹਿੰਦੇ ਹਨ ਕਿ ਪ੍ਰਮਾਤਮਾ ਦੀ ਭਗਤੀ ਤੋਂ ਬਿਨਾਂ ਮਨੁੱਖ ਪਸ਼ੂਆਂ ਦੇ ਸਮਾਨ ਹੈ। ਜਿੰਨ੍ਹਾਂ ਨੇ ਕੰਨਾਂ ਨਾਲ ਹਰੀ ਜਸ ਨਹੀਂ ਸੁਣਿਆ ਉਹਨਾਂ ਦੇ ਕੰਨ ਸਰਪ ਦੀ ਖੁੱਡ ਦੇ ਸਮਾਨ ਹਨ, ਜਿਸ ਜੀਭ ਨਾਲ ਹਰੀ ਗੁਣਾਂ ਦਾ ਗਾਇਨ ਨਹੀਂ ਕੀਤੀ ਉਹ ਡੱਡੂ ਦੀ ਜੀਭ ਦੇ ਤੁੱਲ ਹੈ। ਜਿਸਦਾ ਸਿਰ ਭਗਵਾਨ ਦਿਆਂ ਚਰਨਾਂ ਵਿਚ ਨਹੀਂ ਝੁਕਿਆ ਉਸ ਮਨੁੱਖ ਦੇ ਬਸਤਰ, ਗਹਿਣੇ, ਮਣੀਆਂ, ਮੁਕਟ, ਕੰਗਣ ਕੜੇ ਸਭ ਮੁਰਦੇ ਦੇ ਸਮਾਨ ਹਨ। ਜਿਸਦੇ ਨੇਤਰਾਂ ਨੇ ਭਗਵਾਨ ਦੇ ਪਿਆਰਿਆਂ ਦਾ ਦਰਸ਼ਨ ਨਹੀਂ ਕੀਤਾ ਉਹਨਾਂ ਦੇ ਨੇਤਰ ਮੋਰ ਪੰਖ ਦੀਆਂ ਚੰਦ ਟਿੱਕੀਆਂ ਵਰਗੇ ਤੇ ਪੈਰ ਜੜ੍ਹ ਬਿਰਖਾਂ ਵਰਗੇ ਹਨ ਜਿਹੜੇ ਹਰੀ ਮੰਦਰ ਜਾਂ ਸਤਸੰਗ ਵਿੱਚ ਚੱਲਕੇ ਨਹੀਂ ਜਾਂਦੇ।

(ਸੰਪੂਰਨ)

ਬੱਧਨੀ ਕਲਾਂ।
ਮੋ. ੯੪੧੭੩-੫੭੫੫੨



Namdhari Elibrary NamdhariElibrary@gmail.com






Namdhari Elibrary NamdhariElibrary@gmail.com

# ਆਜ਼ਾਦੀ ਸੰਗਰਾਮ ਵਿੱਚ ਸਤੰਬਰ ਦਾ ਮਹੀਨਾ
# ਡਾਇਰੀ ਕੌਮੀ ਲਹਿਰ

(ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ)

**੧ ਸਤੰਬਰ ੧੯੨੩: ਚਾਰ ਬਬਰਾਂ ਦੀ ਪਿੰਡ ਬਬੇਲੀ (ਫਗਵਾੜਾ - ਕਪੂਰਥਲਾ) ਵਿਖੇ ਅਦੁਤੀ ਸ਼ਹਾਦਤ:**

(ਐਡੀਟਰ) ਕਰਮ ਸਿੰਘ (ਦੌਲਤਪੁਰ - ਜਲੰਧਰ) ਉਦੇ ਸਿੰਘ (ਰਾਮਗੜ੍ਹ - ਝੁੰਗੀਆਂ: ਹੁਸਿਆਰਪੁਰ) ਮਹਿੰਦਰ ਸਿੰਘ (ਪੰਡੋਰੀ ਗੰਗਾ ਸਿੰਘ: ਹੁਸ਼ਿਆਰਪੁਰ) ਤੇ ਬਿਸ਼ਨ ਸਿੰਘ (ਮਾਂਗਟ - ਜਲੰਧਰ) ਨੇ ਘੋੜਸੁਆਰ ਫ਼ੌਜੀ ਟੁਕੜੀ ਤੇ ਹਥਿਆਰਬੰਦ ਪੁਲਿਸ ਨਾਲ ਦਿਨ-ਦਿਹਾੜੇ ਟਾਕਰਾ ਕਰਦਿਆਂ ਗੁਰਦੁਆਰਾ ਚੌਂਤਾ ਸਾਹਿਬ ਨਾਲ ਵਹਿੰਦੇ ਚੋਅ ਕੰਢੇ ਆਖਰੀ ਦਮ ਤਕ ਵਾਰ ਕਰਦਿਆਂ ਸ਼ਹੀਦੀ ਜਾਮ ਪੀਤੇ ਸਨ।

**੩ ਸਤੰਬਰ ੧੯੦੭ : ਸ: ਕਿਸ਼ਨ ਸਿੰਘ**

ਸ਼ਹੀਦ ਭਗਤ ਸਿੰਘ ਦੇ ਪਿਤਾ ਜੀ ਦੀ, ਬੇਟੇ ਦੇ ਜਨਮ ਤੋਂ ਕੁਝ ਦਿਨ ਪਹਿਲਾਂ ਗ੍ਰਿਫਤਾਰੀ।

**੩ ਸਤੰਬਰ ੧੯੧੫: ਬਾਰਾਂ ਗ਼ਦਰੀ ਫ਼ੌਜੀਆਂ ਨੂੰ ਅੰਬਾਲਾ ਸੈਂਟਰਲ ਜੇਲ੍ਹ ਵਿੱਚ ਫਾਂਸੀ**

ਲਾਹੌਰ ਦੀ ਮੀਆਂ ਮੀਰ ਛਾਉਣੀ ਸਥਿਤ ੨੩ ਨੰਬਰ ਰਸਾਲੇ ਵਿੱਚ ਗ਼ਦਰੀਆਂ ਦਾ ਡੂੰਘਾ ਪ੍ਰਭਾਵ ਸੀ। ੧੯ ਫ਼ਰਵਰੀ ਦੇ ਗ਼ਦਰੀ ਵਿਦਰੋਹ ਦੇ ਵਿਫਲ ਹੋ ਜਾਣ ਤੋਂ ਦੋ ਕੁ ਮਹੀਨੇ ਪਿੱਛੋਂ ਜਦੋਂ ਪਲਟਨ ਨੂੰ ਯੂਰੋਪ ਦੇ ਫ਼ਰੰਟ ਲਈ ਰਵਾਨਾ ਕੀਤਾ ਗਿਆ ਤਾਂ ਗੱਡੀ ਵਿੱਚ ਰੱਖੇ ਹੋਏ ਇੱਕ ਗ਼ਦਰੀ ਦੇ ਸੰਦੂਕ ਵਿਚਲੇ ਬੰਬ ਆਪਣੇ ਆਪ ਫਟ ਜਾਣ ਕਰਕੇ ਭੇਤ ਖੁਲ੍ਹ ਗਿਆ। ਇਹ ਘਟਨਾ ੧੩ ਮਈ ੧੯੧੫ ਨੂੰ ਯੂ.ਪੀ. ਦੇ ਹਰਪਾਲਪੁਰ ਸਟੇਸ਼ਨ ਤੇ ਵਾਪਰੀ ਸੀ। ੧੮ ਫੜੇ ਗਏ ਗ਼ਦਰੀ ਫ਼ੌਜੀਆਂ ਦਾ ਡਗਸ਼ਈ (ਹਿਮਾਚਲ ਪ੍ਰਦੇਸ਼) ਕੋਰਟ ਮਾਰਸ਼ਲ ਕਰਕੇ ਪਹਿਲਾਂ ਸਾਰਿਆਂ ਨੂੰ ਫਾਂਸੀ ਦੀ ਸਜ਼ਾ ਹੋਈ, ਪਰ ਪਿੱਛੋਂ ਛੇਆਂ ਦੀ ਸਜ਼ਾ ਘਟਾ ਕੇ ਉਮਰ ਕੈਦ ਕਾਲੇ ਪਾਣੀ ਕਰ ਦਿੱਤੀ ਗਈ: - (ਸ਼ਹੀਦ ਹੋਏ ਫ਼ੌਜੀ)

੧.(ਦਫ਼ੇਦਾਰ) ਲਛਮਣ ਸਿੰਘ (ਚੁਸਲੇਵਾੜ, ਅੰਮ੍ਰਿਤਸਰ)
੨.(ਦਫ਼ੇਦਾਰ) ਵਧਾਵਾ ਸਿੰਘ (ਰੁੜੀਵਾਲਾ, ਅੰਮ੍ਰਿਤਸਰ)
੩. ਤਾਰਾ ਸਿੰਘ (ਰੁੜੀਵਾਲਾ, ਅੰਮ੍ਰਿਤਸਰ)
੪. ਭਾਗ ਸਿੰਘ (ਰੁੜੀਵਾਲਾ, ਅੰਮ੍ਰਿਤਸਰ)
੫. ਮੋਤਾ ਸਿੰਘ (ਰੁੜੀਵਾਲਾ, ਅੰਮ੍ਰਿਤਸਰ)
੬. ਇੰਦਰ ਸਿੰਘ (ਜੀਉਬਾਲਾ, ਅੰਮ੍ਰਿਤਸਰ)
੭. ਇੰਦਰ ਸਿੰਘ (ਸ਼ਾਹਬਾਜ਼ਪੁਰ, ਅੰਮ੍ਰਿਤਸਰ)
੮. ਬੂਟਾ ਸਿੰਘ (ਕਸੇਲ, ਅੰਮ੍ਰਿਤਸਰ)
੯. ਗੁਜਰ ਸਿੰਘ (ਲਹੁਕੇ, ਅੰਮ੍ਰਿਤਸਰ)
੧੦. ਜੇਠਾ ਸਿੰਘ (ਲਹੁਕੇ, ਅੰਮ੍ਰਿਤਸਰ)
੧੧. ਬੁੱਧ ਸਿੰਘ (ਢੋਟੀਆਂ, ਅੰਮ੍ਰਿਤਸਰ)
੧੨. ਅਦੁੱਲਾ (ਟਪਰਾਲ, ਗੁਜਰਾਂਵਾਲਾ)

**੮-੯ ਸਤੰਬਰ ੧੯੨੮: ਨਵੀਂ ਇਨਕਲਾਬੀ ਪਾਰਟੀ: ਐਚ.ਐਸ.ਆਰ.ਏ. ਦਾ ਗਠਨ**

ਭਗਤ ਸਿੰਘ, ਸੁਖਦੇਵ, ਆਜ਼ਾਦ, ਸ਼ਿਵ ਵਰਮਾ ਬਿਜੈ ਕੁਮਾਰ ਸਿਨ੍ਹਾਂ ਤੇ ਹੋਰ ਸਾਥੀਆਂ ਨੇ ਲੰਮੀ ਸੋਚ ਵਿਚਾਰ ਪਿੱਛੋਂ ਪੁਰਾਣੀ ਜਥੇਬੰਦੀ ਹਿੰਦੁਸਤਾਨ ਰਿਪਬਲੀਕਨ ਐਸੋਸੀਏਸ਼ਨ ਦੀ ਥਾਂ ਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਸਥਾਪਤ ਕੀਤੀ ਜਿਸ ਨੇ ਦੋ-ਢਾਈ ਸਾਲਾਂ 'ਚ ਹੀ ਆਜ਼ਾਦੀ ਸੰਗਰਾਮ ਨੂੰ ਬੁਲੰਦੀਆਂ ਤੇ ਪੁਚਾ ਦਿੱਤਾ ਸੀ।

**੧੧ ਸਤੰਬਰ ੧੯੨੯ -ਭੁਸਾਵਲ (ਮੱਧ-ਪ੍ਰਦੇਸ਼) ਸਟੇਸ਼ਨ ਤੇ ਬੰਬ- ਅਸਲ੍ਹੇ ਸਮੇਤ ਗ੍ਰਿਫਤਾਰੀ**

ਚੰਦਰ ਸ਼ੇਖਰ ਆਜ਼ਾਦ ਨੇ ਗਵਾਲੀਅਰ ਵਾਲੇ ਅਸਲ੍ਹਾ ਖਾਨੇ ਨੂੰ ਅਕੋਲਾ (ਮਹਾਰਾਸ਼ਟਰ) ਭੇਜਣ ਦਾ ਫੈਸਲਾ ਕਰ ਕੇ ਭਗਵਾਨ ਦਾਸ ਮਾਹੌਰ ਤੇ ਸਦਾਸ਼ਿਵ ਰਾਉ ਦੀ ਦੇਖ-ਰੇਖ ਹੇਠਾਂ ਇਹ ਸਾਰੀ ਸਮਗਰੀ ਦੇਕੇ ਰਵਾਨਾ ਕੀਤਾ ਜੋ ਕਿਸੇ ਕਾਰਨ ਭੁਸਾਵਲ ਸਟੇਸ਼ਨ ਤੇ ਪੁਲੀਸ ਦੇ ਕਾਬੂ ਆ ਗਏ। ਜ਼ਿਕਰਯੋਗ ਹੈ ਕਿ ਇਹਨਾਂ ਸਾਥੀਆਂ ਨੇ ਪਿੱਛੋਂ ਜਾਕੇ ਬਦਨਾਮ ਵਾਅਦਾ ਮਾਫ਼ ਜੈ ਗੋਪਾਲ ਤੇ, ਜਦੋਂ ਉਹ ਇਹਨਾਂ ਵਿਰੁੱਧ ਗਵਾਹੀ ਦੇਣ ਲਈ ਜਲਗਾਉਂ ਦੀ ਅਦਾਲਤ ਵਿਚ ੧-੨-੧੯੩੦ ਨੂੰ ਪੇਸ਼ ਹੋਇਆ ਤਾਂ ਇਹਨਾਂ ਬੁਕਲ 'ਚੋਂ ਪਿਸਤੌਲ ਕੱਢ ਕੇ ਗੋਲੀ ਚਲਾਈ, ਜਿਸ ਨਾਲ ਉਹ ਜ਼ਖਮੀ ਤਾਂ ਹੋਇਆ ਪਰ ਜਾਨ ਬੱਚ ਗਈ ਸੀ।

**੧੩ ਸਤੰਬਰ ੧੯੧੫: ਪਹਿਲੇ ਲਾਹੌਰ ਸਾਜ਼ਿਸ਼ ਕੇਸ ਦਾ ਫੈਸਲਾ**

ਗ਼ਦਰੀਆਂ ਦੇ ਪਹਿਲੇ ਕੇਸ ਦਾ ਫ਼ੈਸਲਾ, ਜਿਸ ਅਨੁਸਾਰ ੨੪ ਫਾਂਸੀ ਨੂੰ (ਪਿੱਛੋਂ ੧੭ ਦੀ ਫਾਂਸੀ ਤੋੜ ਕੇ ਉਮਰ ਕੈਦ ਕਰ ਦਿੱਤੀ ਗਈ ਸੀ), ੩੪ ਨੂੰ ਉਮਰ ਕੈਦ - ਕਾਲਾ ਪਾਣੀ, ੧੬ ਨੂੰ ਘੱਟ ਕੈਦਾਂ ਤੇ ਤੇ ੬੧ ਵਿੱਚੋਂ ਸਿਰਫ ੪ ਹੀ ਬਰੀ ਕੀਤੇ ਗਏ ਸੀ।

ਸਤਾਰਾਂ ਗ਼ਦਰੀਆਂ ਦੀ ਫਾਂਸੀ ਤੋੜਨ ਬਾਰੇ ਵਾਇਸਰਾਏ ਲਾਰਡ ਹਾਰਡਿੰਗ ਦੀ ਕੌਂਸਲ (ਮੰਡਲ) ਨੇ ਫ਼ੈਸਲਾ ਲਿਆ ਸੀ, ਜੀਹਦੀ ਸਾਰੀ ਕਾਰਵਾਈ ਦਾ ਉਲੇਖ ਨਵੀਂ ਛਪੀ ਪੁਸਤਕ ਵਿੱਚ ਕੀਤਾ ਗਿਆ ਹੈ First Lahore Conspiracy Case: Mercy Petitions: Ed. Malwinder Jit Singh Waraich, Harish Jain ਜ਼ਿਕਰਯੋਗ ਹੈ ਕਿ ਕਰਤਾਰ ਸਿੰਘ ਸਰਾਭਾ ਨੂੰ ਵੀ ਨਿਰੋਲ ਉਹਦੀ ਨੌਜਵਾਨ



Namdhari Elibrary NamdhariElibrary@gmail.com

ਅਵਸਥਾ ਦੇ ਆਧਾਰ ਤੇ ਰਿਆਇਤ ਦੇਣਾ ਵਿਚਾਰਿਆ ਗਿਆ ਸੀ, ਤੇ ਉਹ ਵੀ ਗੰਭੀਰਤਾ ਨਾਲ।

**੧੩ ਸਤੰਬਰ ੧੯੨੯: ਜਤੀਨ ਦਾਸ ਦੀ ਭੁੱਖ-ਹੜਤਾਲ, ਤੇ ਸ਼ਹੀਦੀ : ਲਾਹੌਰ ਸੈਂਟਰਲ ਜੇਲ੍ਹ**

੬੩ ਦਿਨਾਂ ਦੀ ਭੁਖ-ਹੜਤਾਲ, ਜੀਹਦੇ ਵਿਚ ਵੈਸੇ ਸਾਰੇ ਹੀ ਜੇਲ੍ਹੀ ਇਨਕਲਾਬੀ ਸ਼ਾਮਿਲ ਸਨ, ਇਸ 'ਬੰਬ ਮਾਹਿਰ' ਲਈ ਜਾਨ ਲੇਵਾ ਹੋ ਨਿਬੜੀ। ਜ਼ਿਕਰਯੋਗ ਹੈ ਕਿ ਇਹਨਾਂ ਸਾਰਿਆਂ ਵਿੱਚੋਂ ਸਿਰਫ਼ ਜਤੀਨ ਨੂੰ ਹੀ ਜੇਲ੍ਹੀ ਭੁੱਖ-ਹੜਤਾਲ ਦਾ ਪਿਛਲਾ ਤਜਰਬਾ ਸੀ, ਜਿਸ ਨੂੰ ਮੁੱਖ ਰੱਖਿਦਿਆਂ ਇਸਨੇ ਸਾਰੇ ਸਾਥੀਆਂ ਨੂੰ ਚਿਤਾਵਨੀ ਵਜੋਂ ਕਿਹਾ ਸੀ, "ਭੁੱਖ-ਹੜਤਾਲ ਆਰੰਭ ਕਰਕੇ ਅਸੀਂ ਇੱਕ ਲੰਮਾ ਕਲੇਸ਼ ਸਹੇੜ ਰਹੇ ਹਾਂ, ਕਿਉਂਕਿ ਭੁੱਖ-ਹੜਤਾਲ ਪਿਸਤੌਲਾਂ ਅਤੇ ਰੀਵਾਲਵਰਾਂ ਨਾਲ ਲੜਨ ਨਾਲੋਂ ਕਿਤੇ ਵਧੇਰੇ ਦੁਖਦਾਈ ਹੁੰਦੀ ਹੈ। ਪੁਲਿਸ ਦੀ ਗੋਲੀ ਨਾਲ ਜਾਂ ਫਾਂਸੀ ਲਗ ਕੇ ਮਰਨਾ ਬੜਾ ਸੌਖਾ ਹੈ ਪਰ ਭੋਰਾ-ਭੋਰਾ ਕਰਕੇ ਮਰਨਾ ਬੜਾ ਮੁਸ਼ਿਕਲ ਹੈ। ਜੇ ਇੱਕ ਵਾਰੀ ਇਸ ਰਾਹ ਤੇ ਚਲ ਪਏ ਤਾਂ ਇਸ ਤੋਂ ਮੁੜਨਾ ਜਾ ਭੁੱਖ-ਹੜਤਾਲ ਤੋੜਨਾ ਕਰਾਂਤੀਕਾਰੀਆਂ ਦੇ ਮਾਨ-ਸਨਮਾਨ ਨੂੰ ਰੋਲ ਦੇਵੇਗਾ। ਮੈਂ ਤਾਂ ਸੋਚਦਾ ਹਾਂ ਕਿ ਅਜਿਹੀ ਹਾਲਤ ਵਿਚ ਅਜਿਹਾ ਦੁਖਦਾਈ ਅਤੇ ਖਤਰਨਾਕ ਰਾਹ ਜਲਦਬਾਜ਼ੀ ਵਿੱਚ ਅਪਨਾਉਣਾ ਸਿਆਣਪ ਨਹੀਂ ਹੋਵੇਗੀ।

"ਉਸਨੇ ਇਹ ਵੀ ਕਿਹਾ ਸੀ ਕਿ ਜੇ ਅਸੀਂ ਭੁੱਖ-ਹੜਤਾਲ ਆਰੰਭ ਕਰ ਦਿੱਤੀ ਤਾਂ ਕੁਝ ਵੀ ਹੋ ਜਾਏ, ਜਦ ਤੱਕ ਸਰਕਾਰ ਉਹਨਾਂ ਦੇ 'ਮੰਗ ਪੱਤਰ' ਨੂੰ ਸਵੀਕਾਰ ਨਹੀਂ ਕਰਦੀ, ਉਹ ਭੁੱਖ-ਹੜਤਾਲ ਨਹੀਂ ਤੋੜੇਗਾ। ਉਸ ਨੇ ਸਾਰੇ ਸਾਥੀਆਂ ਨੂੰ ਸੁਝਾਵ ਦਿੱਤਾ ਕਿ ਅਸੀਂ ਸਾਰੇ ੨੪ ਘੰਟੇ ਬਿਨਾ ਭੋਜਨ ਦੇ ਰਹਿ ਕੇ ਆਪਣੀ ਸਮਰੱਥਾ ਤੇ ਦ੍ਰਿੜਤਾ ਨੂੰ ਮਾਪ-ਤੋਲ ਲਈਏ ਅਤੇ ਜੇ ਕਿਸੇ ਨੂੰ ਲਗੇ ਕਿ ਉਹ ਇਸ ਬਿਖੜੇ ਪੈਂਡੇ ਤੇ ਨਹੀਂ ਚਲ ਸਕੇਗਾ, ਤਾਂ ਚੰਗਾ ਹੈ ਉਹ ਭੁੱਖ-ਹੜਤਾਲ ਵਿਚ ਸ਼ਾਮਲ ਹੀ ਨਾ ਹੋਵੇ। ਨਾਲ ਹੀ ਉਸ ਨੇ ਇਹ ਵੀ ਦੱਸਿਆ ਕਿ ਜਿਹੜੇ ਸਾਥੀ ਭੁੱਖ-ਹੜਤਾਲ ਤੇ ਨਾ ਬੈਠਣ ਦਾ ਫੈਸਲਾ ਕਰਨਗੇ ਉਹ ਪਹਿਲਾਂ ਵਾਂਗ ਹੀ ਉਸ ਦੇ ਸਤਿਕਾਰ ਦੇ ਪਾਤਰ ਬਣੇ ਰਹਿਣਗੇ।"

(ਸਰੋਤ: "ਭਗਤ ਸਿੰਘ ਅਮਰ ਵਿਦਰੋਹੀ", ਮਲਵਿੰਦਰ ਜੀਤ ਸਿੰਘ ਵੜੈਚ)

**੧੪ ਸਤੰਬਰ ੧੯੨੩: ਜੈਤੋ-ਗੰਗਸਰ ਵਿਖੇ ਅਖੰਡ ਪਾਠ ਖੰਡਤ:**

ਅੰਗਰੇਜ਼ੀ ਹਕੂਮਤ ਦੇ ਨਾਭਾ ਮਹਾਰਾਜਾ ਨੂੰ ਉਹਦੀਆਂ ਕੌਮ ਪੱਖੀ ਨੀਤੀਆਂ ਕਰਕੇ ੮ ਜੂਨ ੧੯੨੩ ਨੂੰ ਗਦੀਉਂ ਲਾਹ ਕੇ, ਰਿਆਸਤ ਦੀ ਵਾਗਡੋਰ ਆਪਣੇ ਹੱਥ ਲੈ ਲਈ ਸੀ, ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੫ ਅਗਸਤ ੧੯੨੩ ਨੂੰ ਮਤਾ ਪਾਸ ਕਰਕੇ ੯ ਸਤੰਬਰ ਨੂੰ ਰੋਸ ਦਿਵਸ ਮਨਾਉਣ ਤੇ ਅਖੰਡ ਪਾਠ ਆਰੰਭ ਕਰਨ ਦਾ ਹੋਕਾ ਦਿੱਤਾ ਸੀ। ਇਸ ਲੜੀ ਵਿੱਚ ੧੪ ਸਤੰਬਰ ਵਾਲੇ ਦਿਨ ਸੂਬੇ ਦੇ ਪਰਸ਼ਾਸਕ ਦੇ ਹੁਕਮਾਂ ਦੀ ਤਾਮੀਲ ਕਰਦਿਆਂ ਵਿਲੀਅਮ ਜੌਨਸਟਨ ਨੇ ਹਥਿਆਰਬੰਦ ਸਿਪਾਹੀਆਂ ਨਾਲ ਅਜੋਕੇ ਫਰੀਦਕੋਟ ਜ਼ਿਲ੍ਹੇ ਦੇ ਜੈਤੋ ਸਥਿਤ ਇਤਿਹਾਸਿਕ ਗੁਰਦੁਆਰੇ ਵਿੱਚ ਪਰਵੇਸ਼ ਕੀਤਾ ਤੇ ਗੁਰੂ ਗ੍ਰੰਥ ਸਾਹਿਬ ਦੇ ਚਲ ਰਹੇ ਅਖੰਡ ਪਾਠ ਨੂੰ ਖੰਡਤ ਕਰ ਦਿੱਤਾ ਤੇ ਸਾਰੀ ਸੰਗਤ ਨੂੰ ਗ੍ਰਿਫਤਾਰ ਕਰ ਲਿਆ; ਇੱਥੋਂ ਤੱਕ ਕਿ ਗੁਰੂ ਮਹਾਰਾਜ ਦੀ ਤਾਬਿਆਂ ਬੈਠੇ ਪਾਠੀ ਜੀ ਨੂੰ ਵੀ ਨਹੀਂ ਬਖਸ਼ਿਆ ਗਿਆ। ਇਸ ਘਿਨੌਣੀ ਕਾਰਵਾਈ ਦੇ ਪ੍ਰਤੀਕਰਮ ਵਜੋਂ ਵਿਢਿਆ ਗਿਆ ਸੀ ਜੁਝਾਰੂ ਜੈਤੋ ਮੋਰਚਾ।

**੨੯ ਸਤੰਬਰ ੧੯੧੪ ਬੱਜ-ਬੱਜ ਘਾਟ ਦਾ ਖ਼ੂਨੀ ਸਾਕਾ**

ਅਪ੍ਰੈਲ ੧੯੧੪ 'ਚ ੩੭੪ ਹਿਦੀ ਮੁਸਾਫ਼ਿਰਾਂ ਨੂੰ ਲੈ ਕੇ ਇਹ ਸਮੁੰਦਰੀ ਜਹਾਜ਼ ਕੈਨੇਡਾ ਲਈ ਚਲਿਆ, ਜਿਸ ਦੀ ਅਗਵਾਈ ਬਾਬਾ ਗੁਰਦਿੱਤ ਸਿੰਘ (ਸਰਹਾਲੀ, ਅੰਮ੍ਰਿਤਸਰ) ਕਰ ਰਹੇ ਸਨ। ਕੈਨੇਡਾ ਸਰਕਾਰ ਨੇ ਅੰਗਰੇਜ਼ੀ ਸਾਮਰਾਜ ਦੀ ਸ਼ਹਿ ਤੇ ਹਿੰਦੀਆਂ ਦੇ ਆਗਮਨ ਨੂੰ ਰੋਕਣ ਲਈ ਹਿੰਦੋਸਤਾਨ ਤੋਂ ਸਿੱਧੇ (continuous) ਸਫ਼ਰ ਦੀ ਸ਼ਰਤ ਲਗਾ ਦਿੱਤੀ। ਇਸ ਰੁਕਾਵਟ ਨੂੰ ਪਾਰ ਕਰਨ ਹਿੱਤ, 'ਕਾਮਾਗਾਟਾ ਮਾਰੂ' ਜਹਾਜ਼ ਠੇਕੇ/ਕਿਰਾਏ ਤੇ ਲੈਕੇ ਇਹਨਾਂ ਮੁਸਾਫ਼ਿਰਾਂ ਨੂੰ ਲੈ ਜਾਣ ਦੀ ਯੋਜਨਾ ਬਨਾਈ ਗਈ ਸੀ। ਜਹਾਜ਼ ੨੨ ਮਈ ਨੂੰ ਕੈਨੇਡਾ ਸਾਹਿਲ ਤੇ ਪੁਜ ਗਿਆ, ਪਰ ਕੁਝ ਕੁ ਮੁਸਾਫ਼ਿਰਾਂ ਨੂੰ ਛੱਡ ਕੇ ਬਾਕੀਆਂ ਨੂੰ ਉਤਰਨ ਦੀ ਆਗਿਆ ਦੇਣੀ ਤਾਂ ਕਿਤੇ ਰਹੀ, ਜਹਾਜ਼ ਨੂੰ ਸਮੁੰਦਰ ਵਿੱਚ ਹੀ 'ਕੈਦੀ' ਬਣਾ ਲਿਆ ਗਿਆ। ਪੂਰੇ ਦੋ ਮਹੀਨੇ ਦੀ ਖਿਚੋਤਾਣ, ਹਾਥਾ-ਪਾਈ, ਮੁਕਦੱਮੇਬਾਜ਼ੀ ਪਿੱਛੋਂ ਇਹਨਾਂ ਹਿੰਦੀਆਂ ਨੂੰ ਕੇਵਲ ਵਾਪਸੀ ਸਫ਼ਰ ਦਾ ਰਾਸ਼ਨ-ਪਾਣੀ ਦੇਕੇ ਵਾਪਸ ਭੇਜ ਦਿੱਤਾ ਗਿਆ। ਵਾਪਸੀ ਸਫ਼ਰ ਦੌਰਾਨ ਵੀ ਇਹ ਸਾਰੇ ਮੁਸਾਫ਼ਿਰ 'ਨਜ਼ਰਬੰਦ' ਹੀ ਰੱਖੇ ਗਏ। ਐਨ ਉਸ ਮੌਕੇ ਵੱਡੀ ਜੰਗ (ਸੰਸਾਰ ਦੀ ਪਹਿਲੀ ਜੰਗ) ਛਿੜ ਜਾਣ ਦੀ ਆੜ ਵਿਚ 'ਕਾਲਾ ਕਾਨੂੰਨ' ਜਾਰੀ ਕਰਕੇ ਇਹਨਾਂ ਸਾਰਿਆਂ ਦੇ ਵਾਰੰਟ ਗ੍ਰਿਫਤਾਰੀ ਜਾਰੀ ਕਰ ਦਿੱਤੇ। ਕਲਕੱਤਾ ਦੇ ਬੱਜ-ਬੱਜ ਘਾਟ ਤੇ ਇਹਨਾਂ ਨੂੰ ਬਿਨਾ ਕਾਰਨ ਦੱਸੇ ਗ੍ਰਿਫਤਾਰ ਕਰਕੇ ਨਜ਼ਰ ਬੰਦ ਕਰਨ ਦਾ ਜਤਨ ਕੀਤਾ ਗਿਆ ਤੇ ਮੁਸਾਫ਼ਿਰਾਂ ਦੇ ਨਾਬਰ ਹੋ ਜਾਣ ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਜਿਸ ਨਾਲ ੧੯ ਮੁਸਾਫ਼ਿਰ ਸ਼ਹੀਦੇ ਤੇ ਕਈ ਜ਼ਖਮੀ ਹੋਏ। ਇਸ ਖ਼ੂਨੀ ਸਾਕੇ ਵਿਰੁੱਧ, ਕੁੱਝ ਕੁ ਗ਼ਦਾਰਾਂ ਨੂੰ ਛੱਡ ਕੇ ਸਮੁੱਚੇ ਭਾਰਤ ਵਿੱਚ ਹਰੇਕ ਨੇ 'ਹਾਅ' ਦਾ ਨਾਅਰਾ ਮਾਰਿਆ, ਜਿਸ ਵਿੱਚ ਅਖਬਾਰਾਂ (press) ਨੇ ਵੀ ਮੁੱਖ ਭੂਮਿਕਾ ਨਿਭਾਈ।



Namdhari Elibrary NamdhariElibrary@gmail.com

# ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਇਤਿਹਾਸ ਦਾ ਭੰਡਾਰ

*—ਡਾ. ਕਿਰਪਾਲ ਚੰਡੀਗੜ੍ਹ*

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨਾਂ ਕੇਵਲ ਉਸ ਜ਼ਮਾਨੇ ਦੇ ਧਾਰਮਿਕ, ਸਮਾਜਕ, ਰਾਜਨੀਤਕ ਤੇ ਆਰਥਕ ਜੀਵਨ ਦਾ ਪਤਾ ਲੱਗਦਾ ਹੈ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਇਤਿਹਾਸ ਦਾ ਬਹੁ-ਮੁੱਲਾ ਖਜ਼ਾਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਤੇ ਲਿਖਤ ਨਾ ਕਿਸੇ ਪਰਬਤ ਦੀ ਚੋਟੀ ਤੇ ਬੈਠ ਕੇ ਤੇ ਨਾ ਕਿਸੇ ਗੁਫਾ ਵਿਚ ਰਹਿ ਕੇ ਕੀਤੀ ਗਈ ਹੈ, ਸਗੋਂ ਵੱਖੋ-ਵੱਖਰੇ ਸ਼ਬਦ ਵੱਖ-ਵੱਖਰੇ ਸਮਿਆਂ ਤੇ ਉਚਾਰਣ ਕੀਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਰ ਸ਼ਬਦ ਆਪਣਾ ਇੱਕ ਵੱਖਰਾ ਇਤਿਹਾਸ ਰੱਖਦਾ ਹੈ ਤੇ ਸਿੱਖਾਂ ਲਈ ਉਸ ਸ਼ਬਦ ਦਾ ਹਰ ਅੱਖਰ ਇਕ ਵਿਸ਼ੇਸ਼ ਸੰਦੇਸ਼ ਦਿੰਦਾ ਹੈ ਤੇ ਵਿਸੇਸ਼ ਭਾਵ ਰੱਖਦਾ ਹੈ, ਪਰ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਕੁਝ ਕੁ ਸ਼ਬਦ ਇਸ ਪ੍ਰਕਾਰ ਦੇ ਹਨ ਜਿਹੜੇ ਕਿ ਸਿੱਧੇ ਤੌਰ 'ਤੇ ਇਹ ਦੱਸਦੇ ਹਨ ਕਿ ਉਹ ਕਿੰਨ੍ਹਾਂ ਹਾਲਾਤ ਵਿਚ ਉਚਾਰੇ ਗਏ ਜਾਂ ਦੂਜੇ ਅੱਖਰਾਂ ਵਿਚ ਉਹ ਬੀਤੇ ਹਾਲਾਤ ਤੇ ਬਹੁਤ ਸਾਰਾ ਚਾਨਣਾ ਪਾਉਂਦੇ ਹਨ। ਕਈਆਂ ਥਾਵਾਂ ਤੇ ਉਹ ਹਾਲਾਤ ਉਸ ਜ਼ਮਾਨੇ ਦਾ ਸਮਕਾਲੀ ਬਣ ਜਾਂਦਾ ਹੈ ਤੇ ਉਹ ਸ਼ਬਦ ਸਿੱਖ ਇਤਿਹਾਸ ਲਈ ਇਕ ਬਹੁ-ਮੁੱਲੇ ਭੰਡਾਰ ਤੋਂ ਘੱਟ ਨਹੀਂ। ਜਿਸ ਤਰ੍ਹਾਂ ਕਿ ਸੱਤੇ ਬਲਵੰਡ ਦੀ ਵਾਰ ਵਿਚ ਬਲਵੰਡ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਘਰੋਂ ਮਾਤਾ ਖੀਵੀ ਜੀ ਬਾਬਤ ਇਉਂ ਲਿਖਦਾ ਹੈ—

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥ (ਪੰਨਾ ੯੬੭)**

ਮਾਤਾ ਖੀਵੀ ਜੀ ਬਾਬਤ ਹੋਰ ਕਿਸੇ ਥਾਂ ਤੋਂ ਵੀ ਕੋਈ ਗੱਲ ਲਿਖਤ ਵਿਚ ਨਹੀਂ ਮਿਲਦੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਾਈ ਲਹਿਣੇ ਨੂੰ ਗੁਰਿਆਈ ਦੇਣਾ ਤੇ ਭਾਈ ਲਹਿਣੇ ਦਾ ਖਡੂਰ ਸਾਹਿਬ ਚਲੇ ਜਾਣਾ ਇਉਂ ਅੰਕਤ ਕੀਤਾ ਹੈ—

**ਲਹਿਣੇ ਧਰਿਓਨੁ ਛਤੁ ਸਿਰਿ ਕਰਿ ਸਿਫਤਿ ਅੰਮ੍ਰਿਤੁ ਪੀਵਦੈ॥ (ਪੰਨਾ ੯੬੬)**

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਬਾਰੇ ਇਉਂ ਲਿਖਿਆ ਹੈ—

**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ (ਪੰਨਾ ੯੬੭)**

ਦੁਨੀਆਂ ਤੇ ਜਿੰਨੇ ਵੀ ਅਵਤਾਰ ਤੇ ਪੈਗੰਬਰ ਹੋਏ ਹਨ ਉਨ੍ਹਾਂ ਨਾਲ ਸ਼ੁਰੂ-ਸ਼ੁਰੂ ਵਿਚ ਦੁਨੀਆਂ ਵਲੋਂ ਕੋਈ ਚੰਗਾ ਸਲੂਕ ਨਹੀਂ ਕੀਤਾ ਗਿਆ। ਈਸਾ ਨੂੰ ਸੂਲੀ ਤੇ ਟੰਗਿਆ ਗਿਆ। ਇਸ ਪ੍ਰਕਾਰ ਦਾ ਵਰਤਾਓ ਹਰ ਮੁਲਕ ਤੇ ਪੈਗੰਬਰ ਨਾਲ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਈਆਂ ਲੋਕਾਂ ਨੇ 'ਭੂਤਨਾ ਕਿਹਾ-ਜਿਸ ਤਰ੍ਹਾਂ ਕਿ ਗੁਰੂ ਜੀ ਲਿਖਦੇ ਹਨ—

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ॥੧॥ (ਪੰਨਾ ੯੯੧)**

ਸ੍ਰੀ ਗੁਰੂ ਗ੍ਰੰਥ ਸਾਹਿਬ ਚਿ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਗੁਰਿਆਈ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਤਕ ਪਹੁੰਚੀ—

**ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥**
**ਲਹਣੈ ਪੰਥੁ ਧਰਮ ਕਾ ਕੀਆ॥ ਅਮਰਦਾਸ ਭਲੇ ਕਉ ਦੀਆ॥**
**ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪਉ॥ (ਪੰਨਾ ੧੪੦੧)**

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖੀ ਪ੍ਰਚਾਰ ਕਰਨ ਲਈ ਵੱਖੋ-ਵੱਖਰੇ ਤੀਰਥਾਂ ਦੀ ਯਾਤਰਾ ਕੀਤੀ ਤੇ ਗੁਰੂ ਜੀ ਕੋਲੋਂ ਜ਼ਕਾਤੀਆਂ ਨੇ ਕੋਈ ਟੈਕਸ ਨਾ ਲੀਤਾ। ਉਸ ਜ਼ਮਾਨੇ ਯਾਤਰੂਆਂ ਕੋਲੋਂ ਟੈਕਸ ਲੀਤਾ ਜਾਂਦਾ ਸੀ, ਪਰ ਗੁਰੂ ਜੀ ਤੇ ਉਨ੍ਹਾਂ ਦੀ ਸੰਗਤ ਕੋਲੋਂ ਕੁਝ ਨਾ ਲਿਆ ਗਿਆ। ਉਸ ਸਮੇਂ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਸ੍ਰੀ ਗੁਰੂ ਅਮਰਦਾਸ ਜੀ ਨਾਲ ਸਨ। ਉਨ੍ਹਾਂ ਨੇ ਸਾਰੀ ਯਾਤਰਾ ਦਾ ਜ਼ਿਕਰ ਰਾਗ ਤੁਖਾਰੀ ਦੇ ਇਕ ਸ਼ਬਦ ਵਿਚ ਅੰਕਤ ਕੀਤਾ ਹੈ ਜਿਸ ਦੀਆਂ ਕਝ ਤੁੱਕਾਂ ਇਹ ਹਨ—

**ਤੀਰਥ ਉਦਮੁ ਸਤਿਗੁਰੂ ਕੀਆ ਸ ਭਲੋਕ ਉਧਰਣ ਅਰਥਾ॥**
**ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗ ਸਿਖਾ॥੧॥**
**ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ। (ਪੰਨਾ ੧੧੧੬)**

ਬਾਬਾ ਸੁੰਦਰ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਪੋਤਰੇ ਸਨ ਤੇ ਉਨ੍ਹਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਦਾ ਹਾਲ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੱਦੀ ਦੇਣ ਦਾ ਹਾਲ ਵਰਣਨ ਕੀਤਾ ਹੈ, ਜਿਹੜਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਸਦੁ ਵਿਚ ਹੈ—

**ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਨੁ ਜੀਉ॥**



Namdhari Elibrary NamdhariElibrary@gmail.com

ਸਤਿਗੁਰ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥
ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥ (ਪੰਨਾ ੯੨੩)

ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਸਾਹਿਬਜ਼ਾਦੇ ਸਨ। ਪ੍ਰਿਥੀਚੰਦ, ਮਹਾਂਦੇਵ ਤੇ ਗੁਰੂ ਅਰਜਨ। ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਿਆਈ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ। ਉਨ੍ਹਾਂ ਦਾ ਵੱਡਾ ਸਾਹਿਬਜ਼ਾਦਾ ਪ੍ਰਿਥੀਚੰਦ ਉਸ ਵੇਲੇ ਸ੍ਰੀ ਗੁਰੂ ਰਾਮਦਾਸ ਜੀ ਨਾਲ ਝਗੜਨ ਲਗ ਪਿਆ। ਉਸ ਸਮੇਂ ਗੁਰੂ ਜੀ ਨੇ ਇਹ ਨਿਮਨਲਿਖਿਤ ਸ਼ਬਦ ਉਚਾਰਿਆ—

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਸ ਸਿਉ ਝਗਰਤ ਪਾਪ ॥੧॥ ਰਹਾਉ॥ (ਪੰਨਾ ੧੨੦੦)

ਬਾਬਾ ਪ੍ਰਿਥੀਚੰਦ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਦੀ ਗੱਲ ਨਾ ਮੰਨੀ ਤੇ ਉਹ ਸਦਾ ਹੀ ਆਪਣੇ ਛੋਟੇ ਭਰਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁਧ ਸਾਜ਼ਸ਼ਾਂ ਕਰਦੇ ਰਹੇ। ਇਕ ਵਾਰੀ ਉਨ੍ਹਾਂ ਨੇ ਮੁਗਲ ਫੌਜ ਦੇ ਇਕ ਛੋਟੇ ਜਿਹੇ ਅਫਸਰ ਸੁਲਹੀ ਖਾਂ ਨਾਲ ਮਿਲਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਹਮਲਾ ਕਰਵਾ ਦਿੱਤਾ ਪਰ ਸੁਲਹੀ ਖਾਂ ਰਾਹ ਵਿਚ ਹੀ ਇਕ ਭੱਠੇ ਵਿਚ ਡਿੱਗ ਪਿਆ ਤੇ ਮਰ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦੇ ਸ਼ੁਕਰ ਵਿਚ ਨਿਮਨਲਿਖਤ ਸ਼ਬਦ ਉਚਾਰਿਆ—

ਸੁਲਹੀ ਤੇ ਨਾਰਾਇਣ ਰਾਖੁ॥
ਸੁਲਹੀ ਕਾ ਹਾਥੁ ਕਹੀ ਨ ਪਹੁੰਚੈ ਸੁਲਹੀ ਹੋਇ ਮੂਆ ਨਾਪਾਕੁ॥੧॥ ਰਹਾਉ॥ (ਪੰਨਾ ੮੨੫)

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਜਨਮ ਹੋਇਆ ਤੇ ਗੁਰੂ ਜੀ ਨੇ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਨਿਮਨਲਿਖਤ ਸ਼ਬਦ ਲਿਖਿਆ—

ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥
ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ ਰਹਾਉ॥ (ਪੰਨਾ ੩੯੬)

# ਪੁਸਤਕ 'ਸੁੱਚੇ ਮੋਤੀ 'ਤੇ ਕਾਵਿ ਗੋਸ਼ਟੀ

੭ ਅਗਸਤ ੨੦੧੧ ਨੂੰ ਸੰਤ ਨਾਮਦੇਵ ਫੈਡਰੇਸ਼ਨ ਪੰਜਾਬ ਵੱਲੋਂ ਸਵ. ਰਣਜੀਤ ਸਿੰਘ ਖੜਗ ਦੀ ਕਾਵਿ ਪੁਸਤਕ 'ਸੁੱਚੇ ਮੋਤੀ 'ਤੇ ਇਕ ਗੋਸ਼ਟੀ ਸੰਤ ਨਾਮਦੇਵ ਭਵਨ ਜਲੰਧਰ 'ਚ ਕਰਵਾਈ ਗਈ। ਇਸ ਗੋਸ਼ਟੀ ਦੇ ਪ੍ਰਧਾਨਗੀ ਮੰਡਲ 'ਚ ਸਰਵ ਸ੍ਰੀ ਪ੍ਰੋ. ਪਿਆਰਾ ਸਿੰਘ ਭੋਗਲ, ਜਗਦੀਸ਼ ਸਿੰਘ ਵਰਿਆਮ, ਬੇਅੰਤ ਸਿੰਘ ਸਰਹੱਦੀ ਅਤੇ ਖੜਗ ਜੀ ਦੇ ਸਪੁੱਤਰ ਇੰਜ. ਕਰਮਜੀਤ ਸਿੰਘ ਤੋਂ ਇਲਾਵਾ ਸ੍ਰੀ ਮਨੋਹਰ ਲਾਲ ਅਤੇ ਗੁਰਬਚਨ ਸਿੰਘ ਰਖਰਾ ਸ਼ਾਮਲ ਸਨ। ਗੋਸ਼ਟੀ ਵਿਚ ਪਹਿਲਾ ਪਰਚਾ ਡਾ. ਰਾਮ ਮੂਰਤੀ ਨੇ ਪੜ੍ਹਿਆ ਜਿਸ ਵਿਚ ਉਨ੍ਹਾਂ ਨੇ ਖੜਗ ਜੀ ਦੀ ਕਵਿਤਾ ਦੀ ਪਛਾਣ ਕਰਦਿਆਂ ਇਸਨੂੰ ਉੱਚ ਪਾਏ ਦਾ ਕਾਵਿ ਆਖਿਆ। ਉਹਨਾਂ ਇਹ ਵੀ ਕਿਹਾ ਕਿ ਖੜਗ ਜੀ ਵੱਲੋਂ ਰਚੀਆਂ ਗਈਆਂ, ਇਸ ਪੁਸਤਕ ਵਿਚ ਸ਼ਾਮਲ ਵਾਰਾਂ ਤੇ ਇਕ ਵੱਖਰਾ ਪਰਚਾ ਲਿਖਿਆ ਜਾ ਸਕਦਾ ਹੈ।

ਦੂਜਾ ਪਰਚਾ ਪ੍ਰੋ. ਅਵਤਾਰ ਜੌੜਾ ਹੁਰਾਂ ਦਾ ਲਿਖਿਆ ਹੋਇਆ ਸੀ, ਜੋ ਉਨ੍ਹਾਂ ਦੀ ਗੈਰ ਹਜ਼ੂਰੀ ਵਿੱਚ ਕੁਲਦੀਪ ਸਿੰਘ ਬੇਦੀ ਨੇ ਪੜ੍ਹਿਆ। ਪ੍ਰੋ. ਜੌੜਾ ਨੇ ਖੜਗ ਜੀ ਦੀ ਕਵਿਤਾ ਨੂੰ ਸੈਕੂਲਰ ਆਖਦਿਆਂ ਉਹਨਾਂ ਸਪਸ਼ਟ ਕੀਤਾ ਕਿ ਕਵੀ ਦੀ ਬਿਰਤੀ ਇਮਾਨਦਾਰਾਨਾ ਹੈ ਅਤੇ ਉਸਨੇ ਜਿਹੜੀ ਵੀ ਰਚਨਾ ਕੀਤੀ ਹੈ, ਉਹ ਸਮਾਜਿਕ ਕਦਰਾਂ ਕੀਮਤਾਂ ਨੂੰ ਉਚਾ ਕਰਨ ਵਾਲੀ ਹੈ। ਪ੍ਰੋ. ਪਿਆਰਾ ਸਿੰਘ ਭੋਗਲ ਨੇ ਕਿਹਾ ਕਿ ਖੜਗ ਸਿਰਫ ਇਕ ਕਵੀ ਅਤੇ ਵਾਰਤਕਕਾਰ ਹੀ ਨਹੀਂ ਸਨ ਸਗੋਂ ਉਹ ਉਚ ਕੋਟੀ ਦੇ ਆਲੋਚਕ ਵੀ ਸਨ। ਜਗਦੀਸ਼ ਸਿੰਘ ਵਰਿਆਮ ਜੀ ਨੇ ਖੜਗ ਜੀ ਦੀ ਸ਼ਖਸੀਅਤ ਦੇ ਕੁਝ ਪੱਖਾਂ ਤੇ ਰੋਸ਼ਨੀ ਪਾਈ ਹੈ ਅਤੇ ਦਸਿਆ ਕਿ ਖੜਗ ਜੀ ਉਨ੍ਹਾਂ ਵਿਅਕਤੀਆਂ 'ਚੋ ਸਨ ਜੋ ਆਪਣੇ ਆਪ ਨੂੰ ਲੋਕਾਂ 'ਚ ਉਭਾਰ ਕੇ ਨਹੀਂ ਪੇਸ਼ ਕਰਦੇ।

ਇਸ ਮੌਕੇ ਹੋਏ ਕਵੀ ਦਰਬਾਰ 'ਚ ਸਰਵ ਸ੍ਰੀ ਸੁਖਵੰਤ ਪੱਟੀ, ਰਾਜਿੰਦਰ ਪਰਦੇਸੀ, ਪ੍ਰਕਾਸ਼ ਕੌਰ ਸੰਧੂ, ਸੁਜਾਨ ਸਿੰਘ ਸੁਜਾਨ ਅਤੇ ਹੋਰ ਬਹੁਤ ਸਾਰੇ ਹਾਜ਼ਰ ਕਵੀਆਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਹੋਰਨਾਂ ਤੋਂ ਇਲਾਵਾ ਬੀਬੀ ਹਰਜਿੰਦਰ ਕੌਰ, ਸ੍ਰੀ ਐੱਲ. ਲੱਕੀ, ਮੇਜਰ ਜਗਜੀਤ ਸਿੰਘ ਰਿਸ਼ੀ, ਸ੍ਰੀਮਤੀ ਕੋਹਲੀ, ਹਰੀਸ਼ ਚਿਤਰਾ ਅਤੇ ਹੋਰ ਸੱਜਣ ਸ਼ਾਮਲ ਸਨ। ਆਏ ਮਹਿਮਾਨਾਂ ਦਾ ਸਵਾਗਤ ਸੀ. ਐਲ. ਲੱਕੀ ਨੇ ਕੀਤਾ ਅਤੇ ਧੰਨਵਾਦੀ ਸ਼ਬਦ ਸ੍ਰੀ ਮਨੋਹਰ ਲਾਲ ਨੇ ਆਖੇ। ਸਮੁੱਚੇ ਸਮਾਗਮ ਦੀ ਕਾਰਵਾਈ ਕਰਨੈਲ ਸਿੰਘ ਨਿੱਝਰ ਅਤੇ ਕੁਲਦੀਪ ਸਿੰਘ ਬੇਦੀ ਨੇ ਹੁਰਾਂ ਨੇ ਚਲਾਈ।



Namdhari Elibrary NamdhariElibrary@gmail.com

# ਗੁਰੂ ਕੇ ਲੰਗਰ ਦੀ ਭਾਵਨਾ ਨੂੰ ਪਛਾਨਣ ਦੀ ਲੋੜ

*—ਬੇਅੰਤ ਸਿੰਘ ਸਰਹਦੀ*

ਸਿੱਖ ਪੰਥ ਵਿਚ ਲੰਗਰ ਦੀ ਵਿਸ਼ੇਸ਼ ਮਹਾਨਤਾ ਹੈ। ਸਮੁੰਦਰ ਦੇ ਕੰਢੇ ਤੇ ਸਮੁੰਦਰੀ ਜਹਾਜ਼ ਖੜੇ ਕਰਕੇ ਉਨ੍ਹਾਂ ਨੂੰ ਵੱਡੇ ਵੱਡੇ ਸੰਗਲਾਂ ਨਾਲ ਬੰਨ੍ਹ ਦਿੱਤਾ ਜਾਂਦਾ ਹੈ ਤਾਂ ਜੋ ਜਹਾਜ਼ ਪਾਣੀਆਂ ਵਿਚ ਨਾ ਰੁੜ ਜਾਣ। ਸਿੱਖੀ ਨੂੰ ਵੀ ਗੁਰੂ ਕੇ ਲੰਗਰ ਦਾ ਬੜਾ ਭਾਰੀ ਆਸਰਾ ਹੈ। ਗਰੀਬ ਗੁਰਬਾ, ਰਾਹ ਮੁਸਾਫ਼ਰ ਗੁਰੂ ਘਰ 'ਚੋਂ ਲੰਗਰ ਛਕਦਾ ਹੈ ਤਾਂ ਸਿੱਖੀ ਦੀ ਮਾਣ ਮਰਯਾਦਾ ਵਿਚ ਬਹੁਤ ਵਾਧਾ ਹੁੰਦਾ ਹੈ। ਪ੍ਰਥਮੇ ਗੁਰੂ ਨਾਨਕ ਦੇਵ ਜੀ ਨੇ ਭੁੱਖੇ ਸਾਧਾਂ ਨੂੰ ਲੰਗਰ ਛਕਾ ਕੇ ਇਸ ਰਵਾਇਤੀ ਦਾ ਮੁਢ ਬੰਨ੍ਹਿਆ। ਗੁਰੂ ਅੰਗਦ ਜੀ ਵੇਲੇ ਮਾਤਾ ਖੀਵੀ ਜੀ (ਗੁਰੂ ਜੀ ਦੇ ਮਹਿਲ) ਖ਼ੁਦ ਲੰਗਰ ਦੀ ਸੇਵਾ ਕਰਦੇ ਸਨ। ਤੀਸਰੇ ਪਾਤਸ਼ਾਹ ਜੀ ਨੇ ਤਾਂ ਹੁਕਮ ਕਰ ਦਿੱਤਾ ਸੀ ਕਿ ਪਹਿਲੇ ਪੰਗਤ-ਪਾਛੇ ਸੰਗਤ।

ਇਹ ਵਡਿਆਈ ਹੈ। ਗੁਰੂ ਘਰ ਦੀ ਅਤੇ ਗੁਰੂ ਕੇ ਲੰਗਰ ਦੀ ਸੀ। ਸ੍ਰੀ ਅੰਮ੍ਰਿਤਸਰ ਸਾਹਿਬ, ਹਜ਼ੂਰ ਸਾਹਿਬ ਤੇ ਹੋਰ ਮੁਖ ਗੁਰੂ ਘਰਾਂ ਵਿਚ ਲੰਗਰ ਚਲਦਾ ਹੈ ਜਿਥੇ ਯਾਤਰਾ ਕਰਨ ਵਾਲੀ ਸੰਗਤ ਲੰਗਰ ਛਕਦੀ ਹੈ। ਆਮ ਸ਼ਹਿਰਾਂ, ਕਸਬਿਆਂ ਵਿਚ ਗੁਰਪੁਰਬਾਂ ਦੇ ਮੌਕੇ ਤੇ ਲੰਗਰ ਲਗਦੇ ਹਨ। ਸੰਗਤਾਂ, ਖ਼ਾਸ ਕਰਕੇ ਬੀਬੀਆਂ ਦੀ ਸੰਗਤ ਲੰਗਰ ਪਕਾਉਣ ਦੀ ਸੇਵਾ ਕਰਦੀ ਅਤੇ ਭੋਗ ਤੋਂ ਬਾਅਦ ਸਭ ਮਿਲ ਕੇ ਲੰਗਰ ਛਕਦੇ। ਜਿਉਂ ਜਿਉਂ ਮਾਇਆ ਦਾ ਵਰਤਾਰਾ ਵਧਦਾ ਗਿਆ, ਸਿੱਖਾਂ ਵਿਚੋਂ ਹੱਥੀਂ ਸੇਵਾ ਕਰਨ ਦਾ ਜਜ਼ਬਾ ਘਟਦਾ ਗਿਆ। ਹੁਣ ਗੁਰਪੁਰਬਾਂ ਤੇ ਦਿਹਾੜੀਦਾਰ ਬੀਬੀਆਂ ਤੇ ਹਲਵਾਈ ਲੰਗਰ ਤਿਆਰ ਕਰਦੇ ਨੇ ਤੇ ਸੰਗਤਾਂ ਛਕਦੀਆਂ ਹਨ। ਇਹਦਾ ਅਸਰ ਇਹ ਹੋਇਆ ਕਿ ਸੰਗਤਾਂ ਵਿਚ ਸੇਵਾ ਕਰਨ ਦਾ ਜਜ਼ਬਾ ਤਾਂ ਘਟਿਆ ਹੀ ਹੈ, ਕੀਰਤਨ ਕਥਾ ਸੁਣਨ ਦਾ ਉਤਸ਼ਾਹ ਵੀ ਜਾਂਦਾ ਰਿਹਾ ਹੈ। ਗੁਰਪੁਰਬ ਹੋਵੇ ਜਾਂ ਕੀਰਤਨ ਦਰਬਾਰ, ਜੇ ੧ ਵਜੇ ਦੁਪਹਿਰ ਨੂੰ ਸਮਾਪਤੀ ਹੋਣੀ ਹੁੰਦੀ ਹੈ ਤਾਂ ੧੨-੩੦ ਵਜੇ ਤਕ ਗੁਰੂ ਘਰ ਖ਼ਾਲੀ ਹੁੰਦੇ ਹਨ ਤੇ ਫਿਰ ਅਖ਼ੀਰਲੇ ਅੱਧ ਘੰਟੇ ਵਿਚ ਪੰਡਾਲ ਭਰ ਜਾਂਦੇ ਹਨ। ਸ਼ਬਦ ਦੇ ਲੰਗਰ ਦਾ ਕੋਈ ਕੋਈ ਹੀ ਉਪਾਸ਼ਕ ਲਭਦਾ ਹੈ। ਲੰਗਰ ਛਕਣ ਵੇਲੇ ਖ਼ੂਬ ਰੌਣਕਾਂ ਲਗ ਜਾਂਦੀਆਂ ਹਨ।

ਹਰੀਪੁਰ ਆਦਮਪੁਰ ਦੇ ਪ੍ਰਸਿੱਧ ਸਮਾਜਕ ਆਗੂ ਗਿ. ਸੁਖਦੇਵ ਸਿੰਘ ਦਿਉਲ ਨੇ ਇਸ ਵਿਸ਼ੇ ਤੇ ਗਲ ਕਰਦਿਆਂ ਲੇਖਕ ਨੂੰ ਦੱਸਿਆ ਕਿ ਪਿੰਡ ਦੇ ਕੁਝ ਨੌਜੁਆਨ ਹੋਲੇ ਮਹੱਲੇ ਤੇ ਸ੍ਰੀ ਆਨੰਦਪੁਰ ਸਾਹਿਬ ਗਏ। ਵਾਪਸੀ ਤੇ ਕਹਿਣ ਲੱਗੇ, ਦਿਓਲ ਜੀ, ਅਨੰਦਪੁਰ ਸਾਹਿਬ, ਲੰਗਰਾਂ ਦੀ ਕਿਤੇ ਕੋਈ ਗੱਲ ਸੀ, ਜਲੇਬੀਆਂ ਦੇ ਲੰਗਰ, ਲੱਡੂਆਂ ਦੇ ਲੰਗਰ, ਤਰ੍ਹਾਂ ਤਰ੍ਹਾਂ ਦੇ ਲੰਗਰਾਂ ਦਾ ਮਾਨੋ ਹੜ੍ਹ ਆਇਆ ਹੋਇਆ ਸੀ। ਦਿਉਲ ਜੀ ਕਹਿਣ ਲੱਗੇ ਕਿ ਇਹ ਕਿਸੇ ਨਹੀਂ ਦੱਸਿਆ ਕਿ ਉਥੇ ਢਾਡੀ ਕਿਹੜੇ-ਕਿਹੜੇ ਆਏ ਹੋਏ ਸੀ ਜਾਂ ਧਾਰਮਿਕ ਹਸਤੀਆਂ ਕਿਹੜੀਆਂ ਆਈਆਂ। ਬੱਸ ਲੰਗਰਾਂ ਦੀ ਚਰਚਾ ਕਰਦੇ ਰਹੇ।

ਜਲੰਧਰ ਸ਼ਹਿਰ ਵਿਚ ਧਾਰਮਿਕ ਪ੍ਰੋਗਰਾਮ ਚਲਦੇ ਹੀ ਰਹਿੰਦੇ ਹਨ ਤੇ ਸੰਗਤਾਂ ਨੂੰ ਯਕੀਨ ਹੁੰਦਾ ਹੈ ਕਿ ਉਥੇ ਲੰਗਰ ਹੋਵੇਗਾ ਹੀ ਹੋਵੇਗਾ। ਇਹ ਦੇਖ ਕੇ ਨਿਰਾਸ਼ਾ ਹੁੰਦੀ ਹੈ ਕਿ ਪੰਡਾਲ ਵਿਚ ਤਾਂ ੧੦੦-੧੫੦ ਸੰਗਤ ਬੈਠੀ ਹੁੰਦੀ ਹੈ ਪਰ ਲੰਗਰ ਵਾਲੇ ਪਾਸੇ ਭੀੜਾਂ ਦੀਆਂ ਭੀੜਾਂ ਹੁੰਦੀਆਂ ਹਨ। ਸਾਡੇ ਗੁਰਪੁਰਬ ਜਾਂ ਕੀਰਤਨ ਦਰਬਾਰ ਲੰਗਰ ਅਤੇ ਹੋਰ ਸੁਆਦਲੀਆਂ ਚੀਜ਼ਾਂ ਖਾਣ ਦਾ ਇਕੱਠ ਬਣ ਰਹੇ ਹਨ। ਸਾਡੀ ਅਪੀਲ ਹੈ ਕਿ ਗੁਰੂ ਸੰਗਤ ਵਿਚ ਸ਼ਬਦ ਦਾ ਲੰਗਰ ਛੂੰਚਣ ਦੀ ਭਾਵਨਾ ਪੈਦਾ ਕੀਤੀ ਜਾਵੇ।

ਜੂਨ ਮਹੀਨੇ ਵਿਚ ਪੰਚਮ ਪਾਤਸ਼ਾਹ ਦਾ ਸ਼ਹੀਦੀ ਪੁਰਬ ਸੀ। ਸ਼ਹਿਰ ਦੇ ਕਈ ਗੁਰਦੁਆਰਿਆਂ ਵਿਚ ਬੀਬੀਆਂ ਨੇ ਸੁਖਮਨੀ ਸਾਹਿਬ ਦੇ ਪਾਠਾਂ ਦੇ ਪ੍ਰੋਗਰਾਮ ਰਖੇ। ਸਾਨੂੰ ਇਕ ਸੱਜਣ ਦਾ ਫ਼ੋਨ ਆਇਆ ਕਿ "ਸਰਹੱਦੀ ਜੀ, ਬੀਬੀਆਂ ਪਹਿਲਾਂ ਤਾਂ ਸ਼ਹੀਦੀ ਪੁਰਬ ਦਾ ਦੀਵਾਨ ਲਗਾਉਂਦੀਆਂ ਹਨ ਤੇ ਭੋਗ ਤੋਂ ਬਾਅਦ ਉਥੇ ਕਿੱਟੀ ਪਾਰਟੀ ਦਾ ਨਜ਼ਾਰਾ ਦੇਖਣ ਨੂੰ ਮਿਲਦਾ ਹੈ। ਸਮੋਸੇ, ਜਲੇਬੀਆਂ, ਬਰਫ਼ੀਆਂ ਸਹਿਤ ਚਾਹ ਪਾਰਟੀਆਂ ਹੁੰਦੀਆਂ ਹਨ। ਕੀ ਇਸ ਤਰ੍ਹਾਂ ਸ਼ਹੀਦੀ ਗੁਰਪੁਰਬ ਮਨਾਉਣਾ ਜਾਇਜ਼ ਹੈ ?"

ਸਾਡੀ ਅਪੀਲ ਹੈ ਕਿ ਧਾਰਮਿਕ ਦੀਵਾਨ ਸਜਾਏ ਜਾਣ। ਸ਼ਬਦ ਦਾ ਲੰਗਰ ਛੂੰਚਣ ਵਾਲੇ ਭੌਰੇ ਗੁਰਸਿੱਖ ਆ ਜਾਣਗੇ।

—ਬੇਅੰਤ ਸਿੰਘ ਸਰਹੱਦੀ

ਸਪਤਾਹਿਕ ਸਿਮਰਨ 'ਚੋਂ ਧੰਨਵਾਦ ਸਹਿਤ।

*ਰੇਡੀਓ ਵਾਰਤਾ*

## ਕੂਕਾ ਲਹਿਰ ਦਾ ਦੇਸ਼ ਦੀ ਆਜ਼ਾਦੀ ਵਿਚ ਯੋਗਦਾਨ

ਜਲੰਧਰ ਰੇਡੀਓ ਤੋਂ ਰੂਪਕ/ਵਾਰਤਾ ੧੨ ਸਤੰਬਰ ੨੦੧੧ ਸੋਮਵਾਰ ਰਾਤ ੯-੩੦ ਵਜੇ ਪ੍ਰਸਾਰਿਤ ਹੋ ਰਿਹਾ ਹੈ।

ਆਕਾਸ਼ਵਾਣੀ ਜਲੰਧਰ ਮੀਡੀਅਮ ਵੇਵ ੩੪੩.੬ ੮੭੩ Khz ਤੇ ਸੁਣਿਆ ਜਾ ਸਕੇਗਾ।



Namdhari Elibrary NamdhariElibrary@gmail.com

# "ਤੀਆਂ ਸਾਉਣ ਦੀਆਂ ਭਾਦੋਂ ਦੇ ਮੁਕਲਾਵੇ"

*—ਬਚਿੰਤ ਕੌਰ*

ਨੀ ਮੈਂ ਆਵਾਂ.... ਆਵਾਂ.... ਆਵਾਂ
ਨੀ ਮੈਂ ਨੱਚਦੀ ਗਿੱਧੇ ਵਿਚ ਆਵਾਂ
ਨੀ ਮੈਂ ਚੰਨ ਤੇ ਪੀਘਾਂ ਪਾਵਾਂ
ਮੇਰੀ ਨੱਚਦੀ ਦੀ ਝਾਂਜਰ ਛਣਕੇ ਨੀ
ਅੱਜ ਨੱਚਲੈ ਗਿੱਧੇ 'ਚ
ਮੇਰੀ ਬਾਂਹ ਫੜ ਕੇ....।

ਸਹੀ ਤੌਰ 'ਤੇ ਮੈਂ ਨਹੀਂ ਜਾਣਦੀ ਕਿ 'ਤੀਆਂ' ਦੇ ਤਿਉਹਾਰ ਦਾ ਇਤਿਹਾਸ ਕੀ ਹੈ? ਤੀਆਂ ਸੌਣ ਮਹੀਨੇ ਹੀ ਕਿਉਂ ਭਰਦੀਆਂ ਹਨ ? ਪਰ ਇਉਂ ਜ਼ਰੂਰ ਲਗਦਾ ਹੈ ਕਿ ਤੀਆਂ ਸ਼ਬਦ ਕਿਧਰੇ 'ਧੀਆਂ' ਨਾਲ ਜ਼ਰੂਰ ਜੁੜਿਆ ਹੋਇਆ ਹੈ।

ਤਿੰਨ ਕੁ ਵਰ੍ਹੇ ਪਹਿਲਾਂ ਅਮਰੀਕਾ ਦੇ 'ਫਰੀਜਨੋ' ਸ਼ਹਿਰ ਵਿਚ ਗੁੱਡੀ ਸਿਧੂ ਨੇ ਮੈਨੂੰ ਅੱਠ ਅਗਸਤ ਨੂੰ ਫਰੀਜਨੋ ਵਿਚ ਤੀਆਂ ਦੇ ਤਿਉਹਾਰ ਉਤੇ 'ਚੀਫ-ਗੈਸਟ' ਲਈ ਸੱਦਾ-ਪੱਤਰ ਭੇਜਿਆ। ਜੋ ਮੈਂ ਖੁਸ਼ੀ-ਖੁਸ਼ੀ ਪਰਵਾਨ ਕਰ ਲਿਆ। ਪਰ ਏਸ ਨੂੰ ਪੜ੍ਹਦਿਆਂ ਹੀ ਮੈਨੂੰ ਆਪਣੇ ਬਚਪਨ ਦੇ ਉਹ ਦਿਨ ਚੇਤੇ ਆ ਗਏ ਜਦੋਂ ਮੈਂ ਪੂਰੇ ਦੇ ਪੂਰੇ ਪੰਦਰਾਂ ਦਿਨ ਬਿਨਾ ਨਾਗਾ ਕੀਤਿਆਂ 'ਤੀਆਂ' ਦਾ ਗਿੱਧਾ ਦੇਖਣ ਪਟਿਆਲੇ 'ਬਾਬੇ ਧਿਆਨੇ ਦੇ ਟੋਭੇ' ਜਾਂਦੀ ਹੁੰਦੀ ਸੀ। ਉਦੋਂ ਤੀਆਂ ਆਥਣੇ ਚਾਰ ਕੁ ਵਜੇ ਲਗਦੀਆਂ ਅਤੇ ਸ਼ਾਮੀ ਸੱਤ-ਅੱਠ ਵਜੇ ਹਨ੍ਹੇਰਾ ਪੈਣ ਤਕ ਭਰਦੀਆਂ ਰਹਿੰਦੀਆਂ।

'ਬਾਬੇ ਧਿਆਨੇ ਦੇ ਟੋਭੇ' (ਜਗ੍ਹਾ ਦਾ ਨਾਉਂ) ਤੀਆਂ ਉਸ ਸਮੇਂ ਇਕ ਵੱਡੇ ਸਾਰੇ ਸੰਘਣੀ ਛਾਂ ਵਾਲੇ ਬਰੋਟੇ ਹੇਠਾਂ ਲਾਈਆਂ ਜਾਂਦੀਆਂ ਸਨ। ਇਕ ਥੜ੍ਹੇ ਨੁਮਾ ਉੱਚੀ ਥਾਂ ਉਤੇ ਬੈਠ ਕੇ ਡੂੰਮਣੀ ਜਿਉਂ ਢੋਲਕੀ ਬਜਾਉਣੀ ਸ਼ੁਰੂ ਕਰਦੀ, ਮਜਾਲ ਐ ਕਿ ਬਿੰਦ ਭਰ ਲਈ ਵੀ ਢੋਲਕੀ ਉਤੋਂ ਹੱਥ ਪਰ੍ਹਾਂ ਕਰਦੀ....। ਧੰਨ ਸਨ ਉਸ ਦੀਆਂ ਬਾਹਾਂ ਅਤੇ ਧੰਨ ਸੀ ਉਸਦਾ ਗਲਾ ਜਿਸ ਵਿਚੋਂ ਉਹ ਇਕ ਤੋਂ ਇਕ ਸੁਰੀਲੇ ਗੀਤ ਗਾਉਂਦੀ ਨਾ ਥੱਕਦੀ :

ਹਾਏ ਅੱਖ ਮਸਤਾਨੀ ਵਾਲਿਆ
ਦਿਲ ਦਾ ਲਗਾਉਣਾ ਚੰਗੀ ਗੱਲ ਨੀ
ਹਾਏ, ਦਿਲ ਤੜਪਾਉਣਾ ਚੰਗੀ ਗੱਲ ਨੀ...।

ਨਵੀਆਂ ਵਿਆਹੀਆਂ ਮੁਟਿਆਰਾਂ ਛੱਲੇ ਛਾਪਾਂ, ਹਮੇਲਾਂ ਬੁੱਗਤੀਆਂ, ਲੰਬੇ-ਲੰਬੇ ਝੁਮਕਿਆਂ, ਕਾਂਟੇ ਟੋਪਸਾਂ ਆਦਿ ਗਹਿਣਿਆਂ ਨਾਲ ਲੱਦੀਆਂ ਗਿੱਧੇ ਵਿਚ ਬਣ-ਠਣ ਕੇ, ਪੂਰੇ ਸੋਲ੍ਹਾਂ ਸ਼ਿੰਗਾਰ ਕਰਕੇ ਆਉਂਦੀਆਂ, ਖਾਸ ਕਰਕੇ ਲੰਬੀਆਂ ਤੇ ਰੇਸ਼ਮੀ ਪਰਾਂਦੀਆਂ ਨੱਚਣ ਸਮੇਂ ਉਨ੍ਹਾਂ ਦੀਆਂ ਪਿੱਠਾਂ ਦਾ ਸ਼ਿੰਗਾਰ ਹੁੰਦੀਆਂ....।



ਮੇਰੀ ਵੱਡੀ ਭੈਣ ਜਸਵੰਤ ਦਾ ਅਜੇ ਮੁਕਲਾਵਾ ਨਹੀਂ ਸੀ ਤੋਰਿਆ। ਇਸੇ ਲਈ ਉਸ ਦੇ ਸਹੁਰੇ ਪਿੰਡੋਂ ਉਸ ਦੀ ਜਠਾਣੀ ਅਤੇ ਨਣਦ ਲਗਾਤਾਰ ਤਿੰਨ ਵਾਰੀ ਉਸ ਨੂੰ ਤੀਆਂ ਦੇ ਤਿਉਹਾਰ ਦਾ ਸੰਧਾਰਾ ਦੇਣ ਆਉਂਦੀਆਂ ਰਹੀਆਂ। ਸੰਧਾਰੇ ਵਿਚ ਬਾਕੀ ਚੀਜ਼ਾਂ ਤੋਂ ਇਲਾਵਾ ਰੰਗੀਲੀ ਪੀਘ (ਰੱਸਾ) ਅਤੇ ਲੱਕੜੀ ਦੀ ਫੱਟੀ, ਆਈ ਵਾਰੀ ਜ਼ਰੂਰ ਉਹ ਲੈ ਕੇ ਆਉਂਦੀਆਂ। ਮੇਰੀ ਭੈਣ ਦੇ ਝੂਟਣ ਲਈ। ਵੈਸੇ ਸਾਡੇ ਵਿਹੜੇ ਵਿਚ ਲੱਗੇ ਨਿੰਮ ਦੇ ਟਾਹਣੇ ਵੀ ਬਹੁਤ ਲੰਬੇ ਲੰਬੇ ਸਨ। ਜਿਨ੍ਹਾਂ ਉਤੇ ਪੀਘਾਂ ਪਾਕੇ ਮੈਂ ਅਤੇ ਮੇਰੀ ਭੈਣ ਕਈ-ਕਈ ਮਹੀਨੇ ਤੀਆਂ ਤੋਂ ਪਿਛੋਂ ਵੀ ਝੂਟਦੀਆਂ ਰਹਿੰਦੀਆਂ।

ਭੈਣ ਜਦੋਂ ਤੀਆਂ ਵਿਚ ਜਾਣ ਲਈ ਤਿਆਰ ਹੁੰਦੀ ਤਾਂ ਘੰਟਾ-ਡੂਢ-ਘੰਟਾ ਤਾਂ ਤਿਆਰ ਹੋਣ ਵਿਚ ਜ਼ਰੂਰ ਲਾਉਂਦੀ। ਸੰਧਾਰੇ ਵਿਚ ਆਇਆ ਸੁਨਿਹਰੀ ਪੱਟੀ ਵਾਲਾ ਸੂਟ ਉਸ ਨੂੰ ਬਹੁਤ ਪਸੰਦ ਸੀ। ਨਾਲ ਲਾਲ ਰੰਗ ਦੇ ਉੱਚੀ ਅੱਡੀ ਦੇ ਸੈਂਡਲ ਉਹ ਪਾਉਂਦੀ ਤੇ ਆਪਣੇ ਲੰਬੇ ਘਣੇ ਵਾਲਾਂ ਵਿਚ ਮੋਤੀਆਂ ਦੀਆਂ ਤਿੰਨ ਲੜੀਆਂ ਵਾਲੀ ਪਰਾਂਦੀ ਨੂੰ ਗੁੰਦ ਕੇ ਸ਼ੀਸ਼ੇ ਮੂਹਰੇ ਖੜ੍ਹੀ ਵਾਰ-ਵਾਰ ਦੇਖਦੀ, ਕਦੇ ਗੁੱਤ ਮੂਹਰੇ ਕਰਕੇ ਕਦੇ ਪਿੱਛੇ ਸੁੱਟ ਕੇ। ਉਸ ਦੇ ਵਾਲ ਵੀ ਤਾਂ ਗਜ਼-ਗਜ਼ ਲੰਬੇ ਸਨ, ਉਤੋਂ ਵਾਲਾਂ ਵਿਚ ਲੱਗੇ ਕਲਿਪ।

ਮੈਂ ਵੀ ਆਪਣੀਆਂ ਬਾਹਾਂ ਨੂੰ ਕੱਚ ਦੀਆਂ ਰੰਗ-ਬਰੰਗੀਆਂ ਚੂੜੀਆਂ ਨਾਲ ਕੂਹਣੀਆਂ ਤਕ ਭਰ ਲੈਂਦੀ। ਮਹਿੰਦੀ ਲੱਗੇ ਹੱਥੀ, ਅਸੀਂ ਦੋਵੇਂ ਭੈਣਾਂ ਸੱਜ-ਧੱਜ ਕੇ ਤੀਆਂ ਦੇਖਣ ਜਾਂਦੀਆਂ। ਉਨ੍ਹਾਂ ਦਿਨਾਂ ਵਿਚ 'ਬਾਬੇ ਧਿਆਨੇ ਦੇ ਟੋਭੇ' ਵਿਚ ਜਿੰਨੇ ਵੀ ਦਰੱਖ਼ਤ ਨਜ਼ਰ ਆਉਂਦੇ ਸਾਰਿਆਂ ਉੱਤੇ ਮੁਟਿਆਰਾਂ ਲੰਬੀਆਂ-ਲੰਬੀਆਂ 'ਹੀਂਘਾਂ' ਲੈ ਕੇ ਪੀਘ ਝੂਟਦੀਆਂ....। ਪੀਘ ਝੂਟਦੀਆਂ ਦੇ ਰੇਸ਼ਮੀ ਗੋਟੇ ਵਾਲੇ ਝੋਨੇ, ਲੰਬੀਆਂ ਪਰਾਂਦੀਆਂ ਵਾਲੀਆਂ ਗੁੱਤਾਂ....। ਬਸ ਅਜਬ ਹੀ



Namdhari Elibrary NamdhariElibrary@gmail.com

ਨਜ਼ਾਰਾ ਹੁੰਦਾ ਸੀ।

ਮੈਨੂੰ ਤਾਂ ਕੋਈ ਮੁਟਿਆਰ ਪੀਂਘ ਦੇ ਨੇੜੇ ਨਹੀਂ ਸੀ ਢੁਕਣ ਦਿੰਦੀ, ਨਿਆਣੀ ਕਰਕੇ। ਨਾ ਹੀ ਮੈਂ ਪੂਰੀ ਤਰ੍ਹਾਂ ਗਿੱਧੇ ਵਿਚ ਨੱਚਦੀਆਂ ਜੋਬਨ ਮੱਤੀਆਂ ਮੁਟਿਆਰਾਂ ਨੂੰ ਹੀ ਦੇਖ ਸਕਦੀ ਸੀ। ਮੇਰਾ ਕੱਦ ਮਸਾਂ ਉਸ ਸਮੇਂ ਤਿੰਨ ਕੁ ਫੁੱਟ ਹੀ ਹੋਵੇਗਾ। ਅਜੇ ਮੈਂ ਸਕੂਲ ਜਾਣਾ ਸ਼ੁਰੂ ਹੀ ਕੀਤਾ ਸੀ।

ਭੈਣ ਜਸਵੰਤ ਮੈਨੂੰ ਤੀਆਂ ਦੇ ਇਸ ਮੇਲੇ ਵਿਚ ਇਕ ਚੁਆਨੀ ਖਰਚਣ ਲਈ ਦਿੰਦੀ। ਜਿਸ ਵਿਚੋਂ ਮੈਂ ਦੋ ਪੈਸੇ ਦੀਆਂ ਜਾਮਣਾਂ ਦਾ ਪੱਤਾ ਲੈਂਦੀ, ਇਕ ਆਨੇ ਦੇ ਪਾਣੀ-ਪਤਾਸੇ ਖਾਂਦੀ ਤੇ ਦੋ ਪੈਸੇ ਦੇ ਆਲੂ-ਕਚਾਲੂ ਜਿਨ੍ਹਾਂ ਵਿਚਲੀ ਇਮਲੀ ਦੀ ਤੇਜ਼ ਚਟਣੀ ਅਤੇ ਲਾਲ ਮਿਰਚਾਂ ਮੇਰਾ ਮੂੰਹ ਜਲਾ ਦਿੰਦੀਆਂ। ਫੇਰ ਮੈਂ ਭੱਜ ਕੇ ਉਸ ਮਿਠੀਆਂ ਗੋਲੀਆਂ ਵੇਚਣ ਵਾਲੇ ਬੁੱਢੇ ਜਿਹੇ ਭਾਈ ਕੋਲ ਜਾਂਦੀ ਜੋ ਆਪਣੀਆਂ ਮਿੱਠੀਆਂ ਗੋਲੀਆਂ ਵੇਚਣ ਵੇਲੇ ਹਮੇਸ਼ਾ ਇਹੀ ਆਵਾਜ਼ ਲਗਾਉਂਦਾ ਹੁੰਦਾ ਸੀ :

ਹਰੀਆਂ, ਪੀਲੀਆਂ ਤੇ ਲਾਲ ਗੋਲੀਆਂ...
ਪੈਸੇ ਦੀਆਂ ਵੇਚਦਾ ਮੈਂ ਚਾਰ ਗੋਲੀਆਂ...।

ਜਸਵੰਤ ਭੈਣ ਨਵੀਆਂ ਵਿਆਹੀਆਂ, ਮੁਕਲਾਵੇ ਜਾਣ ਵਾਲੀਆਂ ਆਪਣੀਆਂ ਸਖੀਆਂ-ਸਹੇਲੀਆਂ ਨਾਲ ਗਿੱਧੇ ਵਿਚ ਧਮਾਲਾਂ ਪਾਉਂਦੀ। ਮੈਂ ਨਿੱਕੀਆਂ-ਨਿੱਕੀਆਂ ਆਪਣੀਆਂ ਸਹੇਲੀਆਂ ਨਾਲ ਤੀਆਂ ਦੇ ਇਸ ਮੇਲੇ ਵਿਚੋਂ ਜਿਵੇਂ ਅੰਤ ਦੀ ਖੁਸ਼ੀ ਬਟੋਰਦੀ ਫਿਰਦੀ। ਮੈਨੂੰ ਯਾਦ ਹੈ ਉਸ ਸਮੇਂ ਮੇਰੇ ਨਾਲ ਤਰਖਾਣਾਂ ਦੀ ਬੰਤੀ ਅਤੇ ਛੀਬਿਆਂ ਦੀ ਅਮਰੋ ਵੀ ਹੁੰਦੀਆਂ ਸਨ।

ਅੱਜ, ਜਦੋਂ ਮੈਂ ਇਹ ਸਤਰਾਂ ਲਿਖ ਰਹੀ ਹਾਂ ਉਹ ਦਿਨ ਅਤੇ ਬਾਬੇ ਧਿਆਨੇ ਦੇ ਟੋਭੇ ਦੀਆਂ ਤੀਆਂ ਹੁਣ ਇਕ 'ਖ਼ੁਆਬ' ਬਣ ਗਈਆਂ। ਅੱਜ ਹੀ ਮੈਂ ਆਪਣੀ ਛੋਟੀ ਭੈਣ ਗੁਲਜੀਤ ਨੂੰ ਦਿਨ ਵਿਚ ਟੈਲੀਫ਼ੋਨ ਉਤੇ ਪੁੱਛਿਆ, "ਗੁੱਡੀ ਕੀ ਹੁਣ ਵੀ ਪਟਿਆਲੇ ਬਾਬੇ ਧਿਆਨੇ ਦੇ ਟੋਭੇ, ਤੀਆਂ ਭਰਦੀਆਂ ਹਨ ?" "ਕਿਥੇ ਭੈਣ ਹੁਣ ਤਾਂ ਉਥੇ ਚਾਰ-ਚਾਰ ਮੰਜ਼ਿਲਾਂ ਉੱਚੀਆਂ ਕੋਠੀਆਂ ਬਣ ਗਈਆਂ ਹਨ। ਹੁਣ ਪਟਿਆਲੇ ਵਿਚ ਮੈਨੂੰ ਲਗਦੈ ਕਿਧਰੇ ਵੀ ਤੀਆਂ ਨਹੀਂ ਲਗਦੀਆਂ। ਪਰ ਗੁੱਡੀਆ, ਅੱਜ ਕੱਲ੍ਹ ਵੱਡੇ-ਵੱਡੇ ਦੇਸ਼ਾਂ ਵਿਚ ਤੀਆਂ ਦਾ ਬਹੁਤ ਉਤਸ਼ਾਹ ਹੈ। ਜਿਹੜਾ ਵੀ ਅਖ਼ਬਾਰ ਦੇਖੋ, "ਵੈਨਕੂਵਰ ਵਿਚ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਲੰਦਨ ਵਿਚ ਤੀਆਂ ਦਾ ਮੇਲਾ ਬਹੁਤ ਜੋਸ਼ੋ-ਖਰੋਸ਼ ਨਾਲ ਭਰਿਆ। ਇੱਟਲੀ ਵਿਚ ਤੀਆਂ ਦੇ ਤਿਉਹਾਰ ਨੇ ਗੋਰਿਆਂ ਨੂੰ ਨੱਚਣ ਲਾ ਦਿੱਤਾ।" ਹਰ ਦੇਸ਼ ਵਿਚ ਤੀਆਂ ਦਾ ਤਿਉਹਾਰ ਮਨਾਇਆ ਜਾ ਰਿਹਾ ਹੈ। ਮੈਂ ਆਪਣੀ ਭੈਣ ਨੂੰ ਟੈਲੀਫ਼ੋਨ ਉਤੇ ਦੱਸਦੀ ਹਾਂ।

ਹਾਂ ਭੈਣ ਜੀ, ਤੁਸੀਂ ਵੀ ਤਾਂ ਪਰਾਰ (ਪਿਛਲੇ ਵਰ੍ਹੇ) ਫਰੀਜਨੋ ਵਿਚ ਤੀਆਂ ਦੇ ਮੇਲੇ ਵਿਚ ਚੀਫ਼ ਗੈਸਟ ਬਣ ਕੇ ਗਏ ਸੀ। ਹਾਂ ਗੁਡੀਆਂ ਫਰੀਜਨੋ ਦੀਆਂ ਤੀਆਂ ਤਾਂ ਮੈਨੂੰ ਕਦੇ ਨਹੀਂ ਭੁੱਲ ਸਕਦੀਆਂ। ਮੈਂ ਆਪਣੀ ਪਟਿਆਲੇ, ਰਹਿੰਦੀ ਛੋਟੀ ਭੈਣ ਗੁਲਜੀਤ ਨੂੰ ਫਰੀਜਨੋ ਦੀਆਂ ਤੀਆਂ ਬਾਰੇ ਘੰਟਾ ਭਰ ਫੋਨ ਉਤੇ ਦੱਸਦੀ ਰਹੀ।

ਉਥੇ, ਗੁੱਡੀ ਸਿਧੂ, ਨੇ ਮੈਨੂੰ ਬੁਲਾਇਆ ਸੀ ਤੇ ਸਾਰਾ ਪ੍ਰਬੰਧ ਤੀਆਂ ਦਾ ਬਹੁਤ ਹੀ ਸੁਚੱਜੇ ਢੰਗ ਨਾਲ ਉਸੇ ਨੇ ਕੀਤਾ ਹੋਇਆ ਸੀ।

ਐਡੀਮਿਨਟਨ (ਥਾਂ) ਪਾਰਕ ਦਾ ਇਕ ਵੱਡਾ ਹਿੱਸਾ ਉਸ ਨੇ ਤਿੰਨ ਮਹੀਨੇ ਪਹਿਲਾਂ ਹੀ 'ਫੈਡਰਲ' (ਸ਼ਹਿਰ ਦੀ ਕਾਰਪੋਰੇਸ਼ਨ) ਤੋਂ ਕਿਰਾਏ ਉਤੇ ਲੈ ਲਿਆ ਸੀ। ਜਿਸ ਵਿਚ ਦਸ ਸਕਿਊਰਿਟੀ ਗਾਰਡ ਵੀ ਸ਼ਾਮਿਲ ਸਨ। ਇਸ ਪਾਰਕ ਵਿਚ ਗੁੱਡੀ ਸਿਧੂ ਨੇ ਆਪਣੀਆਂ ਸਹਾਇਕ ਸਖੀਆਂ-ਸਹੇਲੀਆਂ ਨਾਲ ਪੂਰੇ ਸੌ ਤੋਂ ਵੱਧ ਤਾਂ ਘੱਗਰੇ ਕਿਰਾਏ ਉਤੇ ਮੰਗਵਾਏ ਹੋਏ ਸਨ। ਬਾਕੀ ਸੱਗੀ-ਫੁੱਲ, ਹਮੇਲਾ, ਪਰੀਬੰਦ, ਪਰਾਂਦੀਆਂ ਗੋਟੇ-ਕਿਨਾਰੀ ਵਾਲੇ ਦੁਪੱਟੇ, ਪੰਜੇਬਾਂ ਆਦਿ ਵੀ ਕਿਰਾਏ ਉਤੇ ਲੈ ਰਖੇ ਸਨ ਜੋ ਗਿੱਧੇ ਵਿਚ ਨੱਚਣ ਵਾਲੀਆਂ ਮੁਟਿਆਰਾਂ ਨੂੰ ਉਸ ਨੇ ਇਕ ਦਿਨ ਪਹਿਲਾਂ ਹੀ ਵੰਡ ਦਿਤੇ ਸਨ। ਮੈਂ ਕਿਉਂਕਿ ਗੁੱਡੀ ਸਿਧੂ ਦੇ ਹੀ ਘਰ ਠਹਿਰੀ ਹੋਈ ਸੀ ਉਸ ਨੇ ਮੈਨੂੰ ਵੀ ਗੋਟੇ ਵਾਲਾ ਦੁਪੱਟਾ ਲੈਣ ਲਈ ਕਿਹਾ।

ਜਦੋਂ ਅਸੀਂ ਦੋਵੇਂ ਗੁੱਡੀ ਦੀ ਕਾਰ ਵਿਚੋਂ ਉਤਰੀਆਂ ਤਾਂ ਉਥੇ ਤੀਆਂ ਲਈ ਇੱਕਠੀਆਂ ਹੋਈਆਂ ਗੁੱਡੀ ਦੀਆਂ ਸਖੀਆਂ ਨੇ ਸਾਡੀ ਕਾਰ ਦੁਆਲੇ ਇਕੱਠੀਆਂ ਹੋ ਕੇ ਸਾਨੂੰ ਦੋਹਾਂ ਨੂੰ ਵੈੱਲਕਮ ਕਿਹਾ। ਖ਼ਾਸ ਕਰਕੇ ਗੈਸਟ ਨੂੰ....। ਗੁੱਡੀ ਸਿੱਧੂ ਕੇਵਲ ਪੰਜਾਬੀ ਕਲਚਰ ਨੂੰ ਹੀ ਉਥੇ ਫਰੀਜਨੋ ਵਿਚ ਜਾਗਰਿਤ ਨਹੀਂ ਕਰ ਰਹੀ ਹੈ ਬਲਕਿ ਏਥੇ ਉਹ ਆਪਣਾ ਇਕ ਟੀ.ਵੀ. ਸਟੋਰ ਵੀ ਚਲਾ ਰਹੀ ਸੀ। ਤੇ ਹਰ ਭਾਰਤੀ ਕਲਾਕਾਰ ਨੂੰ ਦਰਸ਼ਕਾਂ ਦੇ ਰੂ-ਬ-ਰੂ ਕਰਾਉਂਦੀ ਹੈ। ਉਸ ਨੇ ਪੰਜਾਬੀ ਸਭਿਅਤਾ ਨੂੰ ਜੀਉਂਦਿਆਂ ਰੱਖਣ ਲਈ ਬਹੁਤ ਸਾਰੇ ਹੋਰ ਵੀ ਪ੍ਰੋਗਰਾਮ ਉਲੀਕ ਰਖੇ ਸਨ।

ਖ਼ੈਰ, ਤੀਆਂ ਵਾਲੇ ਇਸ ਪਾਰਕ ਵਿਚ ਪਹੁੰਚਦਿਆਂ ਹੀ ਮੈਂ ਦੇਖਿਆ ਕਿ ਉਥੇ ਅੱਛਾ ਖ਼ਾਸਾ ਇੰਡੀਅਨ ਬਾਜ਼ਾਰ ਸਜਿਆ ਹੋਇਆ ਸੀ। ਕਿਧਰੇ ਗੋਲ-ਗੱਪੇ ਵਿਕ ਰਹੇ ਸਨ, ਕਿਧਰੇ ਮਿੱਠੇ ਪੂੜੇ ਅਤੇ ਖੀਰ। ਇਕ ਪਾਸੇ ਲੱਸੀ ਅਤੇ ਹੋਰ ਬਹੁਤ ਸਾਰੇ ਸੌਫਟ ਡਰਿੰਕ ਸਨ, ਜਿਨ੍ਹਾਂ ਨੂੰ ਪੰਜਾਬੀ ਔਰਤਾਂ ਆਪਣੇ-



Namdhari Elibrary NamdhariElibrary@gmail.com

ਆਪਣੇ ਘਰਾਂ 'ਚੋਂ ਤਿਆਰ ਕਰਕੇ ਇਥੇ ਤੀਆਂ ਦੇ ਮੇਲੇ ਵਿਚ ਵੇਚਣ ਲਈ ਲੈ ਕੇ ਆਈਆਂ ਸਨ।

ਬਰਫ਼ੀ ਲੱਡੂ-ਪੇੜੇ ਵੀ ਬਿਲਕੁਲ ਉਸੇ ਤਰ੍ਹਾਂ ਸਜਾਏ ਹੋਏ ਸਨ ਜਿਵੇਂ ਆਪਣੇ ਭਾਰਤ ਵਿਚ ਹਲਵਾਈਆਂ ਦੀਆਂ ਦੁਕਾਨਾਂ ਉਤੇ ਵਿਕਦੇ ਹਨ। ਇਕ ਸਟਾਲ ਉਤੇ ਕੱਚ ਦੀਆਂ ਰੰਗ-ਬਰੰਗੀਆਂ ਵੰਗਾਂ ਅਤੇ ਹੋਰ ਆਰਟੀਫੀਸ਼ੀਅਲ ਝੁਮਕੇ, ਬਾਕਾਂ, ਕੰਨਾਂ ਦੇ ਕੋਕਰ, ਮੋਤੀਆਂ ਦੀਆਂ ਮਾਲਾਵਾਂ, ਹੱਥਾਂ ਦੇ ਕੰਗਣ... ਨਾ ਜਾਣੇ ਕਿੰਨਾ ਹੀ ਕੁਝ ਹੋਰ ਵਿਕ ਰਿਹਾ ਸੀ। ਤੇ ਉਥੇ ਦੀ ਨਵੀਂ ਪੀੜ੍ਹੀ ਦੀਆਂ ਕੁੜੀਆਂ ਬੜੇ ਚਾਓ ਨਾਲ ਇਹ ਸਭ ਖਰੀਦ ਰਹੀਆਂ ਸਨ।

ਦੇਖਦਿਆਂ ਹੀ ਦੇਖਦਿਆਂ ਸੱਗੀ-ਫੁੱਲਾਂ ਅਤੇ ਘੱਗਰਿਆਂ ਵਾਲੀਆਂ ਮੁਟਿਆਰਾਂ ਦੀ ਇਕ ਟੋਲੀ ਨੇ ਗੁੱਡੀ ਸਿਧੂ ਦੇ ਹੱਥ ਵਿਚ ਮਾਇਕ ਫੜਾਉਂਦਿਆਂ ਕਿਹਾ, "ਹਰਿਅਪ ਮੈਡਮ, ਵੀ ਆਰ ਰੈਡੀ..."

ਗੁੱਡੀ ਸਿਧੂ ਨੇ ਉਥੇ ਬਣੀ ਸਟੇਜ ਉਤੇ ਜਾਂਦਿਆਂ ਹੀ ਪਹਿਲਾਂ ਬੜੇ ਸੁਚੱਜੇ ਢੰਗ ਨਾਲ ਚੀਫ਼ ਗੈਸਟ ਨੂੰ ਇੰਟਰੋਡਿਊਸ ਕਰਾਇਆ ਤੇ ਫਿਰ ਸਭ ਤੋਂ ਪਹਿਲਾਂ ਮੈਨੂੰ ਹੀ ਗਾਉਣ ਅਤੇ ਨੱਚਣ ਲਈ ਕਹਿ ਦਿੱਤਾ।

"ਆਵੇ ਨਾ ਜਾਵੇ ਮੀਆਂ ਢੋਲਕੀ ਬਜਾਏ" ਮੈਂ ਅਤੇ ਗੀਤ...। ਨਾ ਆਵਾਜ਼ ਨਾ ਕੋਈ ਗਾਉਣ ਦਾ ਢੰਗ।"

"ਮੈਂ ਇਕ ਕਲਮਕਾਰ ਹਾਂ ਭਾਈ... ਮੈਂ ਲਤਾ ਮੰਗੇਸ਼ਕਰ ਨਹੀਂ।" ਮੈਂ ਕਿਹਾ....। ਪਰ ਕੌਣ ਸੁਣੇ...। ਨਹੀਂ, ਨਹੀਂ ਮੈਡਮ ਗਾਉਣਾ ਤਾਂ ਪਵੇਗਾ ਹੀ ਤੁਹਾਨੂੰ....। ਤੀਆਂ ਦਾ ਆਗਾਜ਼ ਤੁਸੀਂ ਹੀ ਕਰੋਗੇ।" ਮੈਂ ਤਾਂ ਬੁਰੀ ਫਸੀ...। ਮੈਂ ਘਰੋਂ ਸੋਚ ਕੇ ਆਈ ਸੀ ਕਿ ਆਪਣੇ ਤਿੱਥਾਂ-ਤਿਓਹਾਰਾਂ ਦੀ ਕੋਈ ਗੱਲ ਕਰਾਂਗੀ। ਗੁੱਡੀ ਸਿਧੂ ਨੇ ਵੀ ਮੈਨੂੰ ਇਹੀ ਕਿਹਾ ਸੀ ਕਿ ਤੁਸੀਂ ਪੰਜਾਬੀ ਜਾਂ ਭਾਰਤੀ ਤਿਓਹਾਰਾਂ ਦੇ ਗੀਤਾਂ ਉਤੇ ਹੀ ਬੋਲਣਾ, ਪਰ ਇਹ ਸਭ ਤਾਂ ਮੈਨੂੰ ਗੀਤ ਗਾਉਣ ਲਈ ਮਜਬੂਰ ਕਰ ਰਹੇ ਸਨ। ਮੈਨੂੰ ਭਲਾ ਗਾਉਣਾ ਕਿਥੇ ਆਉਂਦਾ ਸੀ। ਆਖ਼ਰ ਗੁੱਡੀ ਸਿਧੂ ਨੇ ਕਿਹਾ, "ਭੈਣ ਜੀ ਟੀ.ਵੀ. ਲਈ ਕੈਸਟ ਬਣ ਰਹੀ ਹੈ ਇਹੀ ਪ੍ਰੋਗਰਾਮ ਮੈਂ ਕੱਲ੍ਹ ਨੂੰ ਆਪਣੇ ਟੀ.ਵੀ. ਉਤੇ ਦਿਖਾਉਣਾ ਹੈ, ਗਾਓ ਜੋ ਚਾਹੋ ਉਹੀ ਗਾਓ ਪਲੀਜ਼...।"

ਮੈਂ ਦੁਵਿਧਾ ਜਿਹੀ ਵਿਚ ਫਸੀ ਹੋਈ ਨੇ ਆਪਣਾ ਗਲਾ ਠੀਕ ਕਰਦਿਆਂ ਔਖੇ ਸੌਖੇ ਕਿਹਾ "ਬਈ ਮੈਂ ਤਾਂ ਗਾਊਂਗੀ ਜੇ ਤੁਸੀਂ ਮੇਰੇ ਨਾਲ ਸਾਰੀਆਂ ਹੀ ਮਿਲ ਕੇ ਗਾਓ।"

ਬਸ ਫੇਰ ਕੀ ਸੀ ਮੈਂ ਆਪਣਾ ਮਨ-ਪਸੰਦ ਗੀਤ ਸ਼ੁਰੂ ਕੀਤਾ...। ਜੋ ਮੈਨੂੰ ਪੂਰੀ ਤਰ੍ਹਾਂ ਆਉਂਦਾ ਵੀ ਨਹੀਂ ਸੀ-

ਚੰਨ ਕਿੱਥਾਂ ਗੁਜ਼ਾਰੀ ਆਈ ਰਾਤ ਵੇ
ਮੈਂਡਾ ਜੀਅ ਦਲੀਲਾਂ ਦੇ ਬਾਤ ਵੇ
ਚੰਨ ਕਿੱਥਾਂ ਗੁਜ਼ਾਰੀ ਆਈ...।
ਕੋਠੇ ਤੇ ਪਰ ਕੋਠੜਾ ਚੰਨ ਕੋਠੇ ਸੁੱਕਦੀ ਰੇਤ ਭਲਾ
ਅਸੀਂ ਗੁੰਦਾਈਆਂ ਮੇਂਢੀਆ ਚੰਨ ਕਿਸੇ ਬਹਾਨੇ ਦੇਖ ਭਲਾ।
ਓ ਚੰਨ ਕਿੱਥਾਂ ਗੁਜ਼ਾਰੀ ਆਈ...
ਕੋਠੇ ਤੇ ਪਰ ਕੋਠੜਾ ਚੰਨ ਹੇਠ ਵਗੇ ਦਰਿਆ ਭਲਾ
ਮੈਂ ਮਛਲੀ ਦਰਿਆਏ ਦੀ ਤੂੰ ਬਗਲਾ ਬਣ ਕੇ ਆ ਭਲਾ।
ਓ ਚੰਨ ਕਿੱਥਾਂ ਗੁਜ਼ਾਰੀ ਆਈ....
ਕੋਠੇ ਤੇ ਪਰ ਕੋਠੜਾ ਚੰਨ ਕੋਠੇ ਸੁੱਕਦੀ ਘਾ ਭਲਾ
ਆਸ਼ਕਾਂ ਜੋੜੀਆਂ ਪੌੜੀਆਂ ਮਾਸ਼ੂਕਾਂ ਜੋੜੇ ਘਾ ਭਲਾ।
ਓ ਚੰਨ ਕਿੱਥਾਂ ਗੁਜ਼ਾਰੀ ਆਈ...।
ਕੋਠੇ ਤੇ ਪਰ ਕੋਠੜਾ ਚੰਨ ਹੇਠ ਤੱਪੇ ਤੰਦੂਰ ਭਲਾ
ਗਿਣ-ਗਿਣ ਲਾਹਵਾਂ ਰੋਟੀਆਂ ਵੇ ਮੈਂਡਾ ਖਾਵਣ ਵਾਲਾ ਦੂਰ ਭਲਾ।
ਓ ਚੰਨ ਕਿੱਥਾਂ ਗੁਜ਼ਾਰੀ ਆਈ...।
ਚੰਨ ਕਿੱਥਾਂ ਗੁਜ਼ਾਰੀ ਆਈ, ਚੰਨ ਕਿੱਥਾਂ ਗੁਜ਼ਾਰੀ ਆਈ ਰਾਤ ਵੇ
ਮੈਂਡਾ ਜੀਅ ਦਲੀਲਾਂ ਦੇ ਬਾਤ ਵੇ ਚੰਨ ਕਿੱਥਾਂ ਗੁਜ਼ਾਰੀ ਆਈ।

ਰੱਬ ਸਬੱਬੀ ਹੀ ਅੱਛਾ ਗਾਇਆ ਤੇ ਵਾਹਵਾ-ਵਾਹਵਾ ਹੋ ਗਈ। ਇਉਂ ਗੁੱਡੀ ਸਿਧੂ ਦੀ ਲਾਜ ਵੀ ਰਹਿ ਗਈ ਤੇ ਮੇਰੀ ਵੀ...। ਮੈਂ ਖ਼ੁਦ ਵੀ ਹੈਰਾਨ ਸੀ ਕਿ ਕਿਵੇਂ ਗਾ ਗਈ ਮੈਂ ਐਨਾ ਅੱਛਾ। ਕਦੇ-ਕਦੇ ਆਪੇ ਸਭ ਕੁਝ ਸਹੀ ਹੋ ਜਾਂਦਾ ਹੈ, ਜਦ ਕਿ ਮੇਰੀ ਆਵਾਜ਼ ਤਾਂ ਮਾਸ਼ਾ ਅੱਲਾ...। ਮੈਨੂੰ ਆਪ ਨੂੰ ਵੀ ਨਹੀਂ ਸੁਣਾਈ ਦਿੰਦੀ। ਗੀਤ ਗਾਉਣ ਪਿਛੋਂ ਮੈਂ ਮਨ ਹੀ ਮਨ ਸੋਚਿਆ ਆਗਾਜ਼ ਤਾਂ ਅੱਛਾ ਹੈ ਅੰਜ਼ਾਮ ਖ਼ੁਦਾ ਜਾਨੇ।

ਕੁੜੀਆਂ ਨੇ ਮੇਰੇ ਦੁਆਲੇ ਇਕ ਛੋਟਾ ਜਿਹਾ ਝੁਰਮਟ ਪਾ ਲਿਆ ਸੀ। ਕੋਈ ਆਟੋਗਰਾਫ਼ ਮੰਗੇ, ਕੋਈ ਮੇਰਾ ਪਤਾ ਪੁੱਛੇ...। ਹੁਣ ਮੈਂ ਕੀ ਦੱਸਾਂ ਆਪਣਾ ਪਤਾ...। ਤੁਸੀਂ ਗੁੱਡੀ ਸਿਧੂ ਤੇ ਪਤੇ ਉਤੇ ਹੀ ਮੈਨੂੰ ਖ਼ਤ ਲਿਖ ਸਕਦੇ ਹੋ। ਮੈਂ ਇਹ ਕਹਿੰਦਿਆਂ ਬਹੁਤ ਸਾਰੇ ਸਵਾਲਾਂ ਵਿਚੋਂ ਮਸਾਂ ਬਾਹਰ ਆਈ।

ਗਿੱਧੇ ਵਿਚ ਜੁੜੀਆਂ ਮੁਟਿਆਰਾਂ ਨੇ ਹੁਣ ਇੱਕਠੀਆਂ ਹੁੰਦਿਆਂ ਇਕ ਵੱਡਾ ਗੋਲਾ ਘੇਰਾ ਬਣਾ ਲਿਆ ਸੀ। ਜਿਸ ਵਿਚ ਸਭ ਤੋਂ ਪਹਿਲਾਂ ਇਕ ਕਾਲੇ ਲੰਬੇ ਗਾਤਰੇ ਵਾਲੀ ਸੀਨੀਅਰ ਸਿਟੀਜਨ ਬੀਬੀ ਨੇ 'ਬੋਲੀ' ਪਾਈ ਜੋ ਸੱਤਰਾਂ ਤੋਂ ਉੱਤੇ ਲਗਦੀ ਸੀ :

ਬਈ ਪਾਵੇ... ਪਾਵੇ... ਪਾਵੇ
ਬੁੱਢੀਆਂ ਤਰਸਦੀਆਂ



Namdhari Elibrary NamdhariElibrary@gmail.com

ਸਾਨੂੰ ਮੁੜ ਕੇ ਜੁਆਨੀ ਆਵੇ।
ਬੁੱਢੀਆਂ ਤਰਸਦੀਆਂ....

ਬੋਲੀ ਪਾਉਣ ਪਿਛੋਂ ਉਸ ਨੇ ਮੇਰੀ ਬਾਂਹ ਫੜ ਕੇ ਮੈਨੂੰ ਗਿਧੇ ਵਿਚ ਨੱਚਣ ਲਈ ਘਸੀਟ ਲਿਆ।

ਉਥੇ ਸਿੱਧੇ ਪੁਠੇ ਪੈਰ ਮਾਰਕੇ ਮੈਂ ਮਸਾਂ ਉਸ ਦੀ ਗੱਲ ਰੱਖ ਸਕੀ। ਭਲਾ ਮੈਨੂੰ ਨੱਚਣਾ ਕਿਥੇ ਆਉਂਦੈ....।

ਫਿਰ ਇਕ ਹੋਰ, ਫੇਰ ਇਕ ਹੋਰ ਬੱਸ ਬੋਲੀਆਂ ਦਾ ਤਾਂ ਜਿਵੇਂ ਮੀਂਹ ਹੀ ਬਰਸ ਗਿਆ। ਮਲਵੈਣਾਂ, ਦੁਆਬਣਾਂ ਅਤੇ ਮਝੈਲਣਾਂ ਤਿੰਨਾਂ ਨੇ ਮਿਲ ਕੇ ਉਹ ਗੀਤ ਗਾਏ ਉਹ ਬੋਲੀਆਂ ਪਾਈਆਂ ਕਿ ਗਿਧੇ ਵਿਚ ਕਿਸੇ ਨੂੰ ਸਾਹ ਲੈਣ ਦੀ ਮੋਹਲਤ ਵੀ ਨਹੀਂ ਦਿਤੀ।

ਕੋਈ ਉਨ੍ਹਾਂ ਵਿਚੋਂ ਡਾਕਟਰੀ ਕਿੱਤੇ ਨਾਲ ਜੁੜੀ ਹੋਈ ਨਰਸ ਸੀ, ਕੋਈ ਵਕੀਲ, ਕੋਈ ਬਿਊਟੀਸ਼ਨ ਅਤੇ ਕੋਈ ਕਿਸੇ ਹੋਟਲ ਦੀ ਮਾਲਕਣ। ਹੁਣ ਹੌਲੀ-ਹੌਲੀ ਇਕ ਘੇਰੇ ਦੇ ਤਿੰਨ ਘੇਰੇ ਬਣ ਗਏ। ਕਿਤੇ ਗਿੱਧਾ ਪੈ ਰਿਹਾ ਸੀ, ਕਿਤੇ ਸਾਂਗ ਧਾਰ ਕੇ ਮੁਟਿਆਰਾਂ ਤਮਾਸ਼ਾ ਕਰ ਰਹੀਆਂ ਸਨ। ਕੋਈ ਸੱਸ ਨੂੰ ਪਿੱਟ ਰਹੀ ਸੀ ਕੋਈ ਸਹੁਰੇ ਨੂੰ ਕੋਸ ਰਹੀ ਸੀ :

ਸਹੁਰਾ ਮੇਰਾ ਅੰਨ੍ਹਾ ਤੇ ਰਾਤੀਂ ਮੰਗੇ ਗੰਨਾ
ਸੱਸ ਮੇਰੀ ਕਾਣੀ ਤੇ ਰਾਤੀਂ ਮੰਗੇ ਪਾਣੀ
ਦੰਮ ਬੀੜਾ ਉਠਿਆ ਜੀ ਦੰਮ ਬੀੜਾ ਉਠਿਆ।

ਤੀਜੇ ਘੇਰੇ ਵਿਚ ਅਲੜ ਪੜ੍ਹਾਕੂ ਕੁੜੀਆਂ ਫ਼ਿਲਮੀ ਤਰਜ਼ਾਂ ਦੇ ਗੀਤ ਗਾ-ਗਾ ਆਪਣੇ ਹੀ ਆਪਣੇ ਤਰੀਕੇ ਨਾਲ ਨੱਟ-ਟੱਪ ਰਹੀਆਂ ਸਨ। ਉਹ ਪੂਰੀ ਤਰ੍ਹਾਂ ਨਾ ਪੰਜਾਬੀ ਲਗਦੀਆਂ ਸਨ ਨਾ ਪੰਜਾਬੀ ਬੋਲ ਹੀ ਸਕਦੀਆਂ ਸਨ। ਪਰ ਭਾਰਤੀ ਫ਼ਿਲਮਾਂ ਦੇ ਗਾਣਿਆਂ ਨਾਲ ਉਹ ਆਪਣਾ ਮਨ-ਪਰਚਾਵਾ ਆਪਣੇ ਹੀ ਤਰੀਕੇ ਨਾਲ ਨੱਚ-ਨੱਚ ਕੇ ਖ਼ੂਬ ਕਰ ਰਹੀਆਂ ਸਨ।

ਪਾਰਕ ਦਾ ਸਾਰਾ ਮਾਹੌਲ ਐਨਾ ਖ਼ੂਬਸੂਰਤ ਅਤੇ ਮਨ ਨੂੰ ਮੋਹਣ ਵਾਲਾ ਸੀ ਕਿ ਬਦੋਬਦੀ ਦਿਲ ਗੁੱਡੀ ਸਿਧੂ ਨੂੰ ਸਰਾਹੁੰਦਾ ਨਹੀਂ ਸੀ ਥੱਕਦਾ ਇਥੇ ਵਿਦੇਸ਼ਾਂ ਵਿਚ ਤੀਆਂ ਦਾ ਐਨਾ ਵਧੀਆਂ ਰੰਗ...। ਐਨਾ ਵਧੀਆ ਅਰੇਂਜਮੈਂਟ....। ਇਹ ਗੁੱਡੀ ਸਿਧੂ ਦਾ ਕਮਾਲ ਸੀ।

ਪਿੱਛੋਂ ਸਾਰੀਆਂ ਨੇ ਦੋ ਧੜਿਆਂ ਵਿਚ ਆਪਣੇ-ਆਪ ਨੂੰ ਵੰਡ ਕੇ 'ਬਲੋ' ਪਾਈ। ਇਹ ਬਲੋ ਸ਼ਾਇਦ ਮਾਝੇ, ਦੁਆਬੇ ਵਾਲੇ ਹੀ ਪਾਉਂਦੇ ਹਨ। ਮਾਲਵੇ ਵਾਲੀਆਂ ਤੀਆਂ 'ਚ ਤਾਂ ਮੈਂ ਕਦੇ ਬਲੋ ਨਹੀਂ ਸੀ ਦੇਖੀ।

ਦੋ ਧੜਿਆਂ ਵਿਚ ਵੰਡੀਆਂ ਔਰਤਾਂ ਨੇ ਇਕ ਪਾਸੇ 'ਬੰਨਾ' ਬਣਾ ਲਿਆ, ਲੰਬੀ ਜਿਹੀ ਕੁੜੀ ਦੇ ਸਿਰ ਚੁੰਨੀ ਦੀ ਪੱਗ ਬੰਨ੍ਹ ਕੇ। ਦੂਜੇ ਪਾਸੇ ਸੱਗੀ-ਫੁੱਲਾਂ ਵਾਲੀ ਕੁੜੀ ਦੇ ਸਿਰ ਉਤੇ ਫੁਲਕਾਰੀ ਦੇ ਕੇ 'ਬੰਨੋ' ਬਣਾ ਲਈ। ਫੇਰ ਪਹਿਲਾਂ ਮੁੰਡੇ ਵਾਲੀ ਧਿਰ ਨੇ ਬੰਨੋ ਵਾਲੀ ਧਿਰ ਵਿਚ ਮਲੀ ਵੜ ਕੇ 'ਬਲੋ' ਨੂੰ ਆਪਣੇ ਵੱਲ ਖਿੱਚਣਾ ਚਾਹਿਆ। ਤੇ ਨਾਲ ਹੀ ਮਿਲ ਕੇ ਇਹ ਸਹਿਗਾਨ ਗਾਇਆ....

ਸਾਡੀ ਆਸ਼ਕਾਂ ਦੀ ਢਾਣੀ 'ਬਲੋ' ਲੈ ਕੇ ਜਾਣੀ
ਬਲੋ ਲੈ ਕੇ ਜਾਣੀ ਜੀ ਬਲੋ ਲੈ ਕੇ ਜਾਣੀ ਐ।
ਫੇਰ ਕੁੜੀ ਵਾਲੀ ਧਿਰ ਸਹਿਗਾਨ ਗਾਉਂਦੀ ਹੈ....
ਸਾਡੀ ਕੁੜੀਆਂ ਦੀ 'ਟੋਲੀ' ਸਾਡੀ 'ਬਲੋ' ਭੋਲੀ-ਭਾਲੀ
ਤੁਸੀਂ ਬਲੋ ਕਿਥੇ ਲੈ ਕੇ ਜਾਣੀ ਆਂ... ?

ਇਉਂ ਦੋਹਾਂ ਧਿਰਾਂ ਵਲੋਂ ਸਵਾਲ ਜਵਾਬ ਹੁੰਦੇ ਰਹੇ ਤੇ ਹਾਸੇ ਠੱਠੇ ਨਾਲ ਸਾਰਾ ਪਾਰਕ ਮਹਿਕ ਉਠਿਆ। ਸਿਕਿਉਰਟੀ ਗਾਰਡ ਵੀ ਇਕ ਵਾਰੀ ਤਾਂ ਮਾਹੌਲ ਨੂੰ ਦੇਖ ਕੇ ਸਮਝ ਨਾ ਸਕੇ ਕਿ ਇਥੇ ਕੋਈ ਫੰਕਸ਼ਨ ਹੋ ਰਿਹਾ ਹੈ ਜਾਂ ਕੋਈ ਝਗੜਾ-ਝਮੇਲਾ ? ਉਹ ਹੌਲੀ-ਹੌਲੀ ਇਕੱਠ ਦੇ ਕੋਲ ਨੂੰ ਆਏ ਪਰ ਖ਼ੁਸ਼ੀ ਵਿਚ ਟਹਿਕਦੀਆਂ ਮਹਿਕਦੀਆਂ ਮੁਟਿਆਰਾਂ ਨੂੰ ਦੇਖ ਕੇ ਪਿੱਛੇ ਮੁੜ ਕੇ ਆਪ ਵੀ ਹੱਸਣ ਲੱਗ ਪਏ।

ਆਖ਼ਰ 'ਬਲੋ' ਨੂੰ ਮੁੰਡੇ ਵਾਲੀ ਧਿਰ ਆਪਣੇ ਵੱਲ ਘਸੀਟ ਲੈਂਦੀ ਹੈ ਤੇ ਸਾਰੇ ਮਾਹੌਲ ਵਿਚ ਜਿੱਤ ਦਾ ਅਹਿਸਾਸ ਭਰ ਜਾਂਦਾ ਹੈ। ਇਉਂ ਹਰ ਇਕ ਚਿਹਰਾ ਖ਼ੁਸ਼ੀ ਵਿਚ ਖਿੜਿਆ ਨਜ਼ਰ ਆਉਂਦਾ ਹੈ।

ਘਰ ਨੂੰ ਮੁੜਦੇ ਸਮੇਂ ਅਸੀਂ ਦੇਖਿਆ ਸਾਰੇ ਖਾਣ-ਪੀਣ ਵਾਲੀਆਂ ਚੀਜ਼ਾਂ ਦੇ ਸਟਾਲ ਪੂਰੀ ਤਰ੍ਹਾਂ ਖਾਲੀ ਹੋਏ ਪਏ ਸਨ। ਤੀਆਂ ਦੇ ਤਿਉਹਾਰ ਦੇ ਇਸ ਜਸ਼ਨ ਨੂੰ ਮਨਾਉਂਦਿਆਂ ਤੀਵੀਆਂ ਖ਼ੁਸ਼ੀ ਵਿਚ ਮਹਿਕੋ-ਮਹਿਕ ਹੋਈਆਂ ਆਪਣੀਆਂ-ਆਪਣੀਆਂ ਕਾਰਾਂ ਵੱਲ ਹੋ ਤੁਰੀਆਂ ਅਤੇ ਕੋਈ ਹੋਰ ਸਖੀਆਂ-ਸਹੇਲੀਆਂ ਸਮੇਤ ਮੈਨੂੰ ਗੁੱਡੀ ਸਿਧੂ ਇਕ ਪੰਜਾਬੀ ਹੋਟਲ ਵਿਚ ਲੈ ਕੇ ਆ ਗਈ। ਜੋ ਖ਼ੁਦ ਸੱਗੀ-ਫੁੱਲਾਂ ਨਾਲ ਗੁੰਦੇ ਆਪਣੇ ਸੀਸ ਅਤੇ ਘਗਰੇ ਸਮੇਤ ਹੀ ਹੋਟਲ ਅੰਦਰ ਦਾਖ਼ਲ ਹੋਈਆਂ ਸਨ।

ਹੁਣ ਸਾਡੀ ਇਸ ਘਗਰਿਆਂ ਅਤੇ ਸੱਗੀ-ਫੁੱਲਾਂ ਨਾਲ ਗੁੰਦੇ ਵਾਲਾਂ ਵਾਲੀ ਟੋਲੀ ਨੇ ਹੋਟਲ ਦੇ ਅੰਦਰਲੇ ਮਾਹੌਲ ਨੂੰ ਵੀ ਹਾਸਿਆਂ ਠੱਠਿਆਂ ਨਾਲ ਮਹਿਕੋ-ਮਹਿਕ ਕਰ ਦਿੱਤਾ ਸੀ।

੧੨/੨੦ ਈਸਟ ਪਟੇਲ ਨਗਰ
ਨਵੀਂ ਦਿੱਲੀ - ੧੧੦੦੦੮
ਫੋਨ- ੯੮੭੨੫-੭੨੦੬੦



Namdhari Elibrary NamdhariElibrary@gmail.com












*India's Larget Second Hand Food Machines Dealer Cum Rebuilder*

**750kgs Potato Chips Line**

## Biscuit Plant & Equipment

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11 Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*

# BBL FOODS (P) LTD.

*SANTOSH NAGAR X ROADS, HYDERABAD- 5000059, INDIA*

*Tel : +91 40 245 9, Mobile : 91 98480-50607/+91 98483 99702*

*1:lakbir.mutchall@gmail.com*

*www.bblfoods.com www.mutchall.com*





Namdhari Elibrary NamdhariElibrary@gmail.com

# ਖ਼ਬਰਨਾਮਾ

## ਗੁਰਭੇਜ ਸਿੰਘ ਗੁਰਾਇਆ ਦਿੱਲੀ ਪ੍ਰਾਸੀਕਿਊਟਰਜ਼ ਕੌਂਸਲ ਦੇ ਪ੍ਰਧਾਨ ਬਣੇ



ਨਵੀਂ ਦਿੱਲੀ, ੨੨ ਅਗਸਤ- ਦਿੱਲੀ ਸਰਕਾਰ ਦੇ ਪ੍ਰਾਸੀਕਿਊਸ਼ਨ ਵਿਭਾਗ ਵਿੱਚ ਸੀਨੀਅਰ ਪਬਲਿਕ ਪ੍ਰਾਸੀਕਿਊਟਰ ਵਜੋਂ ਸੇਵਾ ਨਿਭਾਅ ਰਹੇ ਸ. ਗੁਰਭੇਜ ਸਿੰਘ ਗੁਰਾਇਆ ਦਿੱਲੀ ਰਾਜ ਦੀ ਪ੍ਰਾਸੀਕਿਊਟਰਜ਼ ਕੌਂਸਲ ਦੇ ਪ੍ਰਧਾਨ ਚੁਣੇ ਗਏ ਹਨ। ੧੯ ਅਗਸਤ ਨੂੰ ਐਸੋਸੀਏਸ਼ਨ ਦੇ ਆਮ ਇਜਲਾਸ ਵਿੱਚ ੩੦੦ ਤੋਂ ਵੱਧ ਮੈਂਬਰਾਂ ਵਲੋਂ ਸਰਬ ਸੰਮਤੀ ਨਾਲ ਉਹਨਾਂ ਨੂੰ ਪ੍ਰਧਾਨ ਥਾਪਿਆ ਗਿਆ। ਸ. ਗੁਰਾਇਆ ਦੀ ਇਸ ਕਾਮਯਾਬੀ ਲਈ ਉਹਨਾਂ ਨੂੰ ਵਧਾਈਆਂ ਮਿਲਣ ਦਾ ਦੌਰ ਜਾਰੀ ਹੈ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਗ੍ਰੈਜੂਏਸ਼ਨ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਗੁਰਭੇਜ ਸਿੰਘ ਗੁਰਾਇਆ ਦਾ ਨਾਮ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ੧੯੯੬ ਵਿੱਚ ਪਬਲਿਕ ਪ੍ਰਾਸੀਕਿਊਟਰ ਵਜੋਂ ਅਹੁਦਾ ਸੰਭਾਲਣ ਉਪਰੰਤ ਉਹਨਾਂ ਪਿੱਛੇ ਮੁੜ ਨਹੀਂ ਵੇਖਿਆ। ਉਹਨਾਂ ਵਲੋਂ ਬਤੌਰ ਸੀਨੀਅਰ ਪਬਲਿਕ ਪ੍ਰਾਸੀਕਿਊਟਰ, ੧੯੮੪ ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਅਤੇ ਦਿੱਲੀ ਵਿੱਚ ਅਣਖ ਖਾਤਰ ਹੋਏ ਕਤਲਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਵਿੱਚ ਅਹਿਮ ਭੂਮਿਕਾ ਨਿਭਾਈ ਗਈ ਹੈ ।

ਗੱਲ ਪਰਵਾਰਕ ਪਿਛੋਕੜ ਦੀ ਕਰੀਏ ਤਾਂ ਇਸ ਪਰਵਾਰ ਵਿੱਚ ਸਿੱਖੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੈ। ਗੁਰਭੇਜ ਸਿੰਘ ਗੁਰਾਇਆ ਦੇ ਦਾਦਾ ਜੀ ਸੰਤ ਤਰਨ ਸਿੰਘ ਵਹਿਮੀ ਨਾਮਧਾਰੀ ਪੰਥ ਦੇ 'ਉੱਚ ਦੁਮਾਲੜਾਂ' ਲਿਖਾਰੀ ਹੋਏ ਹਨ। ਵਹਿਮੀ ਪਰਵਾਰ ਸ੍ਰੀ ਜੀਵਨ ਨਗਰ ਇਲਾਕੇ ਦਾ ਮੰਨਿਆ ਪ੍ਰਮੰਨਿਆ ਪਰਵਾਰ ਹੈ। ਸ. ਗੁਰਭੇਜ ਸਿੰਘ ਗੁਰਾਇਆ ਦੇ ਪਿਤਾ ਜੀ ਸੰਤ ਬਲੀ ਸਿੰਘ ਗੁਰਾਇਆ ਹੋਲਿਆਂ ਮੇਲਿਆਂ ਸਮੇਂ ਆਪਣੀ ਦਿਲਖਿਚਵੀਂ ਆਵਾਜ਼ ਅਤੇ ਹਾਰਮੋਨੀਅਮ ਦੀਆਂ ਮਧੁਰ ਸੁਰਾਂ ਨਾਲ ਕੀਰਤਨ ਵਿੱਚ ਰਵਾਇਤੀ ਰੰਗ ਬੰਨ੍ਹਦੇ ਹਨ ਉਹਨਾਂ ਨੂੰ ਹਾਰਮੋਨੀਅਮ (ਵਾਜੇ) ਦਾ ਸਿੱਧਹਸਤ ਵਜੰਤਰੀ ਵੀ ਆਖਿਆ ਜਾਂਦਾ ਹੈ। ਤਾਇਆ ਜੀ ਸ. ਸਾਧੂ ਸਿੰਘ 'ਕਿਸਾਨ' ਪਿਤਾ ਸੰਤ ਤਰਨ ਸਿੰਘ ਵਹਿਮੀ ਦੀ ਕਲਮੀ ਵਿਰਾਸਤ ਦੇ ਝੰਡਾ ਬਰਦਾਰ ਬਣ ਕੇ ਸਾਹਿਤ ਦੇ ਸਮੁੰਦਰ ਵਿੱਚ ਸਫਲ ਤਾਰੀਆਂ ਲਾ ਕੇ ਮਾਣਕ ਮੋਤੀ ਪਾਠਕਾਂ ਦੀ ਝੋਲੀ ਪਾ ਰਹੇ ਹਨ। ਇਹ ਗੁਣ ਗੁਰਭੇਜ ਸਿੰਘ ਅੰਦਰ ਵੀ ਅੰਗੜਾਈਆਂ ਭਰਦਾ ਉਹਨਾਂ ਦੀ ਅਖਬਾਰਾਂ, ਰਸਾਲਿਆਂ ਵਿੱਚ ਗਾਹੇ ਬਗਾਹੇ ਹਾਜ਼ਰੀ ਲੁਆ ਜਾਂਦਾ ਹੈ।

ਸ. ਗੁਰਭੇਜ ਸਿੰਘ ਗੁਰਾਇਆ ਨੇ ਇਸ ਪ੍ਰਾਪਤੀ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਸ਼ਾਂ ਨੂੰ ਅਧਾਰ ਬਣਾਉਂਦਿਆਂ ਆਖਿਆ ਕਿ ਅੱਜ ਮੈਂ ਅਤੇ ਮੇਰਾ ਪਰਵਾਰ ਜਿਸ ਵੀ ਮੁਕਾਮ ਤੇ ਹਾਂ, ਪਾਤਸ਼ਾਹ ਜੀ ਦੀਆਂ ਰਹਿਮਤਾਂ ਅਤੇ ਬਰਕਤਾਂ ਸਦਕਾ ਹੀ ਹਾਂ

ਸਾਡੇ ਵਲੋਂ ਵਹਿਮੀ ਪਰਵਾਰ ਅਤੇ ਗੁਰਭੇਜ ਸਿੰਘ ਗੁਰਾਇਆ ਨੂੰ ਢੇਰ ਸਾਰੀਆਂ ਮੁਬਾਰਕਾਂ ਅਤੇ ਸ਼ੁਭਕਾਮਨਾਵਾਂ

—ਵਰਿਆਮ

## ਸਰਵੋਦਿਆ, (ਹਿਸਾਰ) ਵਿਖੇ ਸਤਿਗੁਰੂ ਰਾਮ ਸਿੰਘ ਜੀ ਅਤੇ ਕੂਕਾ ਅੰਦੋਲਨ ਬਾਰੇ ਚਰਚਾ

ਹਿਸਾਰ, ੧੭ ਜੁਲਾਈ ੨੦੧੧-ਹਰਿਆਣਾ ਪ੍ਰਾਂਤ ਦੇ ਪ੍ਰਸਿੱਧ ਸਿਆਸੀ ਸ਼ਹਿਰ ਹਿਸਾਰ ਵਿਖੇ ਪਾਰਜਾਤ ਚੌਂਕ ਦੇ ਨਾਲ 'ਸਰਵੋਦਿਆ ਭਵਨ' ਹੈ। ਇਹਨਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਹਰ ਐਤਵਾਰ ਸ਼ਾਮ ਨੂੰ ਪੰਜ ਵਜੇ ਤੋਂ ਛੇ ਵਜੇ ਤਕ, ਕਿਸੇ ਇਕ ਮਜ਼ਮੂਨ ਤੇ ਕਿਸੇ ਸੱਜਣ ਨੂੰ ਬੁਲਾ ਕੇ ਵਿਚਾਰ ਚਰਚਾ ਕਰਵਾਉਂਦੇ ਹਨ ਜਿੱਥੇ ੪੦-੫੦ ਚਿੰਤਨਸ਼ੀਲ ਸਰੋਤੇ ਜੁੜ ਜਾਂਦੇ ਹਨ। ਨਾਮਧਾਰੀ ਸੰਗਤ ਹਿਸਾਰ ਦੇ ਰੂਹੇ-ਰਵਾਂ ਸੰਤ ਅਮਰਜੀਤ ਸਿੰਘ, ਉਹਨਾਂ ਦੇ ਭਾਈ ਸੂਬਾ ਚਰਨਜੀਤ ਸਿੰਘ, ਸੰਤ ਗੁਰਦੇਵ ਸਿੰਘ ਅਤੇ ਸੰਤ ਗੁਰਬਖਸ਼ ਸਿੰਘ "ਪਰਧਾਨ ਜੀ" ਦੇ ਉਦਮ ਨਾਲ ਅੱਜ ਹੋਣ ਵਾਲੀ ਵਿਚਾਰ ਚਰਚਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਕੂਕਾ ਅੰਦੋਲਨ ਤੇ ਕੇਂਦਰਿਤ ਸੀ।

ਅੱਜ ਦੇ ਮੁੱਖ ਵਕਤਾ, ਕਾਮਰੇਡ ਸੁਵਰਨ ਸਿੰਘ 'ਵਿਰਕ', ਇਲਾਕਾ ਜੀਵਨ ਨਗਰ ਵਿਚੋਂ, ਸ. ਦਲਜੀਤ ਸਿੰਘ ਬੱਲ ਅਤੇ ਉਹਨਾਂ ਦੇ ਭਤੀਜੇ ਜੈ ਸਿੰਘ 'ਬੱਲ' ਸਮੇਤ ਪੁੱਜੇ ਹੋਏ ਸਨ। ਪਹਿਲਾਂ ਸੰਸਥਾ ਦੇ ਪ੍ਰਬੰਧਕ ਸ੍ਰੀ ਸੁਰੇਸ਼ ਨੇ ਸਰਵ ਧਰਮ ਪ੍ਰਾਰਥਨਾ ਕੀਤੀ ਅਤੇ ਫਿਰ ਸੁਵਰਨ ਸਿੰਘ ਵਿਰਕ ਨੇ ਆਪਣੀ ਗੱਲਬਾਤ ੧੮੪੯ ਤੋਂ ਪਹਿਲਾਂ ਦੀ ਪੰਜਾਬ ਦੀ ਰਾਜਨੈਤਿਕ ਸਥਿਤੀ ਅਤੇ ਸ੍ਰੀ ਸਤਿਗੁਰੂ ਜੀ ਦੇ ਮੁੱਢਲੇ ਜੀਵਨ ਨੂੰ ਵਿਸ਼ੇਸ਼ ਕਰਕੇ ਕਿਸਾਨੀ ਦਸਤਕਾਰੀ ਅਤੇ ਸੈਨਿਕ ਕਿਤੇ ਨਾਲ ਜੁੜੇ ਸੰਦਰਭ ਵਿਚ ਵਿਚਾਰਿਆ। ਲਾਹੌਰ ਦਰਬਾਰ ਵਿਚ ਬਿਤਾਏ ੯ ਸਾਲ (ਗੁਰੂ ਬਾਲਕ ਸਿੰਘ ਜੀ ਨਾਲ ਹਜਰੋ ਸਾਹਿਬ ਵਿਚ ਭੇਟ) ਸਿੱਖ ਸੈਨਿਕ ਅਤੇ ਦਰਬਾਰੀ ਤੰਤਰ ਨੂੰ ਭਰਿਸ਼ਟ ਹੁੰਦਿਆਂ ਵੇਖਣ ਦੇ ਸਨ। ਇਸ ਤੋਂ ਬਾਅਦ ਫਿਰ ਫੀਰੋਜ਼ਪੁਰ ਵਿਚ ਉਸਾਰੀ ਕਾਰਜ ਅਤੇ ਮਾਮੀ ਰਾਮੀ ਦੀ ਮਾਇਆ ਨਾਲ ਸ੍ਰੀ



Namdhari Elibrary NamdhariElibrary@gmail.com

ਭੈਣੀ ਸਾਹਿਬ ਵਣਜ ਵਿਉਪਾਰ ਸ਼ੁਰੂ ਕੀਤਾ। ੧੨ ਅਪਰੈਲ ੧੮੫੭ ਨੂੰ ਨਾਮਧਾਰੀ ਸੰਤ ਖਾਲਸੇ ਦੀ ਸਥਾਪਨਾ ਜਿੱਥੋਂ ਸਿੱਖ ਪੁਨਰ ਜਾਗਰਣ ਅਤੇ ਕੌਮੀ ਮੁਕਤੀ ਅੰਦੋਲਨ ਦਾ ਪੰਜਾਬ ਵਿਚ ਮੁੱਢ ਬੰਨ੍ਹਣਾ ਸੀ। ਸਮਾਜਿਕ ਕੁਰੀਤੀਆਂ ਵਿਰੁੱਧ ਵੀ ਹੱਲਾ ਬੋਲਿਆ। ਨਾਰੀ ਮੁਕਤੀ ਅਤੇ ਕਰਜ਼ਾ ਮੁਕਤੀ ਔਰਤਾਂ ਤੇ ਕਿਸਾਨਾਂ ਤੇ ਵੱਡੇ ਉਪਕਾਰ ਸਨ। ਨਸ਼ਾ ਮੁਕਤੀ ਨਾਲ ਸੁਅੱਛ ਸਮਾਜ ਉਸਾਰੀ ਆਰੰਭੀ। ਸੂਬਾ ਪ੍ਰਣਾਲੀ ਸ਼ੁਰੂ ਕਰਕੇ, ਸਵਦੇਸ਼ੀ ਅਤੇ ਅਸਹਿਯੋਗ ਦੇ ਪਰਚਾਰ ਦੁਆਰਾ, ਭਾਰਤ ਦੀਆਂ ਦੇਸੀ ਅਤੇ ਗੁਆਂਢੀ ਰਿਆਸਤਾਂ ਨਾਲ ਸਬੰਧ ਕਾਇਮ ਕਰ ਕੇ, ਬਸਤੀਵਾਦੀ ਸਰਕਾਰ ਵਿਰੁੱਧ ਸਮਾਨੰਤਰ ਸਰਕਾਰ ਦਾ ਗਠਨ ਕੀਤਾ। ਅਨੰਦ ਮਰਿਆਦਾ ਅਤੇ ਸਮਾਜ ਸੁਧਾਰ ਦੇ ਕੰਮਾਂ ਅਤੇ ਸਿਖੀ ਪਰਚਾਰ ਸਰਗਰਮੀਆਂ ਵਿਚੋਂ ਸਰਕਾਰ ਨੂੰ ਬਗਾਵਤ ਦੀ ਬੂ ਆਉਣੀ ਸ਼ੁਰੂ ਹੋਈ। ੧੮੬੩-੬੬ ਵਿਚ ਸਤਿਗੁਰੂ ਜੀ ਨਜ਼ਰਬੰਦ ਰੱਖੇ ਸ੍ਰੀ ਭੈਣੀ ਸਾਹਿਬ ਵਿਚ ਹੀ। ੧੮੬੭ ਦਾ ਹੋਲਾ ਮਹੱਲਾ ਅਨੰਦਪੁਰ ਸਾਹਿਬ ਅਤੇ ਦੀਵਾਲੀ ਸ੍ਰੀ ਅੰਮ੍ਰਿਤਸਰ ਵਿਖੇ ਹਜ਼ਾਰਾਂ ਸੰਗਤਾਂ ਦੇ ਇਕੱਠ ਨੇ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ। ਹਿਦੂ ਸਿੱਖਾਂ ਅਤੇ ਮੁਸਲਮਾਨਾਂ ਵਿਚ ਫਿਰਕੂ ਪਾੜਾ ਵਧਾਉਣ ਲਈ, ਅੰਗਰੇਜ਼ ਸਰਕਾਰ ਦੁਆਰਾ, ਸਿੱਖ ਧਾਰਮਿਕ ਤੀਰਥਾਂ ਤੇ ਖੁਲਵਾਏ ਗਊ ਬੱਧ ਦੇ ਅੱਡਿਆਂ ਤੇ ਕੂਕੇ ਸਿੰਘਾਂ ਨੇ ਹਥਿਆਰਬੰਦ ਹਮਲੇ ਕਰ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸਤਿਗੁਰੂ ਜੀ ਪਰਮੁੱਖ ਸੂਬਿਆਂ ਸਮੇਤ ਪੰਜਾਬ ਤੋਂ ਬਾਹਰ ਜਲਾਵਤਨ ਕਰ ਦਿੱਤੇ। ਸਾਰਾ ਨਾਮਧਾਰੀ ਪੰਥ ਗੈਰ ਕਾਨੂੰਨੀ ਘੋਸ਼ਿਤ ਕਰ ਦਿੱਤਾ। ਪਰ ਕੂਕਿਆਂ ਨੇ ਸਭ ਸਖਤੀਆਂ ਦਾ ਖਿੜੇ ਮੱਥੇ ਮੁਕਾਬਲਾ ਕਰਕੇ ਆਉਣ ਵਾਲੇ ਵਕਤ ਵਿਚ, ਅੰਗਰੇਜ਼ ਸਰਕਾਰ ਵਿਰੋਧੀ ਉਠਣ ਵਾਲੀਆਂ ਲਹਿਰਾਂ ਲਈ ਰਾਹ ਪੱਧਰਾ ਕੀਤਾ। ਵਿਰਕ ਨੇ ਹੁਕਮਨਾਮਿਆਂ ਵਿਚ ਦਰਜ ਸਤਿਗੁਰੂ ਜੀ ਦੀਆਂ ਉਦਾਤ ਮਾਨਵਵਾਦੀ ਸਿੱਖਿਆਵਾਂ ਨੂੰ ਅੱਜ ਦੇ ਸਮੇਂ ਵਿਚ ਪਰਸੰਗਕ ਦੱਸਦਿਆਂ ਕੂਕਾ ਅੰਦੋਲਨ ਦੇ ਜਮਹੂਰੀ, ਧਰਮ ਨਿਰਪੱਖ ਅਤੇ ਸਮਤਾਵਾਦੀ ਖਾਸੇ ਮੁਤਾਬਿਕ ਕੰਮ ਕਰਨ ਨੂੰ ਵੇਲੇ ਦੀ ਲੋੜ ਦੱਸਿਆ। ਉਹਨਾਂ ਕਿਹਾ ਕਿ ਅੱਜ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗੁਆਈ ਵਿਚ, ਜੀਵਨ ਦੇ ਵੱਖ ਵੱਖ ਖੇਤਰਾਂ ਵਿਚ ਆਪਣੀਆਂ ਸਰਗਰਮੀਆਂ ਸਦਕਾ, ਨਾਮਧਾਰੀ ਸਿੱਖ ਆਪਣੀ ਪਛਾਣ ਬਨਾਉਣ ਲਈ ਯਤਨਸ਼ੀਲ ਹਨ। ਹਿਦੀ ਵਿਚ ਦਿੱਤਾ ਭਾਸ਼ਣ ਸਰੋਤਿਆਂ ਵਲੋਂ ਸਰਾਹਿਆ ਗਿਆ। ਹਿਸਾਰ ਜ਼ਿਲ੍ਹਾ ਕਮਿਊਨਿਸਟ ਪਾਰਟੀ ਦਾ ਸਕੱਤਰ ਕਾ ਰੂਪ ਸਿੰਘ ਅਤੇ ਹੋਰ ਬੁੱਧੀਜੀਵੀ ਹਾਜ਼ਰ ਸਨ।

*"ਪੱਤਰ ਪ੍ਰੇਰਕ"*

## ਸੰਤ ਨਗਰ ਦੇ ਸਾਬਕਾ ਸਰਪੰਚ ਸ. ਹੀਰਾ ਸਿੰਘ ਭਿੰਡਰ ਦੇ ਭੋਗ ਸਮੇਂ ਠਾਕੁਰ ਉਦੇ ਸਿੰਘ ਹੋਰੀਂ ਪਹੁੰਚੇ

ਸੰਤ ਨਗਰ (ਸਿਰਸਾ-ਹਰਿਆਣਾ) ਇਲਾਕਾ ਜੀਵਨ ਨਗਰ ਦੇ ਨਾਮਧਾਰੀ ਪਿੰਡਾਂ ਵਿਚੋਂ ਸਭ ਤੋਂ ਵੱਧ ਆਬਾਦੀ ਵਾਲੇ ਵੱਡੇ ਤੇ ਉੱਘੇ ਪਿੰਡ ਸੰਤ ਨਗਰ ਦੇ ਤਿੰਨ ਵਾਰੀਆਂ ਕੋਈ ੧੯ ਸਾਲਾਂ ਦੇ ਕਰੀਬ, ਪਿਛਲੀ ਸਦੀ ਦੇ ਸਤਵੇਂ ਤੇ ਅਠਵੇਂ ਦਹਾਕੇ ਵਿਚ ਲਗਾਤਾਰ ਸਰਪੰਚ ਰਹਿਣ ਵਾਲੇ ਸ. ਹੀਰਾ ਸਿੰਘ ਭਿੰਡਰ (੯੦), ਮਾਮੂਲੀ ਬੀਮਾਰੀ ਬਾਅਦ ੧੦ ਜੁਲਾਈ ੨੦੧੧ ਨੂੰ ਸਿਰਸਾ ਸ਼ਹਿਰ ਦੇ ਇਕ ਨਿੱਜੀ ਹਸਪਤਾਲ ਵਿਚ



ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਨਮਿਤ ਆਦਿ ਸ੍ਰੀ ਗਰੰਥ ਸਾਹਿਬ ਦੇ ਇਕ ਸਹਿਜ ਪਾਠ ਦਾ ਭੋਗ ੧੯ ਜੁਲਾਈ ਨੂੰ ਪਿੰਡ ਸੰਤ ਨਗਰ ਦੇ "ਸ੍ਰੀ ਪ੍ਰਤਾਪ ਮੰਦਰ" ਵਿਚ ਹਜ਼ਾਰਾਂ ਦੀ ਗਿਣਤੀ ਵਿਚ ਜੁੜੀਆਂ ਸੰਗਤਾਂ ਦੀ ਹਾਜ਼ਰੀ ਵਿਚ ਪਾਇਆ ਗਿਆ। ਇਸ ਸਮੇਂ ਜਥੇਦਾਰ ਸੰਤੋਖ ਸਿੰਘ 'ਅੰਮ੍ਰਿਤਸਰ ਖੁਰਦ' ਨੇ ਆਪਣੇ ਜਥੇ ਸਮੇਤ ਵੈਰਾਗਮਈ ਰਸਭਿੰਨਾ ਕੀਰਤਨ ਕੀਤਾ। ਸੰਤ ਸੁਖਚੈਨ ਸਿੰਘ ਕੱਕੜ ਭੰਬੂਰ ਵਾਲਿਆਂ ਨੇ ਅੰਤਿਮ ਅਰਦਾਸ ਕੀਤੀ। ਇਸ ਮੌਕੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਚੇਚੇ ਪਹੁੰਚੇ ਸ੍ਰੀ ਉਦੇ ਸਿੰਘ ਨੇ ਵੀ ਆਪਣੀ ਹਾਜ਼ਰੀ ਭਰੀ। ਸ੍ਰੀ ਗੁਰੂ ਹਰੀ ਸਿੰਘ ਕਾਲਜ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ. ਸੁਖਦੇਵ ਸਿੰਘ ਸੰਧੂ ਦੇ ਮੰਚ ਸੰਚਾਲਨ ਵਿਚ ਸ਼ਰਧਾਂਜਲੀ ਸਮਾਗਮ ਹੋਇਆ। ਸੰਧੂ ਸਾਹਿਬ ਨੇ ਉਹਨਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ੇਸ਼-ਕਿਰਪਾ ਪਾਤਰ ਅਤੇ ਸਦਾ ਹੁਕਮ ਮੰਨਣ ਵਾਲੇ, ਗੁਰਸਿੱਖ ਦੇ ਤੌਰ ਤੇ ਯਾਦ ਕੀਤਾ। ਕਾਮਰੇਡ ਜਸਵੰਤ ਸਿੰਘ ਜੋਸ਼ ਜੀ ਨੇ ਉਹਨਾਂ ਦੀ ਨਿਮਰਤਾ, ਸਾਦਗੀ ਅਤੇ ਹਮੇਸ਼ਾਂ ਸੱਚੀ ਗੱਲ ਕਹਿਣ ਵਾਲੇ ਸੁਭਾਉ ਦੀ ਮੁਕਤ ਕੰਠ ਨਾਲ ਪਰਸੰਸਾ ਕੀਤੀ। ਜ਼ਿਲ੍ਹਾ ਸਿਰਸਾ ਕਾਂਗਰਸ ਕਮੇਟੀ ਦੇ ਪ੍ਰਧਾਨ ਸ. ਮਲਕੀਅਤ ਸਿੰਘ ਖੋਸਾ ਨੇ ਉਹਨਾਂ ਨੂੰ ਅੰਦਰੋਂ ਬਾਹਰੋਂ ਇਕ ਜਹੀ, ਨਿਰਮਾਣ, ਨਿਰਛਲ, ਬਜ਼ੁਰਗਾਨਾ ਸ਼ਖਸੀਅਤ ਦੇ ਤੌਰ ਤੇ ਵਡਿਆਇਆ। ਕਾ. ਸੁਵਰਨ ਸਿੰਘ ਵਿਰਕ ਨੇ ਰਹੀਮ ਕਵੀ ਦੇ ਹਵਾਲੇ ਨਾਲ ਉਹਨਾਂ ਨੂੰ ਬੋਹੜਾਂ ਪਿਪਲਾਂ ਜਹੀ ਵਿਸ਼ਾਲ ਤੇ ਛਾਂਦਾਰ ਹਸਤੀ ਦੱਸਦਿਆਂ, ਸਤਿਗੁਰੂ ਜਗਜੀਤ ਸਿੰਘ ਜੀ ਦੀ ਦੁਆਰਾ ਇਲਾਕਾ ਜੀਵਨ ਨਗਰ ਦੀ ਅਗੁਆਈ ਕਰਨ ਵਾਲੀਆਂ ਉਹਨਾਂ ਪੰਜ ਛੇ ਪ੍ਰਤਿਭਾ ਸੰਪੰਨ ਹਸਤੀਆਂ ਵਿਚੋਂ ਇਕ ਗਿਣਿਆ, ਜਿਹਨਾਂ ਵਿਚੋਂ ਹੁਣ ਇਕ ਡੇਢ ਹੀ ਪਿੱਛੇ ਰਹਿ ਗਈਆਂ ਹਨ। ਉਹਨਾਂ ਨੂੰ ਸਫਲ ਕਿਸਾਨ ਅਤੇ ਪਸ਼ੂ ਪਾਲਕ ਦੱਸਦਿਆਂ, ਸੰਤ ਨਗਰ ਵਿਚ ਸਤਿਗੁਰੂ ਪਰਤਾਪ ਸਿੰਘ ਦੁਆਰਾ ਦੋ ਸਤਿਕਾਰਤ ਹਸਤੀਆਂ, ਸੰਤ ਆਲਾ ਸਿੰਘ ਵਰਨ ਅਤੇ ਸੂਬਾ ਵਰਿਆਮ ਸਿੰਘ ਸਮਸਾ ਤੋਂ ਵਰੋਸਾਏ ਦੱਸਿਆ। ਸਰਪੰਚ ਸਾਹਿਬ ਦੀਆਂ ਪੰਜ ਭੈਣਾਂ ਵਿਚੋਂ ਚਾਰ ਸੰਤ ਨਗਰ ਵਿਖੇ ਹੀ ਪਿਆਰ ਕੌਰ, ਭਗਤ ਸਿੰਘ (ਘੋੜ-ਸਵਾਰ), ਕਰਤਾਰ ਕੌਰ ਸ. ਸ਼ਿਂਗਾਰਾ ਸਿੰਘ 'ਸ਼ਿੰਗਾਰ' (ਕਵੀ), ਪਰਸਿੰਨ ਕੌਰ ਸ. ਕਰਤਾਰ ਸਿੰਘ (ਭਤੀਜਾ ਸੰਤ ਆਲਾ ਸਿੰਘ) ਅਤੇ ਜੀਤ ਕੌਰ



Namdhari Elibrary NamdhariElibrary@gmail.com

ਮਾਸਟਰ ਬਲਰਾਜ ਸਿੰਘ ਜੀ ਨਾਲ ਅਤੇ ਸਭ ਤੋਂ ਵੱਡੀ ਭੈਣ ਬੀਬੀ ਤਾਰੋ, ਕਰੀਵਾਲੇ ਸੁੱਚਾ ਸਿੰਘ 'ਵਰਨ' ਨਾਲ ਵਿਆਹੀਆਂ ਸਨ। ਉਹਨਾਂ ਦੀ ਧਰਮ ਪਤਨੀ ਬੀਬੀ ਕਰਤਾਰ ਕੌਰ ਸੂਬਾ ਵਰਿਆਮ ਸਿੰਘ ਸਮਸਾ ਦੇ ਛੋਟੇ ਭਾਈ ਇੰਦਰ ਸਿੰਘ ਦੀ ਪੁੱਤਰੀ ਸੀ। ਸਰਪੰਚ ਸਾਹਿਬ ਪੰਜ ਪੁਤਰਾਂ ਦਰਸ਼ਨ ਸਿੰਘ, ਅਮਰ ਸਿੰਘ, ਧਿਆਨ ਸਿੰਘ, ਸ਼ਿਵਦੇਵ ਸਿੰਘ ਸਾਬਕਾ ਐਮ. ਸੀ. ਰਾਣੀਆਂ ਅਤੇ ਮੱਖਣ ਸਿੰਘ ਤੇ ਦੋ ਪੁੱਤਰੀਆਂ ਦਾ ਭਰਿਆ ਪੂਰਾ ਪਰਿਵਾਰ ਛੱਡ ਕੇ ਗਏ ਹਨ। ਪਾਕਿਸਤਾਨ ਵਿਚੋਂ ਉਹ ਮਾਨਾਂਵਾਲਾ (ਸ਼ੇਖੂਪੁਰਾ) ਤੋਂ ਆਏ ਮੁੱਢ ਦਾਤੇਵਾਲ (ਸਿਆਲਕੋਟ) ਸੀ। ਮੁੱਖ ਮੰਤਰੀ, ਹਰਿਆਣਾ ਸਰਕਾਰ ਦੇ ਓ. ਐਸ. ਡੀ ਡਾ. ਕੇ. ਵੀ. ਸਿੰਘ ਨੇ ਬਜ਼ੁਰਗਾਂ ਦੀ ਯਾਦ ਵਿਚ ਨਤਮਸਤਕ ਹੁੰਦਿਆਂ ਭਿੰਡਰ ਪਰਿਵਾਰ ਨਾਲ, ਆਪਣੀ ਲੰਮੀ ਸਮਾਜਿਕ ਅਤੇ ਸਿਆਸੀ ਸਾਂਝ ਦੀ ਚਰਚਾ ਕਰਦਿਆਂ, ਇਸ ਨੂੰ ਇਲਾਕੇ ਦਾ ਇਕ ਮਿਸਾਲੀ ਪਰਿਵਾਰ ਦੱਸਿਆ, ਜੋ ਕਾਂਗਰਸੀ ਹੁੰਦਿਆਂ, ਸਤਿਗੁਰੂ ਜੀ ਦੇ ਹਰ ਹੁਕਮ ਤੇ ਫੁੱਲ ਚੜ੍ਹਾਉਣ ਲਈ ਤਿਆਰ ਹੈ। ਸੰਤ ਖਜ਼ਾਨ ਸਿੰਘ, ਸ. ਤੇਜਾ ਸਿੰਘ ਚੰਦੋਂਵਾਲੀਆ, ਐਮ. ਐਲ. ਸੀ. ਦੇ ਸਕੇ ਮਸੇਰ ਸਨ। ਸਰਪੰਚ ਸਾਹਿਬ ਦੇ ਪਿਤਾ ਸੰਤ ਖਜ਼ਾਨ ਸਿੰਘ ਗੁਰੂ ਹਰੀ ਸਿੰਘ ਤੋਂ ਵਰੋਸਾਏ ਸਨ। ਉਹਨਾਂ ਦੇ ਮਾਤਾ ਜੀ ਦਾ ਨਾਮ ਹਰਨਾਮ ਕੌਰ ਜੀ ਸੀ। ਸੰਤ ਗਿਆਨ ਸਿੰਘ ਭਿੰਡਰ ਕੁਝ ਵਰ੍ਹੇ ਪਹਿਲਾਂ ਸੰਤ ਨਗਰ ਵਿਚ ਹੀ ਚਲਾਣਾ ਕਰ ਗਏ ਸਨ।

## ਬੀਬੀ ਪ੍ਰੀਤਮ ਕੌਰ ਉਰਫ ਮਾਤਾ ਹਕੀਮਣੀ ਦਾ ਖੂਹ ਅੰਮ੍ਰਿਤਸਰੀਆਂ (ਸਿਰਸਾ) ਵਿਖੇ ਭੋਗ

ਖੂਹ ਅੰਮ੍ਰਿਤਸਰੀਆਂ-'ਸੰਤ ਨਗਰ' ਪਿੰਡ ਦੇ ਹੀ ਇਕ ਭਾਗ "ਖੂਹ ਅੰਮ੍ਰਿਤਸਰੀਆਂ" ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿੱਜੀ ਲਾਂਗਰੀ, ਹਜ਼ੂਰੀ ਵੈਦ ਅਤੇ ਲੰਮਾ ਸਮਾਂ ਡੇਰਾ ਸ੍ਰੀ ਭੈਣੀ ਸਾਹਿਬ ਦੀ, ਆਪ ਦੇ ਸਮੇਂ ਸੇਵਾ ਕਰਨ ਵਾਲੇ ਹਕੀਮ ਬਘੇਲ ਸਿੰਘ ਹੋਰਾਂ ਦੀ ਧਰਮ ਪਤਨੀ, ਮਾਤਾ ਪਰੀਤਮ ਕੌਰ ਦਾ ਖੂਹ ਦੇ ਸਕੂਲ ਵਿਚ, ੨੦ ਜੁਲਾਈ ੨੦੧੧ ਨੂੰ ਸ੍ਰੀ ਆਦਿ ਗਰੰਥ ਦਾ ਇਕ ਸਹਿਜ ਪਾਠ ਕਰਕੇ ਭੋਗ ਪਾਇਆ ਗਿਆ। ਇਸ ਮੌਕੇ ਇਕ ਪਾਠ ਹਕੀਮ ਜੀ ਨਮਿਤ ਭਾਈ ਦਰਸ਼ਨ ਸਿੰਘ ਜੀ ਨੇ ਕੀਤਾ। ਹਕੀਮ ਬਘੇਲ ਸਿੰਘ ਵੰਡ ਤੋਂ ਬਾਅਦ ਹੋਰ ਨਾਮਧਾਰੀਆਂ ਜਿਉਂ ਇੱਥੇ ਆਬਾਦ ਹੋਏ। ਉਹ ੧੯੬੮ ਈ. ਵਿਚ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦਾ ਪਿੰਡ "ਮੁਗਲ ਚੱਕ" (ਅੰਮ੍ਰਿਤਸਰੀ) ਸੀ। ਮਾਤਾ ਹਕੀਮਣੀ ਦਾ ਪਿੰਡ, ਚੱਕ ਦੇਸ ਰਾਜ (ਜਲੰਧਰ) ਸੀ ਅਤੇ ਉਹ ਪ੍ਰਸਿੱਧ ਨਾਮਧਾਰੀ, ਸੰਤ ਹਜ਼ੂਰਾ ਸਿੰਘ ਭੂਰੀ ਵਾਲਿਆਂ ਦੀ ਸ਼ਰੀਕੇ ਵਿਚੋਂ ਭੈਣ ਸੀ। ਛੋਟੇ ਪੁੱਤਰ ਅਤਰ ਸਿੰਘ ਦੇ ਅਮਰੀਕਾ ਜਾ ਵੱਸਣ ਬਾਅਦ ਉਹ ਛੋਟੀ ਨੂੰਹ ਅਤੇ ਉਸਦੇ ਬੱਚਿਆਂ ਪਾਸ ਟਿਕੇ ਰਹੇ। ਉਨ੍ਹਾਂ ਨੇ ੧੦੪ ਸਾਲ ਉਮਰ ਭੋਗੀ। ਉਹਨਾਂ ਦਾ ਵੱਡਾ ਸਪੁੱਤਰ ਕਾਮਰੇਡ ਬੂਟਾ ਸਿੰਘ ਪ੍ਰੀਤ ਸੈਨਿਕ ਵੀ ਰਿਹਾ ਹੈ। ਉੱਘਾ ਸਮਾਜ ਸੇਵਾ, ਪੰਜਾਬੀ ਸ਼ਾਇਰ ਅਤੇ ਸਰਗਰਮ ਕਮਿਊਨਿਸਟ ਕਾਰਕੁੰਨ ਹੈ। ਪੈਲੀ ਐਮ. ਪੀ. ਵਿਚ ਵੀ ਹੈ। ਨਿਵਾਸ ਰਾਣੀਆ ਕਸਬੇ ਵਿਚ ਰੱਖ ਕੇ ਬੱਚੇ ਪੜ੍ਹਾਏ ਤੇ ਕੰਮਾਂ ਤੇ ਲੁਆਏ ਹਨ। ਮਾਤਾ ਜੀ ਦੀ ਇਕੋ ਪੁੱਤਰੀ ਬੀਬੀ ਰਾਣੀ, ਸ. ਹੀਰਾ ਸਿੰਘ ਭਿੰਡਰ ਦੇ ਪੁੱਤਰ ਧਿਆਨ ਸਿੰਘ ਨਾਲ ਵਿਆਹੀ ਹੈ। ਸ੍ਰੀ ਭੈਣੀ ਸਾਹਿਬ ਤੋਂ ਆਏ ਹਜ਼ੂਰੀ ਰਾਗੀ, ਸੰਤ ਹਰਬੰਸ ਸਿੰਘ ਘੁੱਲਾ ਤੇ ਉਹਨਾਂ ਦੇ ਜਥੇ ਨੇ ਰਸਭਿੰਨਾ ਕੀਰਤਨ ਕੀਤਾ। ਗਿਆਨ ਸਿੰਘ ਕੱਕੜ ਦੇ ਮੰਚ ਸੰਚਾਲਨ ਹੇਠ, ਜਸਵੰਤ ਸਿੰਘ ਜੋਸ਼ ਤੇ ਸੁਵਰਨ ਸਿੰਘ ਵਿਰਕ ਨੇ ਮਾਤਾ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਸਮੇਂ ਇਲਾਕੇ ਦੇ ਬਹੁਤ ਸਾਰੇ ਪਤਵੰਤੇ, ਰਾਜਸੀ ਆਗੂ, ਸਾਹਿਤਕਾਰ ਵੀ ਹਾਜ਼ਰ ਸਨ।

## अखंड श्री हरिनाम जप एवमं कीर्तन सप्ताह-औरंगाबाद

श्री सतिगुरु जी की कृपा से श्री रामहरी सचाखंड मंदिर, नामधारी फार्मस झाल्टा, औरंगाबाद पर श्री सतिगुरु रामसिंह जी महाराज के दर्शन निमित्त व देश की सुख समृद्धि एवंम अच्छी बर्षा होने हेतु दिनांक १९/०६/२०११ से २६/०६/२०११ तक अखंड श्री हरिनाम जप एवंम कीर्तन सप्ताह का आयोजन किया गया जिसमें जत्थेदार गुरदीप सिंह जी श्री भैणी साहिब से अपने जत्थे के साथ औरंगाबाद दि. १५/०६/२०११ को पहुँचे, और भी संतजन हरियाणा सरसा से दि. १४/०६/२०११ को पहुँचे।

अखंड हरिनाम जप (अखंड वरनी) का शुभारंभ १६/०६/२०११ से ही हो गया, १९/०६/२०११ को श्री आसा दी वार के कीर्तन के साथ सुबेरे ४ बजे मेले की आरंभता हुई। रोज सुबेरे ४.०० से ५.३० बजे तक आसा दी वार का कीर्तन, उपरंत हवन बरनी, दुपहर को ३ से ४ भगौती सिमरण, शाम को ६.०० से ७.०० नाम सिमरण, उपरंत महाराष्ट्रीयन बच्चों का शब्द गायन व कवि गुरसेवक सिंह का प्रवचन व शब्द, कविता गायन उपरंत जत्थेदार गुरदीप सिंह जी का दीवान रात ९.०० बजे तक उपरंत अरदास व लंगर का वितरण होता रहा यह कार्यक्रम २५/०६/२०११ तक चला।

समाप्ति २६/०६/२०११ को थी, सुबेरे आसा दी वार के कीर्तन के बाद अखंड वरनी की समाप्ति ६.०० बजे की गई, सुबेरे ९.३० आदि श्री गुरु ग्रंथ साहिब के साधारण ६ पाठो के भोग डाले गये, ३ पाठ श्री सतिगुरु रामसिंह जी के दर्शन निमित्त, २ पाठ श्री सतिगुरु जगजीत



Namdhari Elibrary NamdhariElibrary@gmail.com

सिंह जी महाराज की देह अरोगता के लिए व एक पाठ श्री हरभजन सिंह जी के माता पिता की याद में।

कार्यक्रम की अरंभता १० बजे हुई पहले महाराष्ट्रीयन बच्चों का गायन काटे गुरुजी व घोडके महाराज का कीर्तन व प्रवचन यह सब ११.०० बजे तक चला, ११.00 से १२ बजे तक पंडित नाथराव जी नेरलकर जी का शब्द गायन हुआ, उपरंत श्री हरभजन सिंह जी ने हरि हरि नाम जपंतिया, कछु न कहे जमकाल, नानक मन तन सुखी होवै, अंतह मिले गोपाल, की धारणा के साथ जत्थेदार गुरुदीप सिंह जी के साथ मिलकर कीर्तन किया व नाम सिमरण का महात्तम कितना कितना नाम सिमरण करने से कितना कितना फल मिलता है व गुरु धारणा करने की आवश्यकता बताई व नामदेव महाराज का भगवान के दर्शन होने के बाद औंढा नागनाथ जाकर विसोबा खेचर जी को गुरु धारणा करने का प्रसंग सुनाया, उपरंत जत्थेदार गुरुदीप सिंह जी ने पौने दो घंटा दीवान लगाया।

''मन राम नाम बेदीअले'' की धारणा के साथ दीवान शुरू किया व ''भजले प्यारे सांज सुबेरे एक माला हरिनाम की'' की धारणा के साथ समाप्ति की। उपरंत १० मिनट भाई खडग सिंहजी भाई दयासिंह गुरुदवारे के ग्रंथी जी ने अपने विचारों में जुग जुग भगत उपाया'' के साथ कहा कि कैसे भगतों की रक्षा हर जुग में होती आयी है। उपरंत कोरिया के नुगा बेस्ट स्पाईन थेरेपी वाले लोग आये थे उनका माला पहनाकर स्वागत किया गया व उस थेरेपी के क्या क्या फायदे हैं उन्होंने बड़े विस्तार से बताया व अंजली वाघमोडे ने भी अपने इशतिहार बांटे व इस थेरेपी की महत्वता के बारे में जानकारी दी। उपरंत श्री सुभाष राव जवकर ने सभी का धन्यवाद किया, संत मंडली का भी धन्यवाद किया व आई साधसंगत को भी धन्यवाद किया उपरंत लंगर बाटा गया।

*सेक्रेटरी, सुभाषराव जवकर*
*नामधारी संगत, औरंगाबाद*

## ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਦੀ ਮਾਸਿਕ ਮਿਲਣੀ

*—ਪ੍ਰੋ. ਪਾਲ ਸਿੰਘ*

ਪਿਛਲੇ ਦਿਨੀਂ ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਦੀ ਮਾਸਿਕ ਮਿਲਣੀ ਪ੍ਰਿੰ. ਨਵਰਾਹੀ ਘੁਗਿਆਣਵੀ ਦੀ ਸਰਪ੍ਰਸਤੀ ਹੇਠ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਹੋਈ ਰਚਨਾਵਾਂ ਦੇ ਦੌਰ ਵਿਚ ਲਾਲ ਸਿੰਘ ਕਲਸੀ, ਗੁਰਚਰਨ ਸਿੰਘ ਗਿੱਲ, ਗੁਰਾਂਦਿੱਤਾਂ ਸਿੰਘ ਸੰਧੂ ਗੀਤਕਾਰ, ਬਿੱਕਰ ਸਿੰਘ ਆਜ਼ਾਦ, ਗੁਰਦਰਸ਼ਨ ਸਿੰਘ ਪਰਸ਼ਨ, ਸੁਭਾਸ਼ ਗਰੋਵਰ, ਬਨਾਰਸੀ ਦਾਸ ਸ਼ਾਸਤਰੀ, ਸ਼ਾਮ ਸੁੰਦਰ ਕਾਲੜਾ, ਪ੍ਰਿੰ. ਨਵਰਾਹੀ, ਪ੍ਰੋ. ਪਾਲ ਸਿੰਘ, ਹਰਭਜਨ ਸਿੰਘ ਸੰਧੂ, ਜੰਗਪਾਲ ਸਿੰਘ ਬਰਾੜ, ਇਕਬਾਲ ਘਾਰੂ, ਬਲਬੀਰ ਸਿੰਘ ਧੀਰ ਨੇ ਭਾਵਪੂਰਤ ਰਚਨਾਵਾਂ ਪੇਸ਼ ਕੀਤੀਆਂ ਜਿਨ੍ਹਾਂ ਉਪਰ ਜ਼ੋਰਾ ਸਿੰਘ ਸੰਧੂ, ਬਲਦੇਵ ਮੋਂਗਾ ਤੇ ਧਰਮ ਪ੍ਰਵਾਨਾ ਨੇ ਉਸਾਰੂ ਅਲੋਚਨਾ ਕੀਤੀ। ਇਕ ਸ਼ੋਕ ਮਤੇ ਰਾਹੀਂ ਪ੍ਰੋ. ਜਸਵੰਤ ਸਿੰਘ ਵਿਰਦੀ, ਡਾ. ਹਰਨਾਮ ਸਿੰਘ ਸ਼ਾਨ ਅਤੇ ਪ੍ਰਿੰ. ਮੋਹਨ ਸਿੰਘ ਪ੍ਰੇਮ ਦੇ ਅਕਾਲ ਚਲਾਣੇ ਉਪਰ ਦੁੱਖ ਪ੍ਰਗਟ ਕੀਤਾ। ਇਕਬਾਲ ਘਾਰੂ ਦਾ ਨਵਾਂ ਗੀਤ ਸੰਗ੍ਰਹਿ 'ਯਾਦਾਂ ਦੀ ਲੋਅ' ਅਗਲੇ ਮਹੀਨੇ ਰਲੀਜ਼ ਕੀਤਾ ਜਾਵੇਗਾ। ਪ੍ਰਧਾਨਗੀ ਭਾਸ਼ਣ ਵਿਚ ਪ੍ਰਿੰ. ਨਵਰਾਹੀ ਨੇ ਸਭ ਦਾ ਧੰਨਵਾਦ ਕੀਤਾ।

## ਸਹਿਯੋਗ

| | |
|---|---|
| ਸੰਤ ਬਲਵਿੰਦਰ ਸਿੰਘ ਜਲੰਧਰ ਸਪੁੱਤਰ ਬਲਵੰਤ ਸਿੰਘ-ਬਸੰਤ ਸਿੰਘ ਦੇ ਕਾਰੋਬਾਰ ਦੀ ਖ਼ੁਸ਼ੀ ਵਿੱਚ ਪਾਠ ਦੇ ਭੋਗ, ਕੀਰਤਨ ਲੰਗਰ ਸਮੇਂ | ੨੫੦-੦੦ |
| ਸ. ਜੁਗਿੰਦਰ ਸਿੰਘ ਨਾਮਧਾਰੀ ਵਾਪੀ ਗੁਜਰਾਤ | ੧੦੦੦-੦੦ |
| ਸ. ਰਾਮ ਰਤਨ ਸਿੰਘ ਨਾਮਧਾਰੀ ਡੀ-੩੫ ਪ੍ਰਤਾਪ ਨਗਰ ਦਿੱਲੀ ੧੧੦੦੦੭ | ੧੧੦੦-੦੦ |
| ਕਵੀਸ਼ਰ ਗੁਰਸੇਵ ਸਿੰਘ ਢਿਲੋਂ ਸ੍ਰੀ ਭੈਣੀ ਸਾਹਿਬ | ੩੦੦-੦੦ |
| ਵਰਿਆਮ ਦੇ ਇਕ ਪਾਠਕ ਵੱਲੋਂ ੪ ਅਗਸਤ ੨੦੧੧ ਨੂੰ ਆਪਣੇ ਬਾਪੂ ਜੀ ਦੀ ੨੯ਵੀਂ ਬਰਸੀ ਦੇ ਅਵਸਰ ਤੇ. | ੫੦੦੦-੦੦ |
| ਸ. ਦਲਬੀਰ ਸਿੰਘ ਤਰਸ ਆਸਟ੍ਰੇਲੀਆ | ੧੦੦੦-੦੦ |
| ਉਸਤਾਦ ਹਰਭਜਨ ਸਿੰਘ ਦਿੱਲੀ, ਯੂ.ਕੇ. | ੧੦੦੦-੦੦ |
| ਜਥੇਦਾਰ ਨਿਰੰਜਨ ਸਿੰਘ ਕੰਗ ਟਮਕੌਦੀ ਲੁਧਿਆਣਾ ਸਪੁੱਤਰ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿੱਚ | ੩੦੦-੦੦ |



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਆਪ ਦਾ ਰਿਣੀ ਹਾਂ ਜੋ 'ਵਰਿਆਮ' ਦੀ ਵਰਿਆਮਤਾ ਦੇ ਨਿਰੰਤਰ ਦੀਦਾਰੇ ਬਖ਼ਸ਼ ਰਹੇ ਹੋ। ਇਸ ਨਾਲ ਜਿੱਥੇ ਮੈਂ ਖ਼ੁਦ ਨੂੰ ਪੰਜਾਬੀ ਮਾਂ ਦੀ ਨਿੱਘੀ ਗੋਦ ਦਾ ਅਨੰਦ ਪ੍ਰਾਪਤ ਕਰਦਾ ਹਾਂ। ਓਥੇ ਨਾਲ ਹੀ ਆਪਣੇ ਮਨ ਪਸੰਦ ਪਿਆਰੇ ਲੇਖਕ ਦੇ ਦਰਸ਼ਨ ਵੀ ਕਰ ਲੈਂਦਾ ਹਾਂ। ਹਰ ਵਾਰੀ ਨਵਾਂ ਕੁੱਝ ਪਰੋਸਦੇ ਵਿਦਵਾਨ ਸ. ਸੁਵਰਨ ਸਿੰਘ ਵਿਰਕ, ਸ. ਤਰਲੋਚਨ ਸਿੰਘ, ਮਾਸਟਰ ਅਮਰੀਕ ਸਿੰਘ ਹੋਰਾਂ ਨਾਲ ਮੇਲ ਹੋ ਜਾਂਦਾ ਹੈ ਓਥੇ ਤੁਹਾਡਾ ਸੰਪਾਦਕੀ ਰਾਹੀਂ ਪੰਜਾਬ/ਭਾਰਤ ਦੀ ਕਿਸੇ ਦੀਰਘ ਸਮੱਸਿਆ ਸੰਬੰਧੀ ਵੀ ਸੋਝੀ ਹੋ ਆਉਂਦੀ ਹੈ।

ਮੈਗਜ਼ੀਨ ਦੇ ਅੰਤਿਮ ਭਾਗ ਤੋਂ ਸਾਹਿਤਕ ਗਤੀਵਿਧੀਆਂ ਪ੍ਰਤੱਖ ਹੁੰਦੀਆਂ ਹਨ ਤੇ ਨਾਲ ਹੀ ਨਾਮਧਾਰੀ ਸੰਗਤ ਦੇ ਦੁੱਖਾਂ ਸੁੱਖਾਂ ਨਾਲ ਵੀ ਸਾਂਝ ਪੈਂਦੀ ਹੈ।

*ਕਰਤਾਰ ਸਿੰਘ ਕਾਲੜਾ, ਅਸਟ੍ਰੇਲੀਆ*

ਵਰਿਆਮ ਲਗਾਤਾਰ ਮਿਲ ਰਿਹਾ ਹੈ ਜਿਸ ਲਈ ਮੈਂ ਸ. ਜਗਦੀਸ਼ ਸਿੰਘ ਵਰਿਆਮ ਅਤੇ ਸਾਥੀਆਂ ਦਾ ਧੰਨਵਾਦੀ ਹਾਂ। ਵਰਿਆਮ ਆਪਣੇ ਹੀ ਰੰਗ ਦਾ ਪਰਚਾ ਹੈ ਜੋ ਵੱਖਰੇ ਢੰਗ ਨਾਲ ਸਾਹਿਤ ਤੇ ਸਮਾਜ ਦੀ ਸੇਵਾ ਕਰ ਰਿਹਾ ਹੈ। ਅਗਸਤ ੨੦੧੧ ਅੰਕ ਵਿਚ ਹੋਰਨਾਂ ਤੋਂ ਇਲਾਵਾ ਵਰਿਆਮ ਸਿੰਘ ਸੰਧੂ ਤੇ ਡਾ. ਸੁਰਿੰਦਰ ਮੰਡ ਦੀਆਂ ਰਚਨਾਵਾਂ ਭਾਵਪੂਰਤ ਹਨ। ਖ੍ਵਾਜਾ ਦਿਲ ਮੁਹੰਮਦ ਦੁਆਰਾ ਜਪੁਜੀ ਸਾਹਿਬ ਦਾ ਉਰਦੂ ਵਿਚ ਅਨੁਵਾਦ ਸਲਾਹੁਣਯੋਗ ਹੈ। ਵਿਰਦੀ ਜੀ ਦਾ ਵਿਛੋੜਾ ਦੁਖਦਾਈ ਹੈ।

*—ਨਵਰਾਹੀ ਘੁਗਿਆਣਵੀ*
*ਫ਼ਰੀਦਕੋਟ-੧੫੧੨੦੩*
*ਫ਼ੋਨ-੯੮੧੫੦-੦੨੩੦੨*

ਵਰਿਆਮ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਜਦੋਂ ਤਕ ਨਾ ਅਪੜੇ ਚਿੰਤਾ-ਜਦੋਂ ਯਾਦ ਕਰੀਏ ਆ ਬਹੁੜਦਾ ਹੈ। ਮਨ ਦੀ ਪਿਆਸ ਨੂੰ ਨਵੇਂ ਲੇਖਾਂ ਕਵਿਤਾਵਾਂ ਗ਼ਜ਼ਲਾਂ ਨਾਲ ਤ੍ਰਿਪਤ ਕਰ ਦਿੰਦਾ ਹੈ। ਛਤੀਵੇਂ ਸਾਲ ਦਾ ਜੁਲਾਈ ਅੰਕ ਮਿਲਿਆ। ਸੰਪਾਦਕੀ ਨਾਲ ਅੱਜ ਦੇ ਸਿਆਸੀ ਵਾਤਾਵਰਨ ਦੀ ਜਾਣਕਾਰੀ ਨਾਲ-ਨਾਲ ਮਸ਼ਵਰਾ ਵਧੀਆ ਲੱਗਿਆ।

ਡਾ. ਨਰੇਸ਼ ਦਾ ਸਿਖਿਆ ਨੀਤੀ ਤੇ ਵਖਿਆਨ ਵਧੀਆ ਲੱਗਿਆ ਤੇ ਸੋਚਣ ਲਈ ਮਜਬੂਰ ਕਰਦਾ ਹੈ।

ਵਰਿਆਮ ਵਿਚ ਕਈ ਵਾਰ ਅਜਿਹੇ ਲੇਖ ਜਾਂ ਤਸਵੀਰਾਂ ਦੇਖਣ ਨੂੰ ਮਿਲਦੀਆਂ ਹਨ ਜਿਹੜੀਆਂ ਪਹਿਲਾਂ ਨਜ਼ਰ ਨਹੀਂ ਆਈਆਂ ਹੁੰਦੀਆਂ। ਇਨ੍ਹਾਂ ਨੂੰ ਉਪਲਬਧ ਕਰ ਕੇ ਅਨੰਦਤ ਕਰ ਦਿੰਦੇ ਹੋ। ਐਤਕੀਂ 'ਜਪੁਜੀ' ਸਾਹਿਬ ਦਾ ਉਰਦੂ ਵਿਚ ਤਰਜਮਾ ਬਹੁਤ ਵਧੀਆ ਲੱਗਿਆ।

ਸ. ਤ੍ਰਿਲੋਚਨ ਸਿੰਘ ਜੀ ਦੇ ਲੇਖ ਹਮੇਸ਼ਾ ਹੀ ਇਕ ਨਵੀਨਤਾ ਪੇਸ਼ ਕਰਦੇ ਹਨ। ਸਚਾਈ ਤੇ ਅਧਾਰਤ ਹੁੰਦੇ ਹਨ। ਐਤਕੀਂ ਸਿਆਸਤ ਦੀਆਂ ਪੁਰਾਣੀਆਂ ਗਠਜੋੜਾਂ ਦੀਆਂ ਝਲਕੀਆਂ ਦਿਖਾ ਕੇ ਬਚਪਨਾ ਯਾਦ ਕਰਵਾ ਦਿੱਤਾ। ਮੈਂ ਸਰਦਾਰ ਸਾਹਿਬ ਨੂੰ ਉਨ੍ਹਾਂ ਦੀ ਸਚਾਈ ਤੇ ਸਪਸ਼ਟਤਾ ਲਈ ਮੁਬਾਰਕਬਾਦ ਦਿੰਦਾ ਹਾਂ।

ਸਵਰਨ ਸਿੰਘ ਵਿਰਕ ਦੇ ਲੇਖ ਜੋ ਨਾਮਧਾਰੀ ਸੰਘਰਸ਼ ਯੁੱਗ ਦੇ ਹੀਰੋ ਵਿਅਕਤੀਆਂ ਦੇ ਸੰਘਰਸ਼ ਤੇ ਜ਼ਿੰਦਗੀ ਤੇ ਅਧਾਰਤ ਹਨ, ਇਹ ਇਕ ਇਤਿਹਾਸ ਰਚਿਆ ਜਾ ਰਿਹਾ ਹੈ ਆਣ ਵਾਲੀਆਂ ਪੀੜ੍ਹੀਆਂ ਦਾ ਮਾਰਗ ਦਰਸ਼ਨ ਕਰੇਗਾ। ਸੂਬਾ ਮਹਿਲ ਸਿੰਘ ਜੇਠਪੁਰਾ ਇਕ ਸੱਚੇ ਸੁੱਚੇ ਉਚੇ ਕਿਰਦਾਰ ਦਾ ਮਾਲਕ ਸੀ ਤੇ ਆਪਣੇ ਗੁਰੂ ਤੇ ਪੂਰੀ ਨਿਸ਼ਠਾ ਰੱਖਦਾ ਸੀ। ਅਜਿਹੇ ਸੂਰਮਿਆਂ ਦਾ ਇਤਿਹਾਸ ਪੜ੍ਹ ਕੇ ਉਨ੍ਹਾਂ ਦੀ ਯਾਦ ਵਿਚ ਸਿਰ ਝੁਕ ਜਾਂਦਾ ਹੈ।

ਸਾਧੂ ਸਿੰਘ ਕਿਸਾਨ ਦਾ ਈਮਾਨ ਵਾਲਾ ਹਾਦਸਾ ਪੜ੍ਹ ਕੇ ਲੂੰ ਕੰਢੇ ਖੜੇ ਹੋ ਗਏ। ਬਹੁਤ ਘੱਟ ਲੋਕ ਹਨ ਜੋ ਇਸ ਤਰ੍ਹਾਂ ਦੇ ਇਮਤਿਹਾਨ ਚੋਂ ਪਾਸ ਹੁੰਦੇ ਹਨ। ਫਿਰ ਈਮਾਨ ਲਈ ਪੁੱਤਰ ਦੇ ਖ਼ੂਨ ਦੀ ਜਾਣਕਾਰੀ ਹੁੰਦੇ ਹੋਏ-ਖ਼ੂਨੀ ਨੂੰ ਬਖਸ਼ਾਣਾ ਬਹੁਤ ਜਿਗਰੇ ਵਾਲੀ ਗੱਲ ਹੈ। ਖ਼ੁਦਾ ਤੇ ਭਰੋਸਾ ਕੀਤਾ। ਸਵਾਮੀ ਬ੍ਰਹਮਦੇਵ ਉਦਾਸੀ ਜੀ ਦਾ ਲੇਖ, ਬ੍ਰਹਮਗਿਆਨ ਅਤੇ ਗੁਰਬਾਣੀ ਇਸ ਕਿਸ਼ਤ ਵਿਚ-ਗੁਰੂ ਗ੍ਰੰਥ ਸਾਹਿਬ ਦੇ ਆਦਰ ਸਤਿਕਾਰ ਬਾਰੇ ਮੂਰਤੀ ਪੂਜਾ ਅਖਾਣ ਤੇ ਆਪਣਾ ਸਪਸ਼ਟੀਕਰਨ ਗੁਰਬਾਣੀ ਦੇ ਇਤਿਹਾਸ ਵਿਚੋਂ ਦੇ ਕੇ ਸਿੱਧ ਕਰਦੇ ਹਨ- ਇਹ ਮਾਨਸਿਕ ਪੂਜਾ ਪਧਤੀ ਹੈ।

"ਰਾਮ ਰਾਮ" ਲੇਖ ਵਿਚ ਬੀਬੀ ਬਚਿੰਤ ਕੌਰ ਇਹ ਸਿੱਧ ਕਰਨ ਵਿਚ ਕਾਮਯਾਬ ਹੁੰਦੀ ਹੈ ਕਿ ਲਿਖਾਰੀ ਵਲੋਂ ਲਿਖਣਾਂ, ਤੇ ਰਾਮ ਰਾਮ ਜਪਣਾ ਦੋਨੋ ਹੀ ਔਖੇ ਕੰਮ ਹਨ।

ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦਾ ਉਲੇਖ ਬਹੁਤ ਵਧੀਆ ਤੇ ਸੁਚੱਜੇ ਸ਼ਬਦਾਂ ਨਾਲ ਕੀਤਾ ਹੈ। ਜਸਵਿੰਦਰਜੀਤ ਬਾਜਵਾ ਜੀ ਨੇ-ਲਿਖਦੇ ਹਨ ਪੰਜਾਬੀਅਤ ਦਾ ਮੁੱਖ ਅੰਗ ਹੈ ਪੰਜਾਬੀ ਭਾਸ਼ਾ ਜਾਂ ਪੰਜਾਬੀ ਮਾਂ ਬੋਲੀ। ਪੰਜਾਬੀ ਕਿਸੇ ਧਰਮ ਦਾ ਹੋਵੇ ਸਭਿਆਚਾਰ ਵਿਚ ਉਸਦਾ ਬਰਾਬਰ ਦਾ ਹਿੱਸਾ ਹੈ। ਹਰ ਪੰਜਾਬੀ ਨੂੰ ਆਪਣੀ ਮਾਂ ਬੋਲੀ ਤੇ ਪੂਰਾ ਮਾਣ ਹੋਣਾ ਚਾਹੀਦਾ ਹੈ-ਪਰ ਅੱਜ ਦਾ ਪੰਜਾਬੀ ਪੰਜਾਬ ਤੋਂ ਬਾਹਰ ਸੂਬਿਆਂ ਵਿਚ ਵੱਸਦੇ ਲੋਕ ਮਾਂ ਬੋਲੀ ਨਾਲੋਂ ਅੰਗਰੇਜ਼ੀ, ਹਿੰਦੀ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਆਪਣੇ ਬੱਚਿਆਂ ਨਾਲ ਘਰਾਂ ਵਿਚ ਵੀ ਹਿੰਦੀ, ਅੰਗਰੇਜ਼ੀ ਬੋਲਣਗੇ ਉਹ ਵੀ ਟੁੱਟੀ ਭੁਟੀ। ਮੈਨੂੰ ਤਾਂ ਲੱਗਦਾ ਹੈ ਕਿ ਹੋਰ ੧੦, ੧੫ ਸਾਲਾਂ ਬਾਅਦ ਪੰਜਾਬ ਤੋਂ ਬਾਹਰ ਗੁਰਬਾਣੀ ਦਾ ਪਾਠ ਕਰਨ ਵਾਲਾ ਵੀ ਕੋਈ ਵਿਰਲਾ ਹੀ ਮਿਲੇਗਾ। ਜੇ ਹਾਲਾਤ ਅਜਿਹੇ ਰਹੇ।

*—ਡਾ. ਡੀ. ਐਸ. ਮਠਾੜੂ , ਭਿਲਾਈ*
*ਫੋਨ-੦੯੪੦੬੩੨੨੦੭੬*

ਅਗਸਤ ਦੇ 'ਵਰਿਆਮ' ਵਿਚ ਮੇਰੀਆਂ ਗ਼ਜ਼ਲਾਂ ਛਾਪਣ ਲਈ ਧੰਨਵਾਦ। ਮੈਗਜ਼ੀਨ ਮੈਨੂੰ ਮਿਲ ਗਿਆ ਹੈ।

ਕਾਲਜ ਵਿਚ ਜਾਣ ਤੋਂ ਪਹਿਲਾਂ ਮੈਂ ੧੯੫੩ ਤੋਂ ੧੯੬੦ ਤੱਕ ਰਣਧੀਰ ਹਾਈ ਸਕੂਲ ਕਪੂਰਥਲਾ ਵਿਚ ਪੜ੍ਹਾਉਂਦਾ ਰਿਹਾ ਹਾਂ। ਉਥੋਂ ਦੇ ਕਈ ਪਿੰਡਾਂ ਵਿਚ ਨਾਮਧਾਰੀ ਦਰਬਾਰ ਦੀ ਮਾਨਤਾ ਹੈ। ਮੇਰੇ ਕੋਲ ਇਨ੍ਹਾਂ ਪਿੰਡਾਂ ਦੇ ਕਈ ਵਿਦਿਆਰਥੀ ਪੜ੍ਹੇ ਹਨ ਪਰ ਭਵਾਨੀਪੁਰ ਦਾ ਲਛਮਣ ਦਾਸ ਤੇ ਭਾਨੋ ਲੰਗੇ ਦਾ ਸਵਰਨ ਸਿੰਘ



Namdhari Elibrary NamdhariElibrary@gmail.com

ਮਠਾੜੂ ਮੇਰੇ ਬਹੁਤ ਪਿਆਰੇ ਵਿਦਿਆਰਥੀ ਰਹੇ ਹਨ। ਉਹ ਮੈਨੂੰ ਨਾਭੇ ਮਿਲਣ ਵੀ ਆਉਂਦੇ ਰਹੇ ਹਨ। ਕਪੂਰਥਲੇ ਰਹਿੰਦਿਆਂ ਹੀ ਮੇਰੀ ਪ੍ਰੋ. ਪਿਆਰਾ ਸਿੰਘ ਭੋਗਲ ਨਾਲ ਨੇੜਤਾ ਬਣ ਗਈ ਸੀ। ਭੋਗਲ ਸਾਹਿਬ ਨੇ 'ਵਰਿਆਮ' ਲਈ ਪਿਛੋਂ ਜਹੇ ਲੇਖ ਵੀ ਲਿਖਿਆ ਸੀ ਜਿਸ ਵਿਚ ਉਨ੍ਹਾਂ ਨੇ ਮੇਰੀਆਂ ਛੋਟੇ ਬਹਿਰ ਦੀਆਂ ਗ਼ਜ਼ਲਾਂ ਦੀ ਸ਼ਲਾਘਾ ਕੀਤੀ ਸੀ। ਉਨ੍ਹਾਂ ਨੇ ਦੋ ਗ਼ਜ਼ਲਾਂ 'ਚੋਂ ਇਕ ਇਕ ਸ਼ਿਅਰ ਲਿਆ ਸੀ। ਮੈਂ ਉਹ ਦੋਵੇਂ ਗ਼ਜ਼ਲਾਂ ਪੂਰੀਆਂ ਹੀ ਆਪ ਨੂੰ ਭੇਜ ਰਿਹਾ ਹਾਂ। ਜਦੋਂ ਦਿਲ ਕਰੇ ਛਾਪ ਲੈਣਾ।

ਕੋਈ ਸੇਵਾ ਮੇਰੇ ਲਾਇਕ

*—ਸੁਖਦੇਵ ਸਿੰਘ ਗਰੇਵਾਲ*
*੬੦੯, ਗਰੇਵਾਲ ਹਾਊਸ,*
*ਪਾਂਡੂਸਰ,ਨਾਭਾ-੧੪੭੨੦੧*
*ਫੋਨ-੦੧੭੬੫-੨੨੩੭੨੨*

ਵਰਿਆਮ ਅਗਸਤ ਅੰਕ ਪੜ੍ਹਿਆ, ਅਪੜ੍ਹਿਆ ਲੇਟ ਸੀ ਦੋ ਵਾਰ ਡਾਕੀਏ ਤੋਂ ਪੁਛਿਆ। ਦੇ ਗਿਆ ਗਵਾਂਢੀਆਂ ਦੇ ਘਰ। ਨਵਾਸੀ ਨਾਲ ਪਰ ਮਿਲ ਗਿਆ। ਸੰਪਾਦਕੀ ਪੜ੍ਹਨ ਤੋਂ ਬਾਦ, ਵਿਰਦੀ ਜੀ ਦਾ ਵਿਛੋੜਾ ਦਿਲ ਨੂੰ ਵਲੂੰਦਰ ਗਿਆ। ਸ਼ਹੀਦ ਅਤਰ ਸਿੰਘ ਜੀ ਵਿਰਕ ਜੀ : ਦਾ ਲਿਖਿਆ ਕਈ ਨਵੀਆਂ ਜਾਣਕਾਰੀਆਂ ਦੇ ਗਿਆ। ਵਰਿਆਮ ਸਿੰਘ ਸੰਧੂ ਜੀ ਦਾ (ਧੂੜ ਵਿਚਲੇ ਕਣ) ਆਖਰ ਵਿਚ ਦਿਲ ਨੂੰ ਛੂ ਗਿਆ ਬਹੁਤ ਚੰਗਾ ਲੱਗਾ।

(ਜੇ ਅਸਾਂ ਰੁਸ ਗਏ ਤਾਂ ਮਨਾਊ ਕੌਣ) ਡਾ. ਹਰਸ਼ਿੰਦਰ ਕੌਰ ਉਸ ਡਾਇਰੀ ਦੇ ਪੰਨੇ ਦਿਲਾਂ ਨੂੰ ਸਟ ਮਾਰ ਗਏ। ਅਸਰਦਾਇਕ ਸਨ। ਸੁਰਿੰਦਰ ਮੰਡ ਜੀ ਦਾ ਲਿਖਿਆ ਬਹੁਤ ਚੰਗਾ ਲਗਾ ਏ। ਸਵਾਮੀ ਬ੍ਰਹਮਦੇਵ ਉਦਾਸੀ ਦਾ ਲੇਖ ਪੜ੍ਹਨ ਵਾਲੀ ਚੀਜ਼ ਸੀ। ਓਮ ਪ੍ਰਕਾਸ਼ ਗਾਸੋ ਦਾ ਹੌਲੇ ਤੇ ਮਾਨ ਸਨਮਾਨ ਚੰਗਾ ਲੱਗਾ। ਗੁਰਪ੍ਰੀਤ ਦਾ ਸਤਿਗੁਰੂ ਰਾਮ ਸਿੰਘ ਜੀ ਹਰਭਜਨ ਸਿੰਘ ਬਾਜਵਾ ਦਾ (ਵਿਰਸਾ ਕੌਣ ਸੰਭਾਲੇ) ਵਿਚੋਂ ਬੜਾ ਕੁਝ ਸਿਖਣ ਨੂੰ ਮਿਲਿਆ, ਕਵਿਤਾਵਾਂ ਦੀ ਘਾਟ ਮਹਿਸੂਸ ਹੋਈ। ਮੈਂ ਕਾਮਨਾ ਕਰਦਾਂ ਵਰਿਆਮ ਚੜ੍ਹਦੀ ਕਲਾ ਵਿਚ ਚਲਦਾ ਰਹੇ।

*—ਪੂਰਨ ਸਿੰਘ ਨਿਰਾਲਾ*
*ਮਮੇਰਾਂ ਰੋਡ, ਐਲਨਾਬਾਦ,*
*ਜ਼ਿਲ੍ਹਾ ਸਿਰਸਾ*
*ਮੋ-੯੪੧੬੧-੫੨੧੨੮*

ਤੁਸੀਂ 'ਵਰਿਆਮ' ਵਿਚ ਸਵਾਮੀ ਬ੍ਰਹਮਦੇਵ ਉਦਾਸੀ ਜੀ ਦੇ ਵਿਚਾਰ ਲੜੀਵਾਰ ਛਾਪ ਰਹੇ ਹੋ। ਇਹ ਚੰਗਾ ਉਪਰਾਲਾ ਹੈ। ਗੁਰਬਾਣੀ ਅਤੇ ਅਧਿਆਤਮਕ ਖੇਤਰ ਨੂੰ ਉਦਾਸੀ ਜੀ ਜਿਵੇਂ ਦਸਦੇ/ਸਮਝਾਉਂਦੇ ਹਨ ਵੱਖਰੀ ਤਰ੍ਹਾਂ ਦਾ ਮਾਰਗ ਹੈ-ਸਾਧਾਰਣ ਲੋਕਾਂ ਦੀ ਸਮਝ ਵਿਚ ਸਮਾਉਣ ਵਾਲਾ।

ਜੁਲਾਈ ਅੰਕ ਵਿਚ ਗੁਰਬਖਸ਼ ਸਿੰਘ ਮਠਾੜੂ ਹੋਰਾਂ ਉਸਤਾਦ ਫਤਿਹ ਅਲੀ, ਮੁਬਾਰਕ ਅਲੀ ਅਤੇ ਗੁਲਾਮ ਅਲੀ ਖਾਂ ਬਾਰੇ ਜੋ ਯਾਦਾਂ ਸਾਂਝੀਆਂ ਕੀਤੀਆਂ ਹਨ ਦਿਲਚਸਪ ਤਾਂ ਹਨ, ਇਹਨਾਂ ਕਲਾਕਾਰਾਂ ਦੇ ਗੁਣਾਂ ਨੂੰ ਵੀ ਉਭਾਰਦੀਆਂ ਹਨ। ਅਜਿਹੇ ਗੁਣੀਆਂ ਦੇ ਗੁਣਾਂ ਦਾ ਵਖਾਣ ਜਿੰਨਾਂ ਕੀਤਾ ਜਾਵੇ/ਹੋਵੇ, ਉਨ੍ਹਾਂ ਥੋੜ੍ਹਾ ਹੈ।

ਜੇ ਸੰਭਵ ਹੋ ਸਕੇ ਸਵਾਮੀ ਬ੍ਰਹਮਦੇਵ ਉਦਾਸੀ ਜੀ ਬਾਰੇ, ਉਹਨਾਂ ਦੇ ਲਿਖੇ ਗ੍ਰੰਥਾਂ ਬਾਰੇ ਜਾਣਕਾਰੀ ਦੇਣ ਦੀ ਕ੍ਰਿਪਾਲਤਾ ਕਰਨੀ।

ਇਸ ਵਾਰ ਦੇ ਅੰਕ ਵਿਚ ਵਰਿਆਮ ਸੰਧੂ ਦਾ ਬਿਆਨ....। ਕਿਵੇਂ ਲਿਖ ਲਿਆ ਉਹਨਾਂ?

'ਧਰਤੀ ਹੇਠਲਾ ਬਲਦ' ਕਹਾਣੀ ਮੁੜ ਮੁੜ ਯਾ ਆਉਂਦੀ ਰਹੀ।...

*—ਜਗਤਾਰਜੀਤ ਸਿੰਘ*
*੧੧੮-ਏ, ਪ੍ਰਤਾਪ ਨਗਰ,*
*ਨਵੀਂ ਦਿੱਲੀ-੧੧੦੦੬੪*

ਆਪ ਜੀ ਪਰਚੇ 'ਵਰਿਆਮ ਨੇ ਬਹੁਤ ਤਰੱਕੀ ਕੀਤੀ ਹੈ। ਇਸ ਲਈ ਮੈਂ ਆਪ ਨੂੰ ਦਿਲੋਂ ਵਧਾਈ ਦਿੰਦਾ ਹਾਂ। ਇਸ ਦੀ ਬਾਹਰੀ ਦਿੱਖ (ਗੇਟਅੱਪ) ਤੇ ਅੰਦਰਲੇ ਮੈਟਰ ਵਿਚ ਬਹੁਤ ਸੁਧਾਰ ਆਇਆ ਹੈ। ਇਹ ਆਪ ਜੀ ਦੀ ਕੋਸ਼ਿਸ਼ ਅਤੇ ਆਪ ਜੀ ਦੇ ਯਤਨਾ ਦਾ ਸਦਕਾ ਹੋਇਆ ਹੈ। ਮਾਂ ਬੋਲੀ ਦੀ ਜੋ ਆਪ ਸੇਵਾ ਕਰ ਰਹੇ ਹੋ ਇਸ 'ਤੇ ਸਾਨੂੰ ਮਾਣ ਹੈ।

*ਕਿਰਪਾਲ ਸਿੰਘ ਡਾ.*
*ਚੰਡੀਗੜ੍ਹ*

ਵਰਿਆਮ ਦਾ ਅਗਸਤ ਅੰਕ ਸ. ਜਗਦੀਸ਼ ਸਿੰਘ ਵਰਿਆਮ ਜੀ ਦੀ ਅਜ਼ਾਦੀ ਸੰਗਰਾਮੀਆਂ ਬਾਰੇ ਤਸਵੀਰਾਂ ਤੇ ਮੈਟਰ ਦੀ ਚੋਣ ਬਗਾਵਤ ਦਾ ਬਿਗਲ ਵਜਾਉਂਦੀ ਹੈ। ਉਘੇ ਲੇਖਕ ਵਿਰਦੀ ਜੀ ਦੇ ਵਿਗੋਚੇ ਤੇ ਸੰਪਾਦਕੀ ਟਿੱਪਣੀ ਲੇਖਕ ਲਈ ਸੱਚੀ ਸ਼ਰਧਾਂਜਲੀ ਹੈ। ਸ. ਵਰਿਆਮ ਸਿੰਘ ਸੰਧੂ ਦਾ ਲੇਖ ਧੂੜ ਵਿਚਲੇ ਕਣ ਵਿਚ ਆਪਣੇ ਸਤਿਕਾਰਯੋਗ ਮਾਤਾ ਜੀ ਦਾ ਗਲਪਕਾਰੀ ਤੇ ਸੰਘਰਸ਼ੀ ਸੁਭਾਅ ਵਰਿਆਮ ਲਈ ਲੇਖਕ ਪ੍ਰੇਰਨਾ ਸਰੋਤ ਬਣਿਆ ਹੋਣ ਕਰਕੇ ਮੈਨੂੰ ਮੇਰੀ ਆਪਣੀ ਰੱਬ ਵਰਗੀ ਮਾਂ ਚੇਤੇ ਆ ਗਈ ਕਿਉਂਕਿ ਮੈਂ ਵੀ ਸੁਰ ਸਿੰਘ ਵਿਖੇ ਹੀ ਸਕੂਲੇ ਪੜ੍ਹਨਾ ਸ਼ੁਰੂ ਕੀਤਾ ਸੀ ਤੇ ਮਾਂ ਲੱਜਿਆ ਕੌਰ ਨੇ ਮੈਨੂੰ ੳ. ਅ. ੲ ਸਿਖਾ ਕੇ ਮਾਤ ਭਾਸ਼ਾ ਪੰਜਾਬੀ ਦੇ ਸੰਘਰਸ਼ ਲਈ ਸਮੇਂ ਦੇ ਭ੍ਰਿਸ਼ਟ ਹਾਕਮਾਂ ਨਾਲ ਆਢਾ ਲਾਉਣ ਦੀ ਹਿੰਮਤ ਤੇ ਸੋਝੀ ਬਖਸ਼ੀ। ਸ. ਹਰਭਜਨ ਸਿੰਘ ਬਾਜਵਾ ਮਿੱਤਰ ਦਾ ਫੋਟੋ ਫੀਚਰ 'ਏਥੇ ਜਿਊਂਦਿਆਂ ਨੂੰ ਕੋਈ ਨਹੀਂ ਸੰਭਾਲਦਾ ਮਰਿਆਂ ਦਾ ਵਿਰਸਾ ਕੌਣ ਸੰਭਾਲੇ' ਵਧੀਆ ਲੇਖ ਜਿਸ ਵਿਚ ਸ਼ੇਖਸਪੀਅਰ ਤੇ ਲੰਡਨ ਦੀ ਪਹਿਲੀ ਪੰਜਾਬੀ ਵਿਸ਼ਵ ਕਾਨਫਰੰਸ ਦਾ ਜ਼ਿਕਰ ਹੈ।

*—ਕੁਲਦੀਪ ਸਿੰਘ ਪੱਟੀ*
*੬੪੪ ਮੋਰੀ ਮਹੱਲਾ ਬਹਾਦਰਪੁਰ*
*ਹੁਸ਼ਿਆਰਪੁਰ*

ਵਰਿਆਮ ਹਰ ਮਹੀਨੇ ਮੇਰੇ ਦਰਾਂ 'ਤੇ ਆਕੇ ਮਹਿਕਾਂ ਵਿਖੇਰ ਜਾਂਦਾ ਹੈ। ਹਰ ਰਚਨਾ ਕੁਝ ਨਾ ਕੁਝ ਮਿਲਦਾ ਹੈ, ਕੋਈ ਨਾ ਕੋਈ ਜਾਣਕਾਰੀ ਜ਼ਰੂਰ ਹਾਸਿਲ ਹੁੰਦੀ ਹੈ। ਖੁਦਾ ਕਰੇ ਕਿ ਤੁਸੀਂ ਏਥੇ ਤਰ੍ਹਾਂ ਹੀ ਹਰਫ਼ਾਂ ਦੇ ਚਿਰਾਗ ਜਗਾਉਂਦੇ ਰਹੋ।

*-ਤ੍ਰੈਲੋਚਨ ਲੋਚੀ*
*ਲੁਧਿਆਣਾ*
*ਮੋਬ ੯੮੧੪੨-੫੩੩੧੫*



Namdhari Elibrary NamdhariElibrary@gmail.com

Gram : 'Sniper'

Hello : 431367

Reputed Manufacturers of :

# Superior Quality

## SINGLE BARREL

## &

## DOUBLE BARREL

B.L.–12 Bore

# GUNS

# MODERN GUN WORKS

OPP. : INDUSTRIAL ESTATE,

JAMMU CANTT.



Namdhari Elibrary NamdhariElibrary@gmail.com



ਉਸਤਾਦ ਹਰਭਜਨ ਸਿੰਘ ਤੇ ਸਾਥੀਆਂ ਦੁਆਰਾ
ਧਰੁਪਦ ਗਾਇਣ

ਵਰਿਆਮ ਦੇ ਪਰਮ ਸਨੇਹੀ ਜਥੇਦਾਰ ਨਿਰੰਜਨ ਸਿੰਘ ਕੰਗ ਟਮਕੌਦੀ (ਲੁਧਿਆਣਾ) ਦੇ ਸਪੁੱਤਰ ਸ. ਜਗਮੋਹਨ ਸਿੰਘ ਦਾ ਸ਼ੁਭ ਅਨੰਦ ਕਾਰਜ ਮਿਤੀ ੨੯ ਅਪ੍ਰੈਲ ੨੦੧੧ ਨੂੰ ਬੀਬੀ ਦਵਿੰਦਰ ਕੌਰ ਸਪੁੱਤਰੀ ਪ੍ਰਧਾਨ ਬਲਵਿੰਦਰ ਸਿੰਘ ਪਿੰਡ ਚੱਕ ਯਾਕੂਬ (ਗੁਰਦਾਸਪੁਰ) ਨਾਲ ਸ੍ਰੀ ਭੈਣੀ ਸਾਹਿਬ ਵਿਖੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਜ਼ੂਰੀ ਵਿਚ ਹੋਇਆ।





੭ ਅਗਸਤ ੨੦੧੧ ਨੂੰ ਸੰਤ ਨਾਮਦੇਵ ਫੈਡਰੇਸ਼ਨ ਪੰਜਾਬ ਵੱਲੋਂ ਬਾਬਾ ਨਾਮਦੇਵ ਭਵਨ ਜਲੰਧਰ ਵਿਚ ਸਵ. ਰਣਜੀਤ ਸਿੰਘ ਖੜਗ ਦੀ ਕਾਵਿ ਪੁਸਤਕ ਸੁਚੇ ਮੋਤੀ ਤੇ ਇਕ ਭਰਵੀਂ ਗੋਸ਼ਟੀ ਹੋਈ ਇਸ ਸਮੇਂ ਦੀ ਤਸਵੀਰ ਵਿਚ ਮੰਚ ਸੰਚਾਲਕ ਕਰਨੈਲ ਸਿੰਘ ਨਿੱਝਰ, ਪ੍ਰਧਾਨਗੀ ਮੰਚ ਤੇ ਕੁਲਦੀਪ ਸਿੰਘ ਬੇਦੀ, ਜਗਦੀਸ਼ ਸਿੰਘ ਵਰਿਆਮ, ਪ੍ਰੋ. ਪਿਆਰਾ ਸਿੰਘ ਭੋਗਲ, ਸ. ਬੇਅੰਤ ਸਿੰਘ ਸਰਹੱਦੀ, ਗੁਰਬਚਨ ਸਿੰਘ ਰਖਰਾ, ਸ੍ਰੀ ਮਨੋਹਰ ਲਾਲ ਅਤੇ ਇੰਜ. ਕਰਮਜੀਤ ਸਿੰਘ

Namdhari Elibrary NamdhariElibrary@gmail.com

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75
September 2011

Reliable Performance




Consistence Performers, Suited to all market needs with high yield, quality & disease resistant.

NAMDHARI SEEDS PVT. LTD.
Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel.: 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-

Namdhari Elibrary NamdhariElibrary@gmail.com